੩੩ਵਾਂ ਸਾਲ

# ਵਰਿਆਮ

ਫਰਵਰੀ ੨੦੦੯



ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਪ੍ਰਕਾਸ਼ ੩ ਫਰਵਰੀ ੧੮੧੬ ਈ.

ਬਸੰਤ ਪੰਚਮੀ ੧੮੭੩ ਬਿ.

20/-

Namdhari Elibrary NamdhariElibrary@gmail.com



ਯਾਦਗਾਰੀ ਪਲ : ਬੀਬੀ ਜਸਪਾਲ ਕੌਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਸਨਮਾਨ ਪ੍ਰਾਪਤ ਕਰਦੇ ਹੋਏ।



**ਬੀਬੀ ਜਸਪਾਲ ਕੌਰ ਜੀ**

ਧਰਮਪਤੀ ਪ੍ਰੋ. ਤਾਰਾ ਸਿੰਘ ਅਨਜਾਣ
ਜੋ ੧੧ ਜਨਵਰੀ ੨੦੦੯ ਨੂੰ ਆਪਣੀ
ਸਫ਼ਲ ਸੰਸਾਰ ਯਾਤਰਾ ਸੰਪੂਰਨ ਕਰ ਗਏ।

Namdhari Elibrary NamdhariElibrary@gmail.com

# ਵਰਿਆਮ

ਫਰਵਰੀ - ੨੦੦੯

ਜਿਲਦ-੩੪

ਅੰਕ- ੪



ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-:੦੧੮੧- ੨੨੨੨੫੪੩ | Ph. :0181-2222543 (O) |
| ਘਰ : ੦੧੮੧-੨੪੫੬੨੮੯ | 0181-2456289 (R) |

e-mail 'monthlywariam@yahoo.com'


**ਵਰਿਆਮ ਦੇ ਦਰ**

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਇਹ ਅੰਕ—*ਜਗਦੀਸ਼ ਸਿੰਘ ਵਰਿਆਮ* ------- ੨

ਬੀਬੀ ਜਸਪਾਲ ਕੌਰ ਦੀ ਯਾਦ ਵਿਚ —*ਜਗਦੀਸ਼ ਸਿੰਘ ਵਰਿਆਮ* ----- ੩

ਖੰਡਾਂ-ਬ੍ਰਹਿਮੰਡਾਂ ਦਾ ਮਾਲਕ —ਸਤਿਗੁਰੂ ਰਾਮ ਸਿੰਘ —*ਸੁਵਰਨ ਸਿੰਘ ਵਿਰਕ* - ੫

ਸਿੰਘ ਕੂਕਿਓਂ ਕੀ ਕਥਾ —*ਗਿਆਨੀ ਗਿਆਨੀ ਸਿੰਘ* --------- ੯

ਚੋਣਵੇਂ ਪੰਜਾਬੀ ਸ਼ਿਅਰ —*ਚਰਨ ਸੀਚੇਵਾਲਵੀ* -- ੨੧

ਦੋ ਗ਼ਜ਼ਲਾਂ —*ਮਹਿਮਾ ਸਿੰਘ ਤੂਰ* --------- ੨੨

ਦੋ ਮੌਲਿਕ ਰਚਨਾਵਾਂ —*ਵਿਨੋਦ ਖੁਰਾਨਾ* ------ ੨੨

"ਔਰਤ ਦਾ ਆਪਾ"—*ਸੁਰਜੀਤ ਸਿੰਘ ਜੀਤ* --- ੨੩

'ਵੂੱਲ'—*ਜਸਪਾਲ 'ਜ਼ੀਰਵੀ'* ------------ ੨੩

ਗੀਤ —*ਇੰਦਰਜੀਤ ਹਸਨਪੁਰੀ* ---------- ੨੩

ਪੁਰਾਣੇ ਤੋਂ ਨਵੇਂ ਤੱਕ —*ਹਰਭਜਨ ਸਿੰਘ ਬਾਜਵਾ* --------- ੨੪

ਗ਼ਜ਼ਲ —*ਡੀ. ਆਰ. ਧਵਨ* ------------ ੨੪

ਨਾਮਧਾਰੀ ਲਹਿਰ ਦਾ ਖਾਸਾ —*ਅਰਜਨ ਸਿੰਘ ਗੜਗਜ* --------- ੨੬

ਸਭ ਤੋਂ ਵੱਡਾ ਸਾਟੀਫਿਟਕ —*ਸਾਧੂ ਸਿੰਘ ਕਿਸਾਨ* ------------ ੨੯

ਸ਼੍ਰੋਮਣੀ ਕਮੇਟੀ ਜਾਂ ਸਿੱਖ ਧਰਮ —*ਤਰਲੋਚਨ ਸਿੰਘ ਐਮ. ਪੀ.* ------- ੩੩

ਰੁੱਤ ਬਸੰਤ ਹੈ ਆਈ! —*ਬਲਦੇਵ ਮਾਧੋਪੁਰੀ* ------------- ੩੪

"ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ" ਇਕ ਦਸਤਾਵੇਜ਼ੀ ਪੁਸਤਕ — *ਡਾ. ਮਨਜੀਤ ਸਿੰਘ* ---------- ੩੬

ਖ਼ਬਰਨਾਮਾ ----------------------------- ੪੦

ਪ੍ਰਤੀਕਿਰਿਆ ---------------------------- ੪੪





Namdhari Elibrary NamdhariElibrary@gmail.com

# ਇਹ ਅੰਕ

ਇਸ ਵਾਰ ਮੁਖ ਪੰਨੇ ਤੇ ਸਤਿਗੁਰੂ ਰਾਮ ਸਿਘ ਦੀ ਤਸਵੀਰ ਸ਼ਸ਼ੋਭਿਤ ਹੈ। ਸਤਿਗੁਰੂ ਰਾਮ ਸਿੰਘ ਬਾਰੇ ਇਕ ਦੋਹਾ ਕਵੀ ਬਾਬਾ ਧਿਆਨ ਸਿੰਘ ਦਾ ਪ੍ਰਸਿਧ ਹੈ।

ਰਾਮ ਕਹਿਤ ਚਿਤ ਸ਼ਾਂਤ ਹੋਇ ਸਿੰਘ ਕਹਿਤ ਭੈ ਹਾਨ ਤਾਂ ਤੇ ਨਿਤ ਨਿਤ ਸਿਮਰੀਐ ਰਾਮ ਸਿੰਘ ਭਗਵਾਨ

ਸਤਿਗੁਰੂ ਰਾਮ ਸਿੰਘ ਦਾ ਨਾਮ ਯਾਦ ਆਉਂਦਿਆਂ ਹੀ ਸਿਮਰਨ, ਸੇਵਾ, ਸੁਛਤਾ, ਸ਼ਾਂਤੀ, ਸੱਚ ਅਹਿਸਾ ਅਤੇ ਪਿਆਰ ਦਾ ਸੰਕਲਪ ਸਾਹਮਣੇ ਆ ਜਾਂਦਾ ਹੈ। ਇਸ ਦੇ ਨਾਲ ਹੀ ਬਲੀਦਾਨ, ਸ਼ਹਾਦਤਾਂ ਜਲਾਵਤਨੀਆਂ ਵਿਛੋੜਾ, ਬਿਰਹਾ ਅਤੇ ਮਸਤਾਨਗੀ ਦੀ ਤਸਵੀਰ ਵੀ ਉਭਰਦੀ ਹੈ। ਇਨਕਲਾਬ ਦੀ ਦੇਗ ਵਿਚ ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਪੈਰੋਕਾਰਾਂ ਨੇ ਉਬਾਲੇ ਖਾ ਕੇ ਸ਼ਾਨਦਾਰ ਇਤਿਹਾਸ ਸਿਰਜਿਆ ਹੈ। ਇਤਿਹਾਸ ਜੋ ਲੰਬਾ ਸਮਾਂ ਦਬਾਅ ਕੇ ਰੱਖਿਆ ਗਿਆ, ਆਪਣਿਆਂ ਵੱਲੋਂ ਅਤੇ ਬੇਗਾਨਿਆਂ ਵੱਲੋਂ। ਪਰ ਇਹ ਇਤਿਹਾਸ ਆਪਣੇ ਸੱਚ ਕਰ ਕੇ ਆਪਣੀ ਪਵਿੱਤਰਤਾ ਕਰਕੇ ਅਤੇ ਇਸ ਦੇ ਰਚਨਹਾਰਿਆਂ ਦੀ ਕੁਰਬਾਨੀ ਸਦਕਾ ਨਿਤ ਨਵੀਂ ਚਮਕ ਨਾਲ ਪ੍ਰਕਾਸ਼ਮਾਨ ਹੋ ਰਿਹਾ ਹੈ। ਗੁਰੂ ਰਾਮ ਸਿੰਘ ਦਾ ਪ੍ਰਕਾਸ਼ ਸੂਰਜ ਵਾਂਗ ਹੈ ਜੋ ਕੁਝ ਸਮੇਂ ਵਾਸਤੇ ਤਾਂ ਭਾਵੇਂ ਲੁਕਾਇਆ ਜਾ ਸਕੇ ਪਰ ਉਸ ਦਾ ਤਪਤੇਜ ਸਭ ਅੰਧਕਾਰਾਂ ਨੂੰ ਮਿਟਾ ਦਿੰਦਾ ਹੈ। ਦਿਨੋਂ ਦਿਨ ਇਸ ਇਤਿਹਾਸ ਦੇ ਨਵੇਂ ਵਰਕੇ ਸਾਹਮਣੇ ਆ ਰਹੇ ਹਨ ਅਤੇ ਆਂਦੇ ਹੀ ਰਹਿਣਗੇ। ਵੱਖ-ਵੱਖ ਇਤਿਹਾਸਕਾਰਾਂ, ਲੇਖਕਾਂ ਨੇ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਪੈਰੋਕਾਰਾਂ ਨਾਮਧਾਰੀਆਂ ਅਧਵਾ ਕੂਕਿਆਂ ਦੀ ਗਾਥਾ ਬਿਆਨ ਕੀਤੀ ਹੈ। ਇਸ ਅੰਕ ਵਿਚ ਬਹੁਤ ਸਾਰੇ ਲੇਖ ਵੱਖ-ਵੱਖ ਰੂਪ ਵਿੱਚ ਵੀ ਸੰਪਾਦਕੀ ਲੇਖਾਂ ਦੀ ਹੈਸੀਅਤ ਰਖਦੇ ਹਨ। ਪਰ ਇਸ ਵਾਰ ਅਸੀਂ ਮੁੱਖ ਰੂਪ ਵਿਚ ਪ੍ਰਸਿਧ ਸਿੱਖ ਇਤਿਹਾਸਕਾਰ, ਨਿਰਮਲ ਪੰਥ ਭੂਸ਼ਣ, ਗਿਆਨੀ ਗਿਆਨ ਸਿੰਘ ਜੀ ਵੱਲੋਂ ਆਪਣੀ ਮਹਾਨ ਰਚਨਾ ਪੰਥ ਪ੍ਰਕਾਸ਼ ਵਿਚ ਦਰਜ ਨਾਮਧਾਰੀ ਕੂਕਾ ਪੰਥ ਅਤੇ ਸਤਿਗੁਰੂ ਰਾਮ ਸਿੰਘ ਬਾਰੇ ਦਰਜ ੨੮ ਕਬਿਤ ਛਾਪ ਦਿੱਤੇ ਹਨ।

ਇਹ ਕਬਿਤ ਬ੍ਰਿਜ ਭਾਸ਼ਾ ਵਿਚ ਹਨ ਇਸ ਲਈ ਆਮ ਪਾਠਕ ਲਈ ਇਸ ਦਾ ਪੰਜਾਬੀ ਅਨੁਵਾਦ ਰੂਪ ਵੀ ਛਾਪ ਦਿੱਤਾ ਹੈ। ਇਹ ਕੇਵਲ ਅਨੁਵਾਦ ਹੈ ਵਿਆਖਿਆ ਨਹੀਂ। ਆਸ ਹੈ ਪਾਨਕ ਪਸੰਦ ਕਰਣਗੇ। ਇਹਨਾਂ ਕਬਿਤਾਂ ਵਿਚ ਆਪਣੀ ਮਰਜ਼ੀ ਨਾਲ ਵੱਖ-ਵੱਖ ਸਮਿਆਂ ਵਿਚ ਕੱਟ ਵੱਢ ਹੁੰਦੀ ਰਹੀ ਹੈ। ਇਸ ਵਾਸਤੇ ਇਹ ਕਬਿਤ ਅਤੇ ਗਿਆਨੀ ਜੀ ਦੀ ਹੋਰ ਸਮਗਰੀ ਵੀ ਛਾਪ ਰਹੇ ਹਾਂ ਤਾਂ ਕਿ ਇਕ ਥਾਂ ਇਕਠੀ ਰਹੇ। ਇਹਨਾਂ ਕਬਿਤਾਂ ਦਾ ਅੰਗਰੇਜ਼ੀ ਅਨੁਵਾਦ ਤਾਂ ਪਹਿਲਾਂ ਸਤਿਜੁਗ ਵੱਲੋਂ ਪ੍ਰਕਾਸ਼ਤ ਹੋ ਚੁੱਕਾ ਹੈ। ਪਰ ਪੰਜਾਬੀ ਵਿਚ ਪਹਿਲੀ ਵਾਰ ਇਕੋ ਥਾਂ ਹੈ।

ਨਵੰਬਰ ੨੦੦੮ ਅੰਕ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਮਰਪਿਤ ਸੀ। ਉਹ ਅੰਕ ਪਾਠਕਾਂ ਨੂੰ ਬਹੁਤ ਪਸੰਦ ਆਇਆ ਸੀ। ਉਸ ਅੰਕ ਦੇ ਛਪਣ ਬਾਦ ਕੁਝ ਕੁ ਮਿਸੇ ਮਿਸੇ ਅਤੇ ਮਿਠੇ-ਮਿਠੇ ਹਨੋਰੇ ਵੀ ਆਏ ਸੀ ਕਿ ਉਹਨਾਂ ਨੂੰ ਵੇਲੇ ਸਿਰ ਦਸਿਆ ਨਹੀਂ ਸੀ ਗਿਆ। ਪਹਿਲੀ ਗੱਲ ਤਾਂ ਇਹ ਹੈ ਕਿ ਜੋ ਕੋਈ ਕੰਮ ਕਰੇਗਾ, ਉਹੀ ਗਲਤੀ ਕਰੇਗਾ। ਸੋ ਭਲੇ ਪੁਰਸ਼ ਇਹ ਗਲਤੀਆਂ ਮਾਫ ਕਰ ਹੀ ਦਿੰਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰਤਾ ਅਰਧ ਸ਼ਤਾਬਦੀ ਤਾਂ ਸਾਰਾ ਸਾਲ ਰਹਿਣੀ ਹੈ। ਉਸ ਵਾਸਤੇ ਆਪਣੀ ਭਾਵਨਾਵਾਂ ਇਸ਼ਤਿਹਾਰ ਰੂਪ ਵਿਚ ਕਦੇ ਵੀ ਭੇਜੀਆਂ ਜਾ ਸਕਦੀਆਂ ਹਨ। ਇਹ ਗੱਲ ਪਾਠਕ ਧਿਆਨ ਵਿਚ ਰੱਖਣ ਕੇ ਰੰਗਦਾਰ ਛਪਾਈ ਵਧੀਆ ਆਰਟ ਪੇਪਰ ਤੇ ਨਿਖਰਦੀ ਹੈ ਅਤੇ ਇਸ ਵਾਸਤੇ ਖਰਚਾ ਵੀ ਬਹੁਤ ਹੁੰਦਾ ਹੈ। ਪਿਛਲਾ ਅੰਕ ਵੀ ਇਸ ਕਰ ਕੇ ਛੱਪ ਕੇ ਨਾਮਣਾ ਖੱਟ ਗਿਆ ਹੈ ਕਿਉਂਕਿ ਕੁਝ ਵਰਿਆਮ ਦੇ ਸਰਪ੍ਰਸਤ ਗੁਪਤ ਰਹਿ ਕੇ ਇਸ ਕਾਰਜ ਵਿਚ ਮਦਦ ਕਰ ਗਏ ਅਤੇ ਆਪਣਾ ਨਾਮ ਵੀ ਜ਼ਾਹਿਰ ਨਹੀਂ ਕੀਤਾ ਅਤੇ ਨਾ ਕੋਈ ਇਤਰਾਜ਼ ਭੇਜਿਆ। ਬਾਕੀ ਅਸੀਂ ਨਾਚੀਜ਼ ਬੰਦੇ ਕਿੰਨਾ ਕੁ ਕਰ ਸਕਦੇ ਹਾਂ।

ਗੁਰ ਕੋ ਜਸ ਹੈ ਸੈਲ ਨਿਬਾਤੇ ।  
ਮੈਂ ਚੀਟੀ ਕਿਆ ਚੁਕ ਹੋਂ ਤਾਤੇ।  
ਪ੍ਰਭਕੋ ਜਸ ਹੇ ਸਿੰਧ ਮਹਾਨੇ।  
ਮੀਨ ਦੀਨ ਮਤ ਕਿਆ ਗਤਿ ਜਾਨੇ। (ਬਾਬਾ ਧਿਆਨ ਸਿੰਘ)

*(ਗੁਰੂ ਜੱਸ ਮਿਸ਼ਰੀ ਦਾ ਪਹਾੜ ਹੈ। ਮੈਂ ਕੀੜੀ ਉਸ ਤੋਂ ਕੀ ਚੁੱਕ ਸਕਦੀ ਹਾਂ। ਪ੍ਰਭੂ ਦਾ ਜੱਸ ਮਹਾਨ ਸਾਗਰ ਹੈ। ਗਰੀਬ ਮਛਲੀ ਉਸ ਦੀ ਕੀ ਗਤੀ ਜਾਣ ਸਕਦੀ ਹੈ।)*

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਬੀਬੀ ਜਸਪਾਲ ਕੌਰ ਦੀ ਯਾਦ ਵਿਚ

ਬੀਬੀ—ਭੈਣ—ਮਾਤਾ—ਲੇਖਕਾ—ਅਨੁਵਾਦਕਾ—ਅਧਿਆਪਕਾ ਅਤੇ ਪ੍ਰਸਿੱਧ ਪੱਤਰਕਾਰ—ਲੇਖਕ—ਸਤਿਜੁਗ ਦੇ ਸੰਪਾਦਕ-ਪੰਜਾਬੀ ਲਈ ਸੰਘਰਸ਼ਸ਼ੀਲ-ਅਧਿਆਪਕ ਪ੍ਰੋ. ਤਾਰਾ ਸਿੰਘ ਅਨਜਾਣ ਜੀ ਦੀ ਜੀਵਨ ਸਾਥਣ, ਜਸਪਾਲ ਕੌਰ ਜੀ-ਆਪਣੀ ੬੩ ਸਾਲ ਦੀ ਸੰਸਾਰ ਯਾਤਰਾ ਐਤਵਾਰ ੧੧ ਜਨਵਰੀ ੨੦੦੯ ਦੇ ਸ਼ੁਰੂ ਹੁੰਦਿਆਂ ਹੀ ਪੂਰੀ ਕਰ ਗਏ ਹਨ।

ਇਸ ੬੩ ਸਾਲ ਦੀ ਆਯੂ ਦਾ ਸਮਾਂ ਆਪ ਦਾ ਸਦਾ ਸੰਘਰਸ਼ ਭਰਿਆ ਰਿਹਾ। ਸਾਰੀ ਉਮਰ ਹੀ ਸ਼ਬਦਾਂ ਦੇ ਸੰਗ ਵਿਚ ਬੀਤਿਆ। ਪਹਿਲਾਂ ਪੜ੍ਹਨਾ ਬਾਦ ਵਿਚ ਪੜ੍ਹਾਉਣਾ ਲਿਖਣਾ ਅਤੇ ਅਨੁਵਾਦ ਕਰਨਾ। ਆਪਣੀ ਹਯਾਤੀ ਦੇ ਆਖਰੀ ਛੇ ਸਤ ਸਾਲ ਉਹਨਾਂ ਨੇ ਉਹ ਮਿਸਾਲੀ ਸੰਘਰਸ਼ ਕੀਤਾ ਜਿਸ ਤੋਂ ਵੱਡੇ ਵੱਡੇ ਕੰਬ ਜਾਂਦੇ ਹਨ (ਅਤੇ ਆਮ ਲੋਕ ਪ੍ਰੇਰਣਾ ਵੀ ਲੈ ਸਕਦੇ ਹਨ) ਗੁਰਦੇ ਦੇ ਨੁਕਸ ਕਾਰਨ ਓਹਨਾਂ ਨੂੰ ਨਿਤ ਡਾਇਲੈਸਿਸ ਕਰਨਾ ਪੈਂਦਾ ਸੀ ਅਤੇ ਉਹ ਆਪ ਹੀ ਕਰਦੇ ਸਨ। ਥੋਹੜਾ ਬਹੁਤਾ ਸਹਿਯੋਗ ਵੀ ਲੈਂਦੇ ਹੋਣਗੇ ਪਰ ਰੋਜ਼ ਲਗਾਤਾਰ ਇਹ ਕਾਰਜ ਖੁਦ ਕਰਨਾ ਉਹਨਾਂ ਦੀ ਆਤਮਾ ਦੀ ਮਜ਼ਬੂਤੀ ਦਾ ਲਖਾਇਕ ਹੈ। ਅਸੀਂ ਲੋਕ ਛੋਟੇ ਮੋਟੇ ਜ਼ੁਕਾਮ ਜਾਂ ਬੁਖਾਰ ਦੀਆਂ ਕਹਾਣੀਆਂ ਲੋਕਾਂ ਨੂੰ ਪਾ ਪਾ ਹਮਦਰਦੀ ਲਭਦੇ ਹਾਂ ਪਰ ਭੈਣ ਜਸਪਾਲ ਕੌਰ ਜੀ ਨੇ ਕਦੇ ਇਸ਼ਾਰੇ ਨਾਲ ਵੀ ਆਪਣੇ ਦੁੱਖ ਦਾ ਇਜ਼ਹਾਰ ਨਹੀਂ ਸੀ ਕੀਤਾ। ਇਸੇ ਤਰ੍ਹਾਂ ਹੀ ਉਹ ਬੱਚੀਆਂ ਨੂੰ ਪੜ੍ਹਾਉਂਦੇ ਵੀ ਰਹੇ ਅਤੇ ਹੋਰ ਕਾਰਜ ਵੀ ਕਰਦੇ ਰਹੇ। ਯਾਤਰਾ ਵੀ ਕਰਦੇ ਰਹੇ ਅਤੇ ਗੁਰੂ ਦਰਸ਼ਨਾਂ ਲਈ ਵੀ ਭੈਣੀ ਸਾਹਿਬ ਆਉਂਦੇ ਰਹੇ। ਪਛਾਣ ਵਜੋਂ ਤਾਂ ਉਹਨਾਂ ਦਾ ਪ੍ਰੋ. ਤਾਰਾ ਸਿੰਘ ਅਨਜਾਣ ਦੀ ਅਰਧਾਂਗਣੀ ਹੋਣਾ ਹੀ ਕਾਫੀ ਸੀ ਕਿਉਂਕਿ ਅਨਜਾਣ ਜੀ ਆਪ ਪ੍ਰਸਿੱਧ ਹਸਤੀ ਹਨ ਪਰ ਬੀਬੀ ਜੀ ਆਜ਼ਾਦ ਵਖਰੇ ਤੌਰ ਤੇ ਵੀ ਆਪਣੀ ਹਸਤੀ ਅਤੇ ਆਭਾ ਰੱਖਦੇ ਸਨ। ਬੀਬੀ ਜੀ, ਸਪੁੱਤਰੀ ਵੀ ਪ੍ਰਸਿੱਧ ਲੇਖਕ, ਕਵੀ ਅਤੇ ਚਿੱਤਰਕਾਰ ਸ. ਨਿਰੰਜਨ ਸਿੰਘ ਜਯੋਤੀ ਦੀ ਸਨ। ਉਹ ੧੯੬੭ ਤੋਂ ੨੦੦੫ ਤਕ ੩੮ ਸਾਲ ਭਵਾਨੀ ਅਤੇ ਦਿੱਲੀ ਦੇ ਸਰਕਾਰੀ ਸਕੂਲਾਂ ਵਿਚ ਬੱਚੀਆਂ ਨੂੰ ਪੜ੍ਹਾਉਂਦੇ ਰਹੇ। ਚੌਦਾਂ ਸਾਲ ਦੀ ਉਮਰ ਤੋਂ ਹੀ ਉਹਨਾਂ ਦੀਆਂ ਰਚਨਾਵਾਂ ਸਤਿਜੁਗ ਵਿਚ ਛੱਪਣ ਲੱਗ ਪਈਆਂ ਸਨ। ਆਪਣੇ ਅਨੰਦ ਕਾਰਜ ਤੋਂ ਬਾਦ ਉਹਨਾਂ ਨੇ ਬੀ. ਏ, ਬੀ. ਐਡ ਅਤੇ ਐਮ. ਏ (ਪੰਜਾਬੀ) ਕੀਤੀ। ਉਹਨਾਂ ਦੇ ਲੇਖ ਦਿੱਲੀ ਦੀਆਂ ਸਰਕਾਰੀ ਪਾਠ ਪੁਸਤਕਾਂ ਵਿਚ ਵੀ ਛੱਪੇ। ਪ੍ਰਾਇਮਰੀ ਜਮਾਤਾਂ ਵਾਸਤੇ 'ਮੌਲਸਰੀ' ਨਾਮ ਦੀ ਸੀਰੀਜ਼ ਵੀ ਉਹਨਾਂ ਦੀ ਪ੍ਰਕਾਸ਼ਤ ਹੁੰਦੀ ਰਹੀ। ਸਕੂਲ ਵਿਚ ਦਸਵੀਂ ਅਤੇ ਬਾਰ੍ਹਵੀਂ ਜਮਾਤਾਂ ਦੇ ਸੌ ਪ੍ਰਤੀਸ਼ਤ ਨਤੀਜੇ, ਭਾਵ ਸਾਰੇ ਦੇ ਸਾਰੇ ਵਿਦਿਆਰਥੀ ਪਾਸ ਹੋਣ ਕਾਰਨ ਦਿੱਲੀ ਸਰਕਾਰ ਵਲੋਂ ਪੁਰਸਕਾਰ ਵੀ ਦਿੱਤੇ ਗਏ। ਪੰਜਾਬੀ ਅਕਾਡਮੀ ਦਿੱਲੀ ਵਲੋਂ ਵੀ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ।

ਉਹ ਪ੍ਰੋ. ਅਨਜਾਣ ਜੀ ਦੀਆਂ ਬਹੁਤੀਆਂ ਪੁਸਤਕਾਂ ਦੀ ਪਹਿਲੀ ਪਾਠਕਾ ਵੀ ਸਨ। ਉਹ ਅਧਿਆਪਕ ਨੇਤਾ ਵੀ ਸਨ। ਅਨੁਵਾਦ ਦੇ ਖੇਤਰ ਵਿਚ ਉਹਨਾਂ ਪ੍ਰਸਿੱਧ ਨਾਮਧਾਰੀ ਵਿਦਵਾਨ ਸਵ. ਸੰਤ ਨਿਧਾਨ ਸਿੰਘ ਆਲਮ ਦੀਆਂ ਪੁਸਤਕਾਂ, 'ਸਿੱਖ ਧਰਮ ਤੇ ਮਾਸ' ਅਤੇ 'ਨਾਮਧਾਰੀ ਸਿਧਾਂਤ ਦਰਸ਼ਨ' ਦਾ ਹਿੰਦੀ ਅਨੁਵਾਦ ਕੀਤਾ ਜੋ ਨਾਮਧਾਰੀ ਦਰਬਾਰ ਵਲੋਂ ਪ੍ਰਕਾਸ਼ਤ ਹੋਈਆਂ। ਦਰਬਾਰ ਵਲੋਂ ਪ੍ਰਕਾਸ਼ਤ ਹੋਰ ਪੁਸਤਕ ਸ਼ਹੀਦ ਲਹਿਣਾ ਸਿੰਘ ਦਾ ਹਿੰਦੀ ਅਨੁਵਾਦ ਵੀ ਬੀਬੀ ਜੀ ਨੇ ਹੀ ਕੀਤਾ। ਇਸ ਕਾਰਜ ਕਰ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਆਪ ਨੂੰ ਸਾਲ ੨੦੦੮ ਦਾ ਸ਼ਹੀਦ ਲਹਿਣਾ ਸਿੰਘ ਅਵਾਰਡ ਅਨਜਾਣ ਜੀ ਦੇ ਨਾਲ ਸਾਂਝੇ ਤੌਰ ਤੇ ਦਿੱਤਾ ਗਿਆ।

ਆਪਣੇ ਬੱਚਿਆਂ ਦਾ ਭਵਿੱਖ ਬਨਾਉਣ ਵਿਚ ਜ਼ਿਆਦਾ ਹੱਥ ਬੀਬੀ ਜੀ ਦਾ ਹੈ ਇਹ ਗੱਲ ਅਨਜਾਣ ਜੀ ਮੰਨਦੇ ਹਨ। ਆਪ ਦੇ ਦੋ ਸਪੁੱਤਰ ਹਨ ਦੋਵੇਂ ਹੀ ਵੱਡੇ ਇੰਨਜੀਨੀਅਰ ਹਨ। ਵੱਡਾ ਭਾਰਤ ਵਿਚ ਬਹੁਤ ਵੱਡੀਆਂ ਕੰਪਨੀਆਂ ਨਾਲ ਸੰਬੰਧਤ ਸਿਵਲ ਇੰਨਜੀਨਅਰ ਅਤੇ ਛੋਟਾ ਯੂ. ਕੇ ਵਿਚ ਕੰਪਿਊਟਰ ਇੰਨਜੀਨਅਰ ਹੈ। ਵੱਡੀ ਨੂੰਹ ਡਾਕਟਰ ਹੈ ਅਤੇ ਛੋਟੀ ਵੀ ਯੂ. ਕੇ ਵਿਚ ਜਾਬ ਕਰਦੀ ਹੈ। ਧੀ ਅਤੇ ਦਾਮਾਦ ਬੈਂਕ ਕਰਮਚਾਰੀ ਹਨ। ਅਨਜਾਣ ਦੰਪਤੀ ਬਾਰੇ ਗੁਰੂ ਅਮਰਦਾਸ ਜੀ ਦਾ ਕਥਨ ਠੀਕ ਢੁੱਕਦਾ ਹੈ।

ਨਾਮ ਧਿਆਏ ਤਾਂ ਸਤਿਗੁਰੂ ਭਾਏ ਜੋ ਇਛੈ ਸੋ ਫਲ ਪਾਏ ਨਾਨਕ ਤਿਸਦਾ ਸਭੁ ਕਿਛੁ ਹੋਵੈ ਜਿ ਵਿਚਹੁ ਆਪੁ ਗਵਾਏ॥

ਬੀਬੀ ਜਸਪਾਲ ਕੌਰ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਦੇਸ਼ ਤੇ ਨਾਮ ਦੇ ਆਸਰੇ ਐਸੀ ਭਾਰੀ ਬੀਮਾਰੀ ਦਾ ਡੱਟ ਕੇ ਹੱਸ ਕੇ ਮੁਕਾਬਲਾ ਕੀਤਾ ਹੈ। ਬੀਮਾਰੀ ਦੇ ਦਿਨਾਂ ਵਿਚ ਵੀ ਉਹ ਸਾਰੇ ਕਾਰਜ ਕਰਦੇ ਰਹੇ। ਬਹੁਤ ਸਹਿਜ ਰਹੇ ਅਤੇ ਨਿਤ ਕਿਰਿਆ ਸਾਧਦੇ ਰਹੇ।

ਬੀਬੀ ਜਸਪਾਲ ਕੌਰ ਜੀ ਦੀ ਦੇਹ ਦਾ ਸਸਕਾਰ ਛੋਟੇ ਸਪੁੱਤਰ ਦੇ ਇੰਗਲੈਂਡ ਤੋਂ ਆਉਣ ਕਰਕੇ ੧੨ ਜਨਵਰੀ ਨੂੰ ਲੋਹੜੀ ਵਾਲੇ ਦਿਨ ਪੰਜਾਬੀ ਬਾਗ ਸ਼ਮਸ਼ਾਨ ਘਾਟ ਵਿਚ ਕੀਤਾ ਗਿਆ। ਪਹਿਲਾਂ ਘਰ, ੧੧੦-ਏ ਜੰਤਾ ਕਾਲੋਨੀ ਰਘਬੀਰ ਨਗਰ ਦਿੱਲੀ ਵਿਚ



Namdhari Elibrary NamdhariElibrary@gmail.com

ਜਥੇਦਾਰ ਸੇਵਾ ਸਿੰਘ, ਸੂਬਾ ਅਜੀਤ ਸਿੰਘ ਬਟਾਲਾ, ਮਹੰਤ ਸੰਤੋਖ ਸਿੰਘ ਆਦਿ ਨੇ ਕੀਰਤਨ ਕੀਤਾ ਅਤੇ ਬਾਦ ਵਿਚ ਢੋਲਕ ਛੈਣਿਆਂ ਨਾਲ ਨਾਮਧਾਰੀ ਰਵਾਇਤ ਅਨੁਸਾਰ ਕੀਰਤਨ ਕਰਦਿਆਂ ਪੈਦਲ ਸ਼ਵ ਯਾਤਰਾ ਹੋਈ। ਅਗਲੇ ਦਿਨ ਮਾਘੀ ਵਾਲੇ ਦਿਨ ਭਸਮ ਗੰਗਾ ਨਦੀ ਦੀ ਇਕ ਨਹਿਰ ਵਿਚ ਗਾਜ਼ੀਆਬਾਦ ਦੇ ਨੇੜੇ ਪ੍ਰਵਾਹ ਦਿੱਤੀ ਗਈ। ਭੋਗ ਦੀ ਰਸਮ ੧੯ ਜਨਵਰੀ ਸੋਮਵਾਰ ਨੂੰ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਨਵੀਂ ਦਿੱਲੀ-੧੫ ਵਿਚ ਹੋਈ। ਸੂਬਾ ਅਜੀਤ ਸਿੰਘ ਜੀ, ਜਥੇਦਾਰ ਸੇਵਾ ਸਿੰਘ ਜੀ ਅਤੇ ਰਾਗੀ ਸੰਤ ਬਲਜੀਤ ਸਿੰਘ ਜੀ, ਮਨਜੀਤ ਸਿੰਘ ਦੇ ਜਥੇ ਨੇ ਭਾਵ ਭਿੰਨਾ ਕੀਰਤਨਾ ਕੀਤਾ। ਅਰਦਾਸ ਉਪਰੰਤ ਸ. ਜਸਵਿੰਦਰ ਸਿੰਘ ਹਿਸਟੋਰੀਅਨ ਜੀ ਦੇ ਮੰਚ ਸੰਚਾਲਨ ਹੇਠ ਸ. ਹਰਵਿੰਦਰ ਸਿੰਘ ਹੰਸਪਾਲ, ਸ. ਸੁਵਰਨ ਸਿੰਘ ਵਿਰਕ, 'ਪ੍ਰਿੰ. ਇਕਬਾਲ ਦੀਪ ਸਿੰਘ, ਡਾ. ਮਨਜੀਤ ਸਿੰਘ, ਜਗਦੀਸ਼ ਸਿੰਘ ਵਰਿਆਮ ਨੇ ਸ਼ਰਧਾਂਜਲੀਆਂ ਅਰਪਿਤ ਕੀਤੀਆਂ-ਅਰਦਾਸ ਉਪਰੰਤ ਲੰਗਰ ਗੁਰੂ ਕਾ ਅਤੁੱਟ ਵਰਤਿਆ।

ਅੰਤਮ ਅਰਦਾਸ ਅਤੇ ਇਸ ਤੋਂ ਪਹਿਲੇ ਦਿਨਾਂ ਵਿਚ ਅਣਗਿਣਤ ਪ੍ਰਸਿੱਧ ਹਸਤੀਆਂ ਵਲੋਂ ਅਨਜਾਣ ਪਰਿਵਾਰ ਨਾਲ ਦੁਖ ਦਾ ਭਾਰ ਵੰਡਾਉਣ ਵਾਸਤੇ ਆਪ ਆ ਕੇ ਅਤੇ ਸੰਦੇਸ਼ਾਂ ਰਾਹੀਂ ਸੰਵੇਦਨਾ ਪ੍ਰਗਟ ਕੀਤੀ ਗਈ। ਕੁੱਝ ਕੁ ਹਸਤੀਆਂ ਦੇ ਨਾਮ ਇਵੇਂ ਹਨ:- ਡਾ. ਰਵੇਲ ਸਿੰਘ ਸਕੱਤਰ ਪੰਜਾਬੀ ਅਕੈਡਮੀ ਦਿੱਲੀ, ਪ੍ਰੋ ਜਗਬੀਰ ਸਿੰਘ, ਗੁਰਬਚਨ ਸਿੰਘ ਭੁੱਲਰ, ਗੁਰਚਰਨ ਸਿੰਘ, ਕੁਲਜੀਤ ਸ਼ੈਲੀ, ਡਾ. ਪ੍ਰੀਤਮ ਸਿੰਘ ਬੱਤਰਾ, ਪ੍ਰੋ. ਅਮਰੀਕ ਸਿੰਘ ਪੁੰਨੀ, ਡਾ. ਹਰਮੀਤ ਸਿੰਘ, ਸਰਬ ਸ਼ਕਤੀਮਾਨ ਸਿੰਘ, ਪ੍ਰਿੰਸੀਪਲ ਸੁਸ਼ਮਾ ਸੇਠੀਆ, ਪ੍ਰਕਾਸ਼ ਸਿੰਘ ਗਿੱਲ ਪ੍ਰਧਾਨ ਪੰਜਾਬੀ ਹੈਲਪਲਾਈਨ, ਬਲਵਿੰਦਰ ਸਿੰਘ ਸੋਢੀ ਪ੍ਰਧਾਨ, ਜਗਜੀਤ ਸਿੰਘ ਨੂਰ ਜ. ਸਕੱਤਰ, ਮੰਗਲਜੀਤ ਸਿੰਘ ਸਕੱਤਰ ਪੰਜਾਬੀ ਭਾਸ਼ਾ ਅਧਿਆਪਕ ਐਸੋਸੀਏਸ਼ਨ। ਪੰਜਾਬੀ ਵਿਕਾਸ ਮੰਚ ਵਲੋਂ ਐਨ. ਆਰ ਗੋਇਲ ਜ. ਸਕੱਤਰ ਜਗਦੀਸ਼ ਕੌਸ਼ਲ ਮੀਤ ਪ੍ਰਧਾਨ, ਪੰਜਾਬੀ ਸਾਹਿਤ ਸਭਾ ਦਿੱਲੀ ਦੇ ਚਰਨਜੀਤ ਸਿੰਘ ਚੰਨ; ਜਸਵੰਤ ਸਿੰਘ ਸੇਖਵਾਂ, ਹਰਭਜਨ ਸਿੰਘ ਸੈਹੰਬੀ, ਭਗਵਾਨ ਸਿੰਘ ਦੀਪਕ ਕਵੀ, ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੇ ਪ੍ਰਧਾਨ ਸ. ਸਾਧੂ ਸਿੰਘ ਕਿਸਾਨ, ਸਰਪ੍ਰਸਤ ਮਾਸਟਰ ਅਮਰੀਕ ਸਿੰਘ, ਸ. ਬਲੀ ਸਿੰਘ ਗੁਰਾਇਆ, ਗੁਰਭੇਜ ਸਿੰਘ ਗੁਰਾਇਆ ਪਰਿਵਾਰ; ਸ. ਸ. ਮਨਧੀਰ, ਸ. ਅਜੀਤ ਸਿੰਘ ਲਾਇਲ ਸਕੱਤਰ ਨਾਮਧਾਰੀ ਦਰਬਾਰ, ਆਰਸੀ ਪਬਲਿਸ਼ਰਜ਼ ਤੋਂ ਰਣਜੀਤ ਸਿੰਘ, ਗਾਂਧੀ ਪਬਲਿਸ਼ਰਜ਼, ਮਨਪ੍ਰੀਤ ਪ੍ਰਕਾਸ਼ਨ, ਰਾਮਗੜੀਆ ਕੋਆਪਰੇਟਿਵ ਬੈਂਕ ਦੇ ਨੁਮਾਇੰਦੇ, ਐਸ. ਸੀ. ਆਰ ਟੀ ਦਿੱਲੀ, ਗੌਰਮੈਂਟ ਸਕੂਲ ਟੀਚਰ ਐਸੋਸੀਏਸ਼ਨ ਵਲੋਂ ਐਸ. ਐਨ. ਦੀਕਸ਼ਤ। ਇਨਜੀਨਅਰ ਬਰਾਦਰੀ ਭਾਰੀ ਗਿਣਤੀ 'ਚ ਆਈ। ਇਹਨਾਂ 'ਚੋਂ ਪ੍ਰਮੁੱਖ ਨਾਮ ਸਨ, ਅਨਿਲ ਚੌਧਰੀ, ਰਾਜੀਵ ਨਾਕੜਾ, ਹੇਮੰਤ ਚਾਵਲਾ, ਗੁਰਦੀਪ ਸਿੰਘ ਨਾਰੰਗ, ਹਰਿੰਦਰ ਸਿੰਘ ਭੱਟੀ, ਅਮਨਦੀਪ ਸਿੰਘ, ਅੰਮ੍ਰਿਤ ਜੈਨ, ਜੇ. ਕੇ ਜੈਨ, ਕੇ. ਐਸ. ਬੇਦੀ, ਗੌਤਮ ਸ਼ੰਕਰ ਲਾਲ, ਗਿਰੀਸ਼ ਸ਼ਰਮਾ, ਸੁਨੀਲ ਆਰੀਆ, ਕਪਿਲ ਜੈਨ, ਦਿਨੇਸ਼ ਸਿੰਘ, ਅਸਪਾਲ ਸਿੰਘ ਅਤੇ ਸੰਜੀਵ ਗੁਪਤਾ। ਡਾ. ਦੀਪਕ ਬਾਂਸਲ, ਡਾ. ਪੁਸ਼ਪਿੰਦਰ ਸਿੰਘ, ਡਾ. ਦੀਪਕ ਜੈਨ, ਡਾ. ਨਿਧੀ ਜੈਨ, ਸੂਬਾ ਸੁਖਦੇਵ ਸਿੰਘ ਦਿੱਲੀ, ਸੂਬਾ ਹਰਭਜਨ ਸਿੰਘ ਲੁਧਿਆਣਾ, ਜਸਵੰਤ ਸਿੰਘ ਨਾਮਧਾਰੀ ਟੇਲਰਜ਼, ਪ੍ਰਿੰ. ਸਤਵੰਤ ਕੌਰ, ਸ. ਸੰਤ ਸਿੰਘ, ਸ. ਮਨਮੋਹਨ ਸਿੰਘ, ਚਰੰਜੀਤ ਸਿੰਘ, ਸ. ਬਲਦੇਵ ਸਿੰਘ ਨੇਤਾ, ਸੰਤ ਮਹਿੰਦਰ ਸਿੰਘ ਸਮੇਤ ਹੋਰ ਬਹੁਤ ਜਾਣੀਆਂ ਮਾਣੀਆਂ ਹਸਤੀਆਂ ਹਾਜ਼ਿਰ ਸਨ। ਗੁਰਦੁਆਰਾ ਨਾਮਧਾਰੀ ਦਿੱਲੀ ਦੇ ਪ੍ਰਧਾਨ ਸਾਹਿਬ ਸੰਤ ਸਾਧਾ ਸਿੰਘ ਜੀ ਅਤੇ ਸਹਿਯੋਗੀਆਂ ਨੇ ਐਡੇ ਵੱਡੇ ਸਮਾਗਮ ਲਈ ਕਮਾਲ ਦਾ ਪ੍ਰਬੰਧ ਕੀਤਾ ਸੀ—ਮਾਈਆਂ ਦੀ ਲੰਗਰ ਦੀ ਸੇਵਾ ਸਲਾਹੁਣਯੋਗ ਸੀ। ਅਨਜਾਣ ਜੀ ਦੇ ਛੋਟੇ ਵੀਰ ਸ. ਬਲਕਾਰ ਸਿੰਘ ਨੇ ਸਹਿਤ ਪਰਿਵਾਰ ਦਿਨ ਰਾਤ ਸਤਰਕ ਰਹਿ ਕੇ ਭਾਰੀ ਕਾਰਜ ਨੂੰ ਨਿਭਾਇਆ। ਦੇਸ਼ ਵਿਦੇਸ਼ ਤੋਂ ਅਨੇਕਾਂ ਟੈਲੀਫੋਨ ਸੁਨੇਹਿਆਂ ਨਾਲ ਅਨਜਾਣ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕੀਤੀ ਗਈ।

ਬੀਬੀ ਜਸਪਾਲ ਕੌਰ ਜੀ ਨੂੰ ਯਾਦ ਕਰਦਿਆਂ ਸਭ ਨੇ ਭਾਣੇ ਅਗੇ ਸਿਰ ਝੁਕਾਇਆ। ਅਗਲੇ ਦਿਨ ਸ੍ਰੀ ਸਤਿਗੁਰੂ ਜੀ ਨੇ ਪਰਿਵਾਰ ਨੂੰ ਦਰਸ਼ਨ ਦੇ ਕੇ ਸਾਂਤਵਨਾ ਪ੍ਰਦਾਨ ਕੀਤੀ।

*—ਜਗਦੀਸ਼ ਸਿੰਘ ਵਰਿਆਮ*

## ਕੰਵਰ ਇਮਤਿਆਜ਼

ਪ੍ਰਸਿੱਧ ਕਵੀ, ਸਹਿਤਕਾਰ, ਚਿੱਤਰਕਾਰ, ਅਧਿਆਪਕ, ਸਾਹਿਤ ਸੰਗਰਾਮੀ, ਸਾਹਿਤ ਸੇਵਕ ਅਤੇ ਖੂਬਸੂਰਤ ਦਿਲ ਵਾਲੇ ਮੁਹੱਬਤੀ ਇਨਸਾਨ, ਦੋਸਤਾਂ ਦੇ ਮਿੱਤਰ ਜਨਾਬ ਕੰਵਰ ਇਮਤਿਆਜ਼ ਪਿਛਲੇ ਦਿਨੀਂ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਕੰਵਰ ਇਮਤਿਆਜ਼ ਵਿਸ਼ਾਲ ਮਿਤਰ ਮੰਡਲ ਵਿਚ ਇਕ ਨਾ ਪੂਰਾ ਹੋਣ ਵਾਲਾ ਖੱਪਾ ਪਾ ਗਏ ਹਨ। ਸਮੁੱਚੇ ਮਿਤਰ ਮੰਡਲ ਅਤੇ ਕੰਵਰ ਇਮਤਿਆਜ਼ ਦੇ ਪਰਿਵਾਰ ਨਾਲ ਇਸ ਬੇਵਕਤੀ ਮੌਤ ਕਾਰਨ ਸਾਡੀ ਦਿਲੀ ਹਮਦਰਦੀ ਹੈ।

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਖੰਡਾਂ-ਬ੍ਰਹਿਮੰਡਾਂ ਦਾ ਮਾਲਕ—ਸਤਿਗੁਰੂ ਰਾਮ ਸਿੰਘ

*—ਸੁਵਰਨ ਸਿੰਘ ਵਿਰਕ*

ਸਤਿਗੁਰੂ ਰਾਮ ਸਿੰਘ ਸਿਰਫ ਨਾਮਧਾਰੀਆਂ ਦੇ ਹੀ ਸਤਿਗੁਰੂ ਨਹੀਂ ਹਨ। ਨਾ ਸਿਰਫ ਉਹ ਸਿੱਖ-ਜਗਤ ਦੇ ਇਕ ਸਤਿਕਾਰਤ ਬਾਬੇ ਹਨ। ਉਹਨਾਂ ਨੂੰ ਅਟਕ ਤੋਂ ਜਮਨਾ ਦਰਿਆ ਦੇ ਵਿਚਕਾਰਲੇ ਇਲਾਕੇ ਵਿਚ ਇਕ ਜ਼ਬਰਦਸਤ ਲੋਕ-ਲਹਿਰ ਲਾਮਬੰਦ ਕਰਨ ਸਦਕਾ, ਨਾ ਕੇਵਲ ਅਸੀਂ ਪੰਜਾਬ ਨਾਲ ਜੋੜ ਸਕਦੇ ਹਾਂ। ਭਾਰਤੀ ਸੁਤੰਤਰਤਾ ਸੰਗਰਾਮ ਦੇ ਪੰਜਾਬ ਵਾਲੇ ਅਧਿਆਇ ਦੇ ਮੁਖੀ ਹੋਣ ਕਾਰਨ ਨਾ ਸਿਰਫ ਅਸੀਂ ਉਹਨਾਂ ਦੀ ਮਹਾਨ ਪ੍ਰਤਿਭਾ ਨੂੰ ਹਿੰਦੁਸਤਾਨ ਦੀਆਂ ਭੂਗੋਲਿਕ ਹੱਦਾਂ ਵਿਚ ਸੀਮਿਤ ਕਰ ਸਕਦੇ ਹਾਂ। ਭਾਰਤ ਦੇ ਗੁਆਂਢੀ ਮੁਲਕਾਂ, ਨੈਪਾਲ, ਅਫਗਾਨਿਸਤਾਨ, ਰੂਸ ਅਤੇ ਅਨੇਕਾਂ ਦੇਸੀ ਰਿਆਸਤਾਂ ਨਾਲ ਸਬੰਧ ਸਥਾਪਿਤ ਕਰਨ ਸਦਕਾ ਅਸੀਂ ਉਹਨਾਂ ਨੂੰ, 'ਏਸ਼ੀਆ ਦਾ ਚਾਨਣ' ਆਖ ਕੇ ਵੀ ਜੇ ਪੁਕਾਰਾਂਗੇ, ਤਾਂ ਵੀ ਅਸੀਂ ਉਸ ਯੁੱਗ-ਪੁਰਖ ਨਾਲ ਨਿਆਂ ਨਹੀਂ ਕਰ ਰਹੇ ਹੋਵਾਂਗੇ। ਹੁਣ ਅਸੀਂ ਇਸ ਅੜਾਉਣੀ ਦਾ ਹੱਲ ਤਰਕ-ਬੋਧ ਅਤੇ ਵਿਚਾਰਾਂ ਦੀਆਂ ਗਹਿਰਾਈਆਂ ਵਿਚ ਉਤਰਨ ਵਾਲੇ ਦਾਰਸ਼ਨਿਕਾਂ ਤੋਂ ਨਹੀਂ ਸਗੋਂ ਉਸਦੇ ਪੈਰੋਕਾਰਾਂ ਕੂਕੇ-ਮਸਤਾਨਿਆਂ ਤੋਂ ਲੱਭਾਂਗੇ, ਜੋ ਉਸ ਵਿਸ਼ਵ ਦੇ ਮਹਾਂ-ਨਾਇਕ ਨੂੰ "ਖੰਡਾਂ-ਬ੍ਰਹਿਮੰਡਾਂ ਦਾ ਮਾਲਕ" ਆਖ ਆਖ ਕੇ ਖੁਸ਼ੀਆਂ ਵਿਚ ਖੀਵੇ ਹੋਏ ਫਿਰਦੇ ਹਨ।

ਸਤਿਗੁਰੂ ਰਾਮ ਸਿੰਘ ਜੀ ਦਾ ਜੀਵਨ-ਦਰਸ਼ਨ, ਮਨੁੱਖੀ-ਮੁਕਤੀ ਲਈ ਲੜੇ ਜਾਣ ਵਾਲੇ ਸੰਗਰਾਮ ਨੂੰ ਪ੍ਰੇਰਣਾ ਅਤੇ ਬਲ ਬਖਸ਼ਦਾ ਹੈ। ਇਹ ਇਕ ਮੌਕਾ-ਮੇਲ ਹੀ ਸੀ ਕਿ ਆਪਦਾ ਆਗਮਨ ਬਸੰਤ ਦੇ ਦਿਨ ਹੋਇਆ ਜਦੋਂ ਪਤਝੜ ਵਿਦਾ ਲੈ ਚੁਕੀ ਹੁੰਦੀ ਹੈ ਅਤੇ ਬਨਸਪਤੀ ਹਰਿਆਲੀ ਓੜ ਲੈਂਦੀ ਹੈ, ਨਵੀਆਂ ਕੋਪਲਾਂ ਫੁੱਟ ਪੈਂਦੀਆਂ ਹਨ। ਆਪ ਦਾ ਆਗਮਨ ਉਨ੍ਹੀਵੀਂ ਸਦੀ ਦੇ ਦੂਜੇ ਦਹਾਕੇ ਦੇ ਅੱਧ ਤੋਂ ਸਾਲ ਕੁ ਬਾਦ ਦਾ ਹੈ। ਅਠਾਰ੍ਹਵੀਂ ਸਦੀ ਨੇ ਪੰਜਾਬ ਵਿਚ ਨਾਨਕ-ਨਾਮ ਲੇਵਿਆਂ ਤੇ ਸਖਤੀ ਦੇ ਪਹਾੜ ਵੀ ਟੁੱਟਦੇ ਵੇਖੇ। ਉਹਨਾਂ ਦੇ ਸਿਰਾਂ ਦੇ ਮੁੱਲ ਵੀ ਪਾਏ ਗਏ ਅਤੇ ਅਨੇਕਾਂ ਸੈਂਕੜਿਆਂ ਅਤੇ ਹਜ਼ਾਰਾਂ ਦੀ ਸੰਖਿਆ ਵਿਚ, ਲੜਾਈ ਦੇ ਮੈਦਾਨ ਵਿਚ ਵੀ ਅਤੇ ਦਿੱਲੀ-ਲਾਹੌਰ ਵਿਚ ਵੀ ਉਹਨਾਂ ਦੇ ਸਮੂਹਿਕ ਕਤਲ ਕੀਤੇ ਗਏ। ਇਸੇ ਸਦੀ ਦੇ ਮਗਰਲੇ ੩੦-੩੫ ਸਾਲਾਂ ਵਿਚ ਇਹ ਮਰਜੀਵੜੇ ਤਖ਼ਤਾਂ-ਤਾਜਾਂ ਦੇ ਮਾਲਕ ਵੀ ਬਣ ਗਏ ਅਤੇ ਫਿਰ ਮਹਾਰਾਜਾ ਰਣਜੀਤ ਸਿੰਘ ਦੇ ਰੂਪ ਵਿਚ, ਇਕ ਬੜੇ ਵਿਸ਼ਾਲ ਖਿੱਤੇ ਵਿਚ ਲਾਹੌਰ-ਦਰਬਾਰ ਦਾ ਤਪ ਤੇਜ ਫੈਲ ਗਿਆ। ਜਿਸ ਵਿਚ ਸਾਰਾ ਪੰਜਾਬ, ਪੰਜਾਬ ਦੇ ਪਹਾੜੀ ਇਲਾਕੇ, ਜੰਮੂ-ਕਸ਼ਮੀਰ, ਲੇਹ-ਲਦਾਖ, ਪੇਸ਼ਾਵਰ ਆਦਿ ਦੂਰ-ਦਰਾਜ਼ ਦੇ ਇਲਾਕੇ ਸ਼ਾਮਲ ਸਨ। ਇਸ ਵਿਸ਼ਾਲ ਰਾਜ ਦਾ ਤ੍ਰਾਸਦਿਕ ਅੰਤ ਵੇਖਣ ਦਾ ਦੁਖਾਂਤਕ ਅਨੁਭਵ, ਸਤਿਗੁਰੂ ਜੀ ਨੂੰ ਸਿੱਖ-ਸੈਨਾ ਦੇ ਆਪਣੇ ਸੇਵਾ-ਕਾਲ ਦੌਰਾਨ ਹੋਇਆ।

ਸਾਮੰਤੀ ਜੀਵਨ ਮੁੱਲਾਂ ਨੂੰ ਆਪ ਨੇ ਕਦੇ ਵੀ ਗੁਰੂ-ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੁਆਰਾ ਸਥਾਪਿਤ ਸਿੱਖ ਨੈਤਿਕ-ਕਦਰਾਂ ਕੀਮਤਾਂ ਦੇ ਅਨੁਕੂਲ ਨਹੀਂ ਸਮਝਿਆ। ਸਟੇਟ ਦੀ ਦਮਨਕਾਰੀ ਭੂਮਿਕਾ ਨੂੰ ਗੁਰੂ ਨਾਨਕ ਆਪਣੇ ਸਮੇਂ ਵਿਚ ਵੰਗਾਰ ਚੁੱਕੇ ਸਨ। ਛੇਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਨੂੰ ਰਾਜ ਦੀ ਇਸੇ ਕਠੋਰਤਾ ਦਾ ਮੁਕਾਬਲਾ ਕਰਨ ਲਈ ਸ਼ਸ਼ਤਰ-ਬੱਧ ਹੋਣਾ ਪਿਆ ਸੀ। ਹੁਣ ਰਾਜ ਭਾਵੇਂ, ਆਪਣੇ ਆਪ ਨੂੰ ਗੁਰੂਆਂ ਦਾ ਇਕ ਅਨੁਆਈ ਅਖਵਾਉਣ ਵਾਲਾ ਸਿੱਖ-ਮਹਾਰਾਜਾ ਚਲਾ ਰਿਹਾ ਸੀ, ਪਰ ਰਾਜ-ਵਿਸਥਾਰ ਅਤੇ ਆਪਣੇ ਖਜ਼ਾਨਿਆਂ ਨੂੰ ਧਨ ਦੌਲਤ ਨਾਲ ਭਰਪੂਰ ਕਰਨ ਅਤੇ ਆਪਣੇ ਤਬੇਲਿਆਂ ਵਿਚ ਤੇਜ ਚਾਲ ਵਾਲੇ ਘੋੜਿਆਂ, ਹਾਥੀਆਂ ਦੀ ਗਿਣਤੀ ਵਧਾਉਣ ਦਾ ਉਸ ਦਾ ਲੋਭ, ਮੁਸਲਮਾਨ ਬਾਦਸ਼ਾਹਾਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ। ਇਸ ਲਈ ਰੋਜ਼ ਹੀ ਮੁਹਿੰਮਾਂ, ਰੋਜ਼ ਹੀ ਲੜਾਈਆਂ। ਹੋਰ ਤੇ ਹੋਰ ਆਪਣੀ ਸਕੀ ਸੱਸ ਨੂੰ ਉਸਦਾ ਇਲਾਕਾ ਹੜਪਣ ਲਈ ਅਤੇ ਇਕ ਗੁਆਂਢੀ ਰਾਜ ਦੇ ਗੱਦੀਓਂ ਲੱਥੇ ਹੁਕਮਰਾਨ ਨੂੰ 'ਕੋਹਿਨੂਰ' ਨਾਂ ਦਾ ਹੀਰਾ ਖੋਹਣ ਲਈ, ਉਹ ਕਈ ਕਈ ਦਿਨ ਭੁੱਖਿਆਂ ਵੀ ਰੱਖ ਸਕਦਾ ਸੀ। ਗੁਰੂ ਦਾ ਸਿੱਖ ਤਾਂ ਉਹ ਅਖਵਾ ਸਕਦਾ ਹੈ, ਜੋ ਕਿਸੇ ਤੋਂ ਡਰੇ ਵੀ ਨਾ ਅਤੇ ਕਿਸੇ ਨੂੰ ਡਰਾਏ ਵੀ ਨਾ।

ਆਪਣੇ ਸੈਨਿਕ ਜੀਵਨ ਸਮੇਂ, ਉਹ ਕਿੰਨਾ ਕਿੰਨਾ ਸਮਾਂ, ਆਪਣੇ ਪਿੰਡ ਅਤੇ ਇਲਾਕੇ ਵਿਚ ਗੇੜਾ ਨਹੀਂ ਸਨ ਮਾਰ ਸਕਦੇ। ਹਾਲਾਂਕਿ ਮਹਾਰਾਜਾ ਦੀ ਸੈਨਾ ਵੀ ਸਾਰੀ ਦੀ ਸਾਰੀ ਨਿਯਮਿਤ ਨਹੀਂ ਸੀ। ਇਸ ਵਿਚੋਂ ਅਨਿਯਮਿਤ ਸੈਨਾ ਵੀ ਸੀ। ਤਨਖਾਹ ਸਾਰੀ ਹੀ ਸੈਨਾ ਦੀ ਅਨਿਯਮਿਤ ਸੀ। ਦੋ ਦੋ ਸਾਲ ਸੈਨਿਕ ਲਗਾਤਾਰ ਇਸ ਤੋਂ ਵਾਂਝਿਆਂ ਰਹਿੰਦੇ ਸਨ। ਪੰਜਾਬੀ ਦੇ ਕੁਝ ਕੁ ਅਖਾਣ ਇਹਨਾਂ ਹਾਲਾਤ ਵੱਲ ਹੀ ਇਸ਼ਾਰਾ ਕਰਦੇ ਹਨ— 'ਰਿਜ਼ਕ ਵਿਹੂਣੇ ਆਦਮੀ ਗਏ ਮੁਹੱਬਤਾਂ ਤੋੜ।' ਫੌਜੀ ਜੀਵਨ ਦੀ ਇਹ ਕਸਕ ਉਹ ਖੁਦ ਵੀ ਹੰਢਾਉਂਦਾ ਹੈ ਅਤੇ ਉਸ ਦਾ ਪਰਿਵਾਰ ਤੇ ਆਲਾ ਦੁਆਲਾ ਵੀ। ਫਿਰ ਉਸ ਦੇ ਸ਼ੁਭਚਿੰਤਕ ਉਸ ਲਈ ਦੁਆਵਾਂ ਮੰਗਦੇ ਹਨ। ਪਹਿਲੇ ਮਹਾਂਯੁੱਧ ਵੇਲੇ, ਸਾਡੀਆਂ ਪੰਜਾਬਣਾਂ ਦੇ ਹੋਠਾਂ ਤੇ ਇਹੋ ਜਿਹੇ ਲੋਕ-ਗੀਤ ਰਹਿੰਦੇ ਸਨ—



Namdhari Elibrary NamdhariElibrary@gmail.com

"ਬਸਰੇ ਦੀ ਲਾਮ ਟੁੱਟ ਜਾਏ
ਮੈਂ ਰੰਡੀਓਂ ਸੁਹਾਗਣ ਹੋਵਾਂ"

ਸੈਨਿਕ ਜੀਵਨ ਤੋਂ ਬਾਅਦ ਉਹਨਾਂ ਨੇ ਨਵੇਂ ਹੁਕਮਰਾਨਾਂ ਨੂੰ ਸਥਾਪਿਤ ਹੁੰਦੇ ਵੇਖਿਆ। ਬਿਉਪਾਰਕ ਸਰਮਾਏਦਾਰੀ ਦੇ ਨੁਮਾਇੰਦੇ, ਕੰਪਨੀ ਸਰਕਾਰ ਦੇ ਕਰਿੰਦੇ ਬਣ ਕੇ, ਪੰਜਾਬ ਦੀ ਪ੍ਰਭੂ-ਸੱਤਾ ਖੋਹਣ ਲਈ ਆ ਗਏ ਸਨ। ਉਹਨਾਂ ਦੀ ਹੈਂਕੜ ਬਾਰੇ, ਸਾਡੇ ਕੌਮੀ ਕਵੀ ਸ਼ਾਹ ਮੁਹੰਮਦ ਨੂੰ ਗਿਆਨ ਸੀ :

"ਉਹਦੇ ਨਾਲ ਨਾ ਕਿਸੇ ਨੇ ਗੱਲ ਕਰਨੀ
ਖੁਦੀ ਆਪਣੀ ਵਿਚ ਮਹਾਸਤਾ ਈ।
ਸ਼ਾਹ ਮੁਹੰਮਦਾ ਦੌਲਤਾਂ ਜਮ੍ਹਾਂ ਕਰਦਾ
ਸ਼ਾਹੂਕਾਰਾਂ ਦਾ ਪੁੱਤ ਗੁਮਾਸ਼ਤਾ ਈ।"

ਸਤਿਗੁਰੂ ਜੀ ਦੇ ਫੀਰੋਜ਼ਪੁਰ ਕਿਆਮ ਦੇ ਇਹ ਵਰ੍ਹੇ ਵੀ, ਲਾਹੌਰ ਦੇ ਫੌਜੀ ਜੀਵਨ ਦੇ ੮-੯ ਸਾਲਾਂ ਬਾਦ, ਬੜੇ ਮਹੱਤਵਪੂਰਨ ਸਨ। ਫੌਜੀ ਜੀਵਨ ਨੇ ਹੀ ਆਪਦਾਂ ਮੇਲ ਨਾ ਸਿਰਫ ਗੁਰੂ ਬਾਲਕ ਸਿੰਘ ਜੀ ਨਾਲ ਕਰਵਾਇਆ (ਉਹਨਾਂ ਤੋਂ ਅਟਕ ਦਰਿਆ ਦੇ ਪੂਰਬੀ ਹਿਸੇ ਵਿਚ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੀ ਅਲੋਪ ਹੋ ਚੁੱਕੀ, ਸਿੱਖ ਪਰੰਪਰਾ ਨੂੰ ਮੁੜ ਜੀਵਿਤ ਕਰਨ ਦੀ ਜ਼ਿੰਮੇਵਾਰੀ ਲਈ) ਸਗੋਂ ਬਾਅਦ ਦੇ ਵੱਡੇ ਜੀਵਨ-ਸੰਗਰਾਮ ਵਿਚ ਕੰਮ ਆਉਣ ਵਾਲੀਆਂ ਪ੍ਰਮੁੱਖ ਸ਼ਖਸੀਅਤਾਂ—ਜਮੀਅਤ ਸਿੰਘ ਗਿੱਲ, ਕਾਹਨ ਸਿੰਘ 'ਸੂਬੇਦਾਰ-ਮੇਜਰ' ਚੱਕਵਾਲਾ, ਸ਼ਾਮ ਸਿੰਘ ਸਿਰਹਾਲੀ, ਰਾਜਾ ਸਿੰਘ ਤਰਾਂਡੀ, ਸੂਬਾ ਗੁਰਚਰਨ ਸਿੰਘ ਅਤੇ ਭਗਵਾਨ ਸਿੰਘ ਮਰਹਾਣਾ (ਅੜਬੰਗ ਸਿੰਘ) ਆਦਿ ਨਾਲ ਵੀ ਮੇਲ ਹੋਇਆ। ਉਹਨਾਂ ਦਾ ਹੱਥ ਕਾਰ ਵੱਲ ਤੇ ਚਿੱਤ ਯਾਰ ਵੱਲ ਹੁੰਦਾ ਸੀ। ਜੀਵਨ ਦੇ ਵਡੇਰੇ ਮਿਸ਼ਨ ਦੀ ਪੂਰਤੀ ਦੇ ਸੁਪਨੇ, ਨੈਣਾਂ ਵਿਚ ਸਦਾ ਲਟਕਾਈ ਰੱਖਦੇ ਸਨ।

ਭਾਈ ਮਹਾਰਾਜ ਸਿੰਘ ਅਤੇ ਦੀਵਾਨ ਮੂਲ ਰਾਜ ਮੁਲਤਾਨ ਦੀਆਂ, ਰਾਜ-ਵਿਰੋਧੀ ਸਰਗਰਮੀਆਂ ਨੂੰ ਦਬਾਕੇ, ਅੰਗਰੇਜ਼ ਸਰਕਾਰ ਆਪਣੇ ਆਪ ਨੂੰ ਪੱਕੇ ਪੈਰਾਂ ਤੇ ਖੜ੍ਹੇ ਕਰਨ ਦੇ ਆਹਰ ਵਿਚ ਲੱਗ ਗਈ। ਜਗੀਰਾਂ, ਜਾਇਦਾਦਾਂ, ਖਿਤਾਬਾਂ, ਮਾਨ ਸਨਮਾਨਾਂ ਨਾਲ, ਆਪਣੇ ਚਹੇਤਿਆਂ ਨੂੰ ਰੀਝਾਇਆ ਜਾਣ ਲੱਗਾ। ਪਹਿਲਾਂ ਲਾਹੌਰ ਦਰਬਾਰ ਦੀ, ਵਫ਼ਾਦਾਰ ਸੈਨਾ ਪਾਸੋਂ ਹਥਿਆਰ ਰਖਾ ਲਏ ਰਾਵਲਪਿੰਡੀ ਦੇ ਦਰਬਾਰ ਵਿਖੇ। ਉਹਨਾਂ ਵਿੱਚੋਂ ਕੁਝ ਤਾਂ ਸ਼ਾਹ-ਮੁਹੰਮਦ ਦੀਆਂ ਇਹਨਾਂ ਤੁਕਾਂ ਦੇ ਸਮਰੂਪ ਜੀਵਨ ਜਾਂਚ ਵਿਚ ਢਲ ਗਏ :-

"ਵਾਹੀ ਕਰਦੇ ਤੇ ਰੋਟੀਆਂ ਖੂਬ ਖਾਂਦੇ
ਅਸੀਂ ਕਿਨਾਂ ਦੇ ਸਾਂ ਪੁੱਤ ਪੋਤਰੇ ਜੀ!
ਸ਼ਾਹ ਮੁਹੰਮਦਾ ਖੂਹਾਂ ਤੇ ਮਿਲਖ ਵਾਲੇ,
ਅਸੀਂ ਦੱਬ ਕੇ ਲਾਵਾਂਗੇ ਜੋਤਰੇ ਜੀ।"

ਬਹੁਤ ਸਾਰੇ ਪੁਰਾਣੇ ਫੌਜੀ ਆਪਣੇ ਗੁਆਚੇ ਦਿਨਾਂ ਦਾ ਗੌਰਵ ਪ੍ਰਾਪਤ ਕਰਨ ਲਈ, ਉਸਲਵੱਟੇ ਲੈ ਰਹੇ ਸਨ। ਸਤਿਗੁਰੂ ਜੀ ਵੀ, ਸਿੱਖਾਂ ਦੀ ਸ਼ਾਹ ਮੁਹੰਮਦ ਵਰਣਿਤ ਕਿਸਮ ਨਾਲੋਂ, ਵੱਖਰੇ ਸਨ। ਉਹ ਚਿੰਤਨ-ਮਨਨ ਅਤੇ ਸਮੱਸਿਆ ਦਾ ਸਮਾਧਾਨ ਢੂੰਡਣ ਵਿਚ ਰੁੱਝੇ ਰਹਿੰਦੇ ਸਨ। ਉਹਨਾਂ ਦੀ ਦੁਨਿਆਵੀ ਪਦਾਰਥਾਂ ਵਾਲੀ ਭੁੱਖ ਨਹੀਂ ਸੀ। ਆਸ਼ਕਾਂ ਨੂੰ ਭੁੱਖ ਲੱਗਦੀ ਕਦੋਂ ਹੈ? ਉਂਜ ਜਦੋਂ ਪੁੱਤਰੀ ਨੇ ਪੁੱਛਣਾ—ਬਾਪੂ ਤੈਨੂੰ ਭੁੱਖ ਨਹੀਂ ਲੱਗਦੀ ਤਾਂ ਉਸਦੀ ਜਗਿਆਸਾ ਸ਼ਾਂਤ ਕਰਨ ਲਈ ਕਹਿ ਦੇਣਾ—ਜਿਸ ਟੋਏ ਵਿਚ ਪਰਸ਼ਾਦੇ ਪੈਂਦੇ ਹਨ ਉਹ ਤਾਂ ਨਾਮ ਨਾਲ ਭਰ ਗਿਆ ਹੈ। ਇਹ ਪਿੰਡ ਰਹਿ ਕੇ ਧਰਮ ਦੀ ਕਿਰਤ ਵਿਰਤ ਕਰਨ ਅਤੇ ਭਾਰੀ ਤਪੱਸਿਆ ਕਰਨ ਦਾ ਸਮਾਂ ਸੀ।

ਪੰਜਾਬ ਦੇ ਇਤਿਹਾਸ ਵਿਚ ੧੬੯੯ ਈ. ਦੀ ਵੈਸਾਖੀ ਦੀ ਮਹੱਤਤਾ ਖਾਲਸਾ ਸਾਜਣਾ ਕਾਰਨ ਹੈ, ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਸਿਰਲੱਥਾਂ ਦਾ ਪੰਥ ਸਾਜਿਆ ਸੀ। ਰਾਜ ਮੱਦ ਵਿਚ ਉਹ ਖਾਲਸਾ ਗੁਰਸਿੱਖ ਜੀਵਨ ਜਾਚ ਤੋਂ ਕੋਹਾਂ ਦੂਰ ਚਲਾ ਗਿਆ ਸੀ। ਜਿਹੜੇ ਦੁਨਿਆਵੀ ਨਸ਼ੇ ਗੁਰੂ ਜੀ ਨੇ ਛੁਡਾਏ ਸਨ ਉਹ ਫਿਰ ਉਸ ਵਿਚ ਗ਼ਲਤਾਨ ਹੋ ਚੁੱਕਾ ਸੀ। ਸੋ ਹੁਣ ਪੂਰੇ ੧੫੮ ਸਾਲਾਂ ਬਾਦ ਫਿਰ ਇਕ ਉਸੇ ਤਰ੍ਹਾਂ ਦੀ ਇਤਿਹਾਸਕ ਵੈਸਾਖੀ ਤੇ ਸਤਿਗੁਰੂ ਰਾਮ ਸਿੰਘ ਜੀ ਨੇ, ਖਾਲਸਾ ਪੰਥ ਦੀ ਪੁਨਰ ਸਿਰਜਣਾ ਅਤੇ ਵਿਦੇਸ਼ੀ ਹਕੂਮਤ ਦੇ ਖਿਲਾਫ ਸੁਤੰਤਰਤਾ ਸੰਗਰਾਮ ਦਾ ਸਿੰਘ-ਨਾਦ ਵਜਾ ਦਿੱਤਾ।

ਉਹਨਾਂ ਨੇ ਪਿੰਡ ਤੋਂ ਲੈ ਕੇ, ਲਹਿਰ ਦੇ ਕੇਂਦਰੀ ਸਥਾਨ, ਸ੍ਰੀ ਭੈਣੀ ਸਾਹਿਬ ਤੱਕ ਇਕ ਵਿਆਪਕ ਸੰਗਠਨ ਵੀ ਖੜ੍ਹਾ ਕਰ ਦਿੱਤਾ। ਪਿੰਡਾਂ ਦੀ ਸੰਗਤ ਮੁੱਢਲੀ ਇਕਾਈ ਸੀ। ਇਲਾਕਿਆਂ ਦੀ ਸੰਗਤ ਅਤੇ ਤਪਿਆਂ ਦੇ ਮੁੱਖੀ ਜਥੇਦਾਰ ਥਾਪੇ ਗਏ। ਜ਼ਿਲ੍ਹਿਆਂ ਵਿਚ ਸੂਬੇ ਕਾਇਮ ਕਰ ਦਿੱਤੇ ਜਿਹਨਾਂ ਦੇ ਅਧੀਨ ਨਾਇਬ ਸੂਬੇ ਵੀ ਸਨ। ਸ੍ਰੀ ਭੈਣੀ ਸਾਹਿਬ ਵਿਚ ਸੂਬਿਆਂ ਦੀ ਕੇਂਦਰੀ ਪੰਚਾਇਤ ਦੇ ਮੁੱਖੀ ਸੂਬਾ ਜਵਾਹਰ ਸਿੰਘ ਨੂੰ ਥਾਪਿਆ ਗਿਆ। ਕੂਕਾ ਪੋਸਟਲ ਸਰਵਿਸ ਦਾ ਮੁਖੀ ਸੂਬਾ ਸਾਹਿਬ ਸਿੰਘ ਸੀ। ਇਕ ਕਿਸਮ ਦੇ ਗ੍ਰਹਿ ਵਿਭਾਗ ਦਾ ਪ੍ਰਬੰਧ ਵੀ ਉਹ ਵੇਖਦਾ ਸੀ। ਪਹਾੜਾ ਸਿੰਘ ਸੂਬੇ ਦਾ ਕੰਮ ਸੂਚਨਾ-ਤੰਤਰ ਨਾਲ ਸਬੰਧਿਤ ਸੀ। ਲੱਖਾ ਸਿੰਘ ਸੂਬਾ ਸਤਿਗੁਰੂ ਜੀ ਦਾ ਮਿਲਟਰੀ-ਸੈਕਟਰੀ ਸੀ। ਸੂਬਾ ਕਾਹਨ ਸਿੰਘ ਚੱਕਵਾਲਾ ਤੇ ਸੂਬਾ ਸਾਹਿਬ ਸਿੰਘ ਪਾਸ ਵਿਦੇਸ਼ ਵਿਭਾਗ ਵੀ ਸੀ। ਸੂਬਾ ਗਿਆਨੀ ਰਤਨ ਸਿੰਘ ਮੰਡੀ ਕਲਾਂ ਅਦਾਲਤੀ ਸੂਬਾ ਸੀ। ਜੋ ਸਿੱਖ ਰਿਆਸਤਾਂ ਦੇ ਇਲਾਕੇ ਵਿਚ ਤੁਰ ਫਿਰ ਕੇ ਧਰਮ ਪਰਚਾਰ ਵੀ ਕਰਦਾ ਸੀ, ਕੂਕਿਆਂ ਦੇ ਆਪਸੀ ਤੇ ਹੋਰਨਾਂ ਲੋਕਾਂ ਨਾਲ ਝਗੜੇ ਵੀ ਨਿਬੇੜਦਾ ਸੀ। ਉਸਦੀ ਸਹਾਇਤਾ ਲਈ, ਇਸ ਖਿੱਤੇ ਵਿਚ ਥਰਾਜ (ਜ਼ਿਲ੍ਹਾ ਸਿਰਸਾ-ਹਰਿਆਣਾ) ਦਾ ਸੂਬਾ ਖੁਸ਼ਹਾਲ ਸਿੰਘ ਅਤੇ ਨਾਈਵਾਲਾ ਦਾ ਨਾਇਬ ਸੂਬਾ ਰਤਨ ਸਿੰਘ ਵੀ ਸੀ। ਮਾਈਆਂ ਵਿਚ ਸਿੱਖੀ ਪਰਚਾਰ ਦੀ ਸੇਵਾ ਸੂਬਾ ਹੁਕਮ ਕੌਰ



Namdhari Elibrary NamdhariElibrary@gmail.com

ਉਰਫ ਮਾਈ ਹੁਕਮੀ ਵਰਿਆਂਹ ਵਾਲੀ ਨਿਭਾ ਰਹੀ ਸੀ। ਕੇਂਦਰੀ ਪੰਜਾਬ ਦੇ ਖਿੱਤੇ, ਵਿਸ਼ੇਸ਼ ਕਰ ਗੁਜਰਾਂਵਾਲਾ, ਸਿਆਲਕੋਟ, ਲਾਹੌਰ, ਅੰਮ੍ਰਿਤਸਰ ਆਦਿ ਵਿਚ ਦਰੀਆਪੁਰ-ਜ਼ਿਲ੍ਹਾ ਕੈਥਲ ਕਦੇ ਥਾਣਾ ਬੁਢਲਾਡਾ ਅਤੇ ਹੁਣ ਫਤੇਹਾਬਾਦ (ਹਰਿਆਣਾ) ਦਾ ਸੂਬਾ ਬ੍ਰਹਮਾ ਸਿੰਘ ਇੰਚਾਰਜ ਸੀ। ਸੂਬਾ ਹੀਰਾ ਸਿੰਘ ਲੰਮ੍ਹ, ਸਢੌਰਾ (ਅੰਬਾਲਾ) ਕਸ਼ਮੀਰ ਵਿਚ ਕੂਕਾ ਪਲਟਨ ਦਾ ਮੁਖੀ ਸੀ। ਇਉਂ ਹੈਦਰਾਬਾਦ, ਬਨਾਰਸ, ਗਵਾਲੀਅਰ, ਲਖਨਊ ਆਦਿ ਲਈ ਵੀ ਸਤਿਗੁਰੂ ਜੀ ਨੇ ਰਾਜਦੂਤ-ਕਮ-ਸੂਬੇ ਥਾਪੇ ਸਨ। ਇਹ ਸੂਬੇ ਕੂਕਿਆਂ ਦੇ ਮਸਲੇ ਨਿਬੇੜਨ ਤੋਂ ਇਲਾਵਾ, ਨਾਮ ਬਾਣੀ ਅਤੇ ਸਵਦੇਸ਼ੀ ਦਾ ਪਰਚਾਰ ਵੀ ਕਰਦੇ ਸਨ। ਅੰਗਰੇਜ਼ੀ ਮਾਲ ਅਤੇ ਸੰਸਥਾਵਾਂ ਦਾ ਮੁਕੰਮਲ ਬਾਈਕਾਟ ਸੀ। ਬਿਉਪਾਰੀ ਦਾ ਸਮਾਨ ਨਹੀਂ ਵਿਕੇਗਾ ਤਾਂ ਉਸ ਨੂੰ ਜਾਣਾ ਹੀ ਪਵੇਗਾ।

ਸਤਿਗੁਰੂ ਜੀ ਤੇ, ਖੋਟੇ ਪਿੰਡ ਵਿਚ ਅਨੰਦ ਮਰਿਆਦਾ ਲਾਗੂ ਕਰਨ ਬਾਦ ਸਰਕਾਰ ਨੇ ਪਾਬੰਦੀਆਂ ਲਾ ਦਿੱਤੀਆਂ ਕਿ ਉਹ ਬਿਨਾਂ ਪੂਰਵ ਆਗਿਆ ਭੈਣੀ ਸਾਹਿਬ ਤੋਂ ਬਾਹਰ ਨਹੀਂ ਜਾਣਗੇ। ਚਾਰ ਸਾਲ ਬਾਦ ੧੮੬੭ ਈ. ਦੇ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਦੇ ਪੁਰਬ ਸਮੇਂ ਅਤੇ ਫਿਰ ਇਸੇ ਸਾਲ ਦੀਪਾਵਲੀ ਦੇ ਤਿਉਹਾਰ ਸਮੇਂ ਸ੍ਰੀ ਅੰਮ੍ਰਿਤਸਰ ਹਜ਼ਾਰਾਂ ਨਾਮਧਾਰੀ ਸਿੰਘਾਂ ਸਮੇਤ ਪੁੱਜ ਕੇ, ਸਤਿਗੁਰੂ ਜੀ ਨੇ ਸਰਕਾਰੀ ਪਾਬੰਦੀਆਂ ਦੀਆਂ ਧੱਜੀਆਂ ਉੱਡਾ ਦਿੱਤੀਆਂ। ਸਿੱਖ ਤਖਤਾਂ ਦੇ ਪੁਜਾਰੀਆਂ ਨੇ ਸਰਕਾਰੀ ਸ਼ਹਿ ਤੇ ਸਤਿਗੁਰੂ ਜੀ ਅਤੇ ਨਾਮਧਾਰੀ ਸੰਗਤ ਦੀ ਗੁਰੂ ਦਰਬਾਰ ਵਿਚ ਭੇਟਾ ਨਾਂਪਰਵਾਨ ਕੀਤੀ ਅਤੇ ਅਰਦਾਸ ਨਾ ਕੀਤੀ ਤਾਂ ਸੂਬਾ ਬ੍ਰਹਮਾ ਸਿੰਘ ਤੋਂ ਅਰਦਾਸ ਕਰਵਾ ਕੇ ਪਰਸ਼ਾਦ ਜੋ ਲਿਆਂਦਾ ਸੀ ਵਰਤਾ ਦਿੱਤਾ। ਫਿਰ ਰੰਗੂਨ ਵਿਚ ਨਜ਼ਰਬੰਦੀ ਸਮੇਂ ਕਈ ਸਾਲਾਂ ਬਾਦ, ਅੰਮ੍ਰਿਤਸਰ ਦੇ ਪੁਜਾਰੀਆਂ ਦੇ ਨਾਮ ਇਕ ਹੁਕਮਨਾਮੇ ਵਿਚ, ਕਈ ਪੁੱਛਾਂ ਕੀਤੀਆਂ ਅਤੇ ਭਾਈ ਨਰਾਇਣ ਸਿੰਘ ਰੋੜਿਆਂ ਵਾਲੇ ਨੂੰ ਹਦਾਇਤ ਕੀਤੀ ਕਿ ਜੋ ਅਸਾਂ ਲਿਖਿਆ ਹੈ ਖੁਦ ਪੜ੍ਹ ਕੇ ਅੰਮ੍ਰਿਤਸਰ ਦੇ ਪੁਜਾਰੀਆਂ ਨੂੰ ਸੁਨਾਉਣਾ ਹੈ। ਪੁਜਾਰੀਆਂ ਤੋਂ ਪੁੱਛਿਆ ਗਿਆ ਸੀ ਕਿ ਸਾਨੂੰ (ਭਾਵ ਕੂਕਿਆਂ ਨੂੰ) ਸਿੱਖ-ਮੁੱਖਧਾਰਾ ਵਿਚੋਂ ਨਿਖੇੜਨ ਦਾ ਤੁਹਾਡੇ ਪਾਸ ਕੀ ਅਧਿਕਾਰ ਸੀ ਅਤੇ ਇਹ ਪੰਥ ਵੀ ਉਸੇ ਤਰ੍ਹਾਂ ਦਾ ਹੀ ਸਤਿਗੁਰੂ ਦਾ ਕੀਤਾ ਹੋਇਆ ਪੰਥ ਹੈ। ਸਾਡੀ ਰਹਿਤ-ਬਹਿਤ, ਸੁਰਤੀ-ਫੁਰਤੀ, ਮਰਿਆਦਾ-ਮਨਾਉਤਾਂ, ਖਾਣਾ-ਪੀਣਾ, ਬਾਣੀ-ਬਾਣਾ ਸਭ ਗੁਰੂ ਹੁਕਮਾਂ ਦੇ ਅਨੁਕੂਲ ਹੈ ਅਤੇ ਫਿਰ ਤੁਸੀਂ ਥੋਥੀ ਦਲੀਲਬਾਜ਼ੀ ਜਾਂ ਝੂਠੀਆਂ ਊਜਾਂ ਲਾ ਕੇ ਕੂਕਿਆਂ ਨੂੰ ਸਿੱਖੀ ਤੋਂ ਖਾਰਿਜ ਕਰਨ ਦੇ ਜੋ ਫਤਵੇ ਜਾਰੀ ਕੀਤੇ ਹਨ, ਤੁਹਾਨੂੰ ਇਕ ਦਿਨ ਇਹਨਾਂ ਲਈ ਪਛਤਾਉਣਾ ਪਵੇਗਾ। ਸ. ਸ਼ਮਸ਼ੇਰ ਸਿੰਘ ਸੰਧਾਵਾਲੀਏ ਨੇ ੧੮੬੭ ਈ. ਦੀ ਦੀਵਾਲੀ ਸਮੇਂ ਪੁਜਾਰੀਆਂ ਨੂੰ ਸਪੱਸ਼ਟ ਕਿਹਾ ਸੀ ਕਿ ਮੈਂ ਤਾਂ ਬੱਜਰ-ਕੁਰਹਿਤੀਆ ਹਾਂ ਪਰ ਤੁਸੀਂ ਰਾਜ ਦੀ ਤਾਕਤ ਤੋਂ ਡਰ ਕੇ ਮੇਰੀ ਭੇਟਾ ਤਾਂ ਸਵੀਕਾਰ ਕਰ ਰਹੇ ਹੋ। ਕੂਕੇ ਕਿਉਂਕਿ ਸਰਕਾਰ ਦੀ ਅੱਖ ਦੀ ਕਿਰਕਿਰੀ ਬਣ ਚੁੱਕੇ ਹਨ, ਉਹ ਭਾਵੇਂ ਤੁਹਾਥੋਂ ਸੌ ਦਰਜੇ ਵਧੀਆ ਸਿੱਖ ਹਨ, ਉਹਨਾਂ ਦੀ ਭੇਟਾ ਨਾ ਸਵੀਕਾਰ ਕਰਕੇ ਤੁਸੀਂ ਪੰਥ-ਵਿਰੋਧੀ ਸ਼ਕਤੀਆਂ ਦੇ ਹੱਥ-ਠੋਕੇ ਹੋਣ ਦਾ ਸਬੂਤ ਦੇ ਰਹੇ ਹੋ।

ਸਤਿਗੁਰੂ ਰਾਮ ਸਿੰਘ ਜੀ ਦਾ ਮਿਸ਼ਨ ਗਊ-ਗਰੀਬ ਦੀ ਰੱਖਿਆ ਸੀ। ਸਤਿਗੁਰੂ ਨੂੰ 'ਸ਼ਾਹ-ਨਿਵਾਜ' ਨਹੀਂ, ਹਮੇਸ਼ਾਂ 'ਗੁਰੂ-ਗਰੀਬ-ਨਿਵਾਜ਼' ਕਹਿ ਕੇ ਹੀ ਯਾਦ ਕੀਤਾ ਜਾਂਦਾ ਹੈ। ਪੰਜਾਬ ਵਿਚ ਮਿਸਲਾਂ ਦੇ ਸਮੇਂ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੱਕ ਗਊ-ਬੱਧ ਨਹੀਂ ਸੀ ਹੋਇਆ। ਪੰਜਾਬ ਦਾ ਮੁਸਲਿਮ ਭਾਈਚਾਰਾ ਵੀ ਗਊ-ਮਾਸ ਦੀ ਆਦਤ ਤੋਂ ਇਸ ੬੫ ਕੁ ਸਾਲ ਤੱਕ ਵਿਰਵਾ ਰਿਹਾ। ਹੁਣ ਅੰਗਰੇਜ਼ਾਂ ਨੇ ਹਿੰਦੂ-ਸਿੱਖ-ਮੁਸਲਿਮ ਫਸਾਦ ਸ਼ੁਰੂ ਕਰਵਾਉਣ ਲਈ, ਸਿੱਖ ਤੀਰਥ-ਅਸਥਾਨਾਂ ਅੰਮ੍ਰਿਤਸਰ, ਰਾਇਕੋਟ ਆਦਿ ਵਿਚ ਗਊ ਬੱਧ ਲਈ ਬੁੱਚੜਖਾਨੇ ਖੁਲ੍ਹਵਾ ਦਿੱਤੇ। ਕੂਕੇ ਸਿੰਘਾਂ ਨੇ ਇਸ ਨੂੰ ਕੌਮੀ ਸ੍ਵੈਮਾਨ ਲਈ ਵੰਗਾਰ ਦੇ ਤੌਰ ਤੇ ਲਿਆ। ਗਊ ਘਾਤੀਆਂ ਦਾ ਸਫਾਇਆ ਕੀਤਾ। ਉਹ ਅੰਮ੍ਰਿਤਸਰ, ਰਾਇਕੋਟ, ਲੁਧਿਆਣੇ ਫਾਸੀਆਂ ਤੇ ਟੰਗ ਦਿੱਤੇ। ਸਿੰਘਾਂ ਨੇ ਖਿੜੇ ਮੱਥੇ ਸ਼ਹੀਦੀਆਂ ਵਰੀਆਂ, ਬੇਦੋਸ਼ ਸੂਬਾ ਗਿਆਨੀ ਸਿੰਘ ਨੂੰ ਇਕ ਹੋਰ ਹਮ—ਨਾਮ ਰਤਨ ਸਿੰਘ ਸਣੇ, ਫਾਂਸੀ ਦਿੱਤੇ ਜਾਣ ਕਾਰਨ 'ਮਸਤਾਨਾ ਦਲ' ਵਿਚ ਰੋਹ ਦੇ ਭਾਂਬੜ ਮੱਚ ਉੱਠੇ। ਇਹ ਮਸਤਾਨੇ ਸਿੰਘ ਜ਼ਮੀਨਾਂ ਜਾਇਦਾਦਾਂ ਵੇਚ ਕੇ, ਰਿਆਸਤਾਂ ਦੇ ਰਾਜਿਆਂ ਅਤੇ ਅੰਗਰੇਜ਼ ਸਰਕਾਰ ਦੀ ਦੋਹਰੀ ਗੁਲਾਮੀ ਦੇ ਵਿਰੁੱਧ ਲੜਨ ਲਈ, ਮਰਨ ਮੰਡ ਕੇ ਘਰੋਂ ਨਿਕਲੇ ਸਨ। ਨਤੀਜਾ ਮਲੇਰਕੋਟਲੇ ਦਾ ਬੁੱਚੜ-ਬੱਧ ਸਾਕਾ ਅਤੇ ਫੇਰ ੬੬ ਕੂਕੇ ਸੂਰਬੀਰਾਂ ਦਾ ਤੋਪਾਂ ਨਾਲ ਉਡਾ ਕੇ ਅਤੇ ਇਕ ਤਲਵਾਰ ਨਾਲ ਕੱਟ ਕੇ, ਸ਼ਹੀਦ ਕਰਨ ਦਾ ਮਹਾਂ ਦੁਖਾਂਤ ਵਾਪਰਿਆ। ਪਰ ਸੂਰਬੀਰਤਾ ਦਾ ਇਕ ਨਵਾਂ ਅਧਿਆਇ ਪੰਜਾਬ ਦੀ ਬੀਰ-ਗਾਥਾ ਵਿਚ ਮਲੇਰਕੋਟਲੇ ਨੇ ਜੋੜ ਦਿੱਤਾ। ਸਤਿਗੁਰੂ ਜੀ ਅਤੇ ਪ੍ਰਮੁੱਖ ਸੂਬੇ ਜਲਾਵਤਨ ਕਰ ਦਿੱਤੇ ਗਏ। ਭੈਣੀ ਸਾਹਿਬ ਗੁਰਦੁਆਰੇ ਦੇ ਬੂਹੇ ਪੁਲੀਸ ਦੀ ਚੌਕੀ ਅੱਧੀ ਸਦੀ ਤੋਂ ਵਧ ਸਮਾਂ ਤਾਈਨਾਤ ਰਹੀ। ਗੁਰੂ ਹਰੀ ਸਿੰਘ ਨੇ ੩੪ ਸਾਲ ਬਹੁਤ ਬਿਪਤਾ ਵਿਚ ਆਪਣਾ ਸਮਾਂ ਬਤੀਤ ਕੀਤਾ।

ਸਤਿਗੁਰੂ ਰਾਮ ਸਿੰਘ ਮਨੁੱਖੀ ਪ੍ਰਤਿਭਾ ਦਾ ਮਹਾਨ ਜਲੌਅ ਹੈ। ਉਹ ਮਨੁੱਖੀ ਸਿਦਕ ਅਤੇ ਸਿਰੜ ਦੀ ਅਦਭੁਤ ਗਾਥਾ ਪੇਸ਼ ਕਰਦੇ ਹਨ। ਉਹਨਾਂ ਦਾ ਬਿਰਤਾਂਤ, ਵੱਡ-ਕਥਾ ਜਿਉਂ ਵਡਿਆਇਆ ਜਾਂਦਾ ਹੈ। ਉਹ ਮਨੁੱਖੀ ਗੌਰਵ ਦਾ ਸਰਵਉੱਚ ਸਥਾਨ ਹਨ। ਉਹ ਜੂਝਣ ਦੇ ਚਾਉ ਵਿਚ ਸਰਸ਼ਾਰ ਹਨ। ਉਹ ਪੀੜਤ ਲੋਕਾਈ ਦੀ ਆਹ ਬਣ ਕੇ ਆਏ। ਉਹਨਾਂ ਦੀ ਦਇਆ



Namdhari Elibrary NamdhariElibrary@gmail.com

ਦ੍ਰਿਸ਼ਟੀ ਨਾਲ ਹੀ ਦੁਖੀਆਂ ਦੇ ਦੁਖ ਦੂਰ ਹੋ ਗਏ। ਉਹਨਾਂ ਦੇ ਨੂਰਾਨੀ ਦਰਸ਼ਨਾਂ ਦਾ ਇਕ ਕਿਣਕਾ ਪ੍ਰਾਪਤ ਕਰਕੇ ਘਾਹ ਦੀਆਂ ਸੁੱਕੀਆਂ ਤਿੜਾਂ ਫਿਰ ਮਓਲਣ ਲੱਗ ਪਈਆਂ। ਉਹਨਾਂ ਦੀ ਆਮਦ ਤੋਂ ਪਹਿਲਾਂ ਜਿਸ ਸਿੱਖੀ ਬਾਗ ਤੇ ਪਤਝੜ ਛਾਈ ਹੋਈ ਸੀ, ਉਹ ਬਹਾਰ ਦੀ ਮਸਤੀ ਵਿਚ ਝੂਮ ਉਠਿਆ। ਭਾਈ ਗੁਰਦਾਸ ਦੀ ਰਚਨਾ ਵਿਚਲੀ—ਘਰ ਘਰ ਅੰਦਰ ਧਰਮਸਾਲ—ਹੁਣ ਬਣ ਗਈ ਸੀ ਤੇ 'ਸਦਾ ਦੀਵਾਲੀ ਸਾਧ ਦੀ, ਅੱਠੇ ਪਹਿਰ ਬਸੰਤ' ਰੂਪਮਾਨ ਹੋ ਰਹੀ ਸੀ। ਢੋਲਕੀ ਛੈਣਿਆਂ ਦੀ ਛਹਿਬਰ ਸ਼ਬਦ ਦੀਆਂ ਧੁਨੀਆਂ ਨਾਲ ਗੂੰਜਾਂ ਪਾ ਰਹੀ ਸੀ। ਮੁਰਦਾ ਰੂਹਾਂ ਵਿਚ ਜ਼ਿੰਦਗੀ ਦਾ ਮਧੁਰ ਸੰਗੀਤ ਰੁਮਕਣ ਲੱਗ ਪਿਆ ਸੀ। ਸਤਿਗੁਰੂ ਰਾਮ ਸਿੰਘ ਕੌਮੀ ਮੁਕਤੀ ਅੰਦੋਲਨ ਦੇ ਇਕ ਪਰਤੀਕ ਬਣ ਗਏ ਸਨ। ਕਦੇ ਅਟਕ ਨੇ ਪੰਜਾਬ ਦੇ ਇਕ ਸੂਰਬੀਰ ਮਹਾਰਾਜੇ ਨੂੰ ਰਾਹ ਦਿੱਤਾ ਸੀ ਤੇ ਹੁਣ ਸੂਕਦਾ ਝਨਾਂ ਆਪਦਿਆਂ ਚਰਨਾਂ ਵਿਚ ਵਿਛ ਕੇ, ਮਨੁੱਖੀ ਅਜ਼ਮਤ ਦੀ ਬਰਕਤ ਦੀਆਂ ਬਾਤਾਂ ਪਾਉਣ ਲੱਗ ਪਿਆ ਸੀ। ਇਸੇ ਦ੍ਰਿੜ੍ਹਤਾ ਤੇ ਕਿਰਦਾਰ ਦੀ ਬੁਲੰਦੀ ਨੂੰ ਉਸਤਾਦ ਦਾਮਨ ਨੇ ਆਪਣੇ ਸ਼ਬਦਾਂ ਵਿਚ, ਇਰਾਦੇ ਦੀ ਪੁਖ਼ਤਗੀ ਨਾਲ ਇਉਂ ਜੋੜਿਆ ਸੀ:-

"ਬੰਦਾ ਚਾਹਵੇ ਤੇ ਕੀ ਨਹੀਂ ਕਰ ਸਕਦਾ,
ਮੰਨਿਆ ਵਕਤ ਹੈ ਤੰਗ ਤੋਂ ਤੰਗ ਆਉਂਦਾ।
ਰਾਂਝਾ ਤਖ਼ਤ ਹਜ਼ਾਰਿਉਂ ਟੁਰੇ ਤਾਂ ਸਹੀ,
ਪੈਰਾਂ ਹੇਠ ਸਿਆਲਾਂ ਦਾ ਝੰਗ ਆਉਂਦਾ।"

ਉਹ ਆਪਣੇ ਭਾਈ ਗੁਰੂ ਹਰੀ ਸਿੰਘ ਦੇ ਨਾਮ ਇਕ ਹੁਕਮਨਾਮੇ ਵਿਚ ਲਿਖਦੇ ਹਨ ਕਿ ਦੂਜੇ ਪਿੰਡਾਂ ਦੇ ਲੋੜਵੰਦਾਂ ਨੂੰ ਵੀ ਗੱਡਾ ਬੈਲ ਆਦਿ ਵਰਤਣ ਲਈ ਦੇ ਦੇਣੇ। ਇਕ ਸਿੰਘ ਦੇ ਨਾਮ ਇਕ ਕਿਰਪਾ ਪੱਤਰ ਵਿਚ ਲਿਖਦੇ ਹਨ—ਥੋਹੜੇ ਕੱਖ ਪੱਠੇ ਤੋਂ ਸੀਰੀ ਨਾਲ ਨਰਮਾਈ ਰੱਖਣੀ। ਭਾਈ ਦਰਬਾਰਾ ਸਿੰਘ ਨੂੰ ਲਿਖਦੇ ਹਨ—ਹੁਣ ਅੱਗੇ ਵਾਲਾ ਕਰੜਾ ਸੁਭਾਉ ਨਹੀਂ ਰੱਖਣਾ। ਕੁੜੀ-ਮਾਰਾਂ ਨਾਲ ਸਮਾਜਿਕ ਬਾਈਕਾਟ ਦਾ ਸੱਦਾ ਦਿੰਦੇ ਹਨ। ਲੋੜਵੰਦਾਂ ਨੂੰ ਮਣ ਦਾਣੇ ਦੇ ਕੇ ਦੋ ਮਹੀਨੇ ਬਾਦ ਡੇਢ ਮਾਣ ਵਸੂਲਣ ਦੇ ਦਮਨਕਾਰੀ ਰਿਵਾਜਾਂ ਅਤੇ ਜ਼ਰੂਰਤਮੰਦਾਂ ਨੂੰ ਵਰਤਣ ਲਈ ਦਿੱਤੀ ਰਕਮ ਤੇ ਵਿਆਜ ਵਸੂਲਣ ਦੀ ਸਖ਼ਤ ਮਨਾਹੀ ਕਰਦੇ ਹਨ— ਕੁੜੀ ਜੰਮਦੀ ਨੂੰ ਮਾਰਨਾ ਨਹੀਂ, ਉਸ ਨੂੰ ਵੱਡੀ ਹੋਈ ਨੂੰ ਪਸ਼ੂਆਂ ਜਿਉਂ ਵੇਚਣਾ ਨਹੀਂ ਅਤੇ ਵੱਟਾ ਨਹੀਂ ਕਰਨਾ। ਵੱਟਾ ਕਿਉਂ ਨਹੀਂ, ਕਿਉਂਕਿ ਇਸ ਤਰ੍ਹਾਂ ਮੁੰਡੇ ਕੁੜੀ ਦੀਆਂ ਉਮਰਾਂ-ਸ਼ਕਲਾਂ ਵਿਚ ਕਾਫੀ ਅੰਤਰ ਵੀ ਹੋ ਸਕਦਾ ਹੈ। ਸਮਾਜ ਵਿਚ ਜਿਹੜੇ ਸਭ ਤੋਂ ਜ਼ਿਆਦਾ ਸਤਾਏ ਅਤੇ ਲਿਤਾੜੇ ਗਏ ਸਨ ਕਵੀ ਦੇ ਸ਼ਬਦਾਂ ਵਿਚ "ਧੀਆਂ ਗਊਆਂ ਕਾਮਿਆਂ ਦਾ ਜ਼ੋਰ ਕੀ ਹੈ ਸਦੇ ਰਾਮਾਂ।"- ਸਤਿਗੁਰੂ ਰਾਮ ਸਿੰਘ ਉਹਨਾਂ ਦੇ ਨਾਲ ਖਲੋਤੇ ਨਜ਼ਰ ਆਉਂਦੇ ਹਨ। ਦਸਤਕਾਰਾਂ ਨੇ ਪਿੰਡ ਦੇ ਕਿਸਾਨ ਭਾਈਚਾਰੇ ਦੀ ਸ਼ਕਾਇਤ ਕੀਤੀ ਕਿ ਸਾਡੀ ਬਣਦੀ ਮਿਹਨਤ, ਦਿਆਨਤਦਾਰੀ ਨਾਲ ਅਦਾ ਨਹੀਂ ਕੀਤੀ ਜਾਂਦੀ। ਸਾਡਾ ਹੱਥ ਹਮੇਸ਼ਾਂ ਤੰਗ ਰਹਿੰਦਾ ਹੈ। ਜੁਆਬ ਵਿਚ ਫ਼ੁਰਮਾਇਆ— "ਮੈਂ ਤੁਹਾਡੀ ਕੁਲ ਵਿਚ ਇਹਨਾਂ ਮੁਸੀਬਤਾਂ ਦਾ ਖ਼ਾਤਮਾ ਕਰਨ ਹੀ ਆਇਆ ਹਾਂ। ਤੁਹਾਡੇ ਬਿਪਤਾ ਦੇ ਦਿਨ ਕੱਟੇ ਗਏ ਹਨ। ਸਾਫ ਨੀਅਤ ਤੇ ਸਾਫ ਹੱਥਾਂ ਨਾਲ ਜਿਹੜੇ ਵੀ ਕਾਰ ਵਿਹਾਰ ਕਰੋਗੇ, ਲਹਿਰਾਂ ਬਹਿਰਾਂ ਹੋ ਜਾਣਗੀਆਂ।"

ਖ਼ੈਰ, ਇਹ ਤੇ ਭਾਈਚਾਰੇ ਦੀਆਂ ਦੰਦ-ਕਥਾਵਾਂ ਹਨ- ਸਤਿਗੁਰੂ ਰਾਮ ਸਿੰਘ ਦੀ ਕਰਨੀ ਨੂੰ ਜਿਹਾ ਕਿ ਉੱਪਰ ਵਰਣਿਤ ਹੈ, ਇਕ ਜਾਤੀ ਵਿਸ਼ੇਸ਼ ਨਾਲ ਨਹੀਂ ਜੋੜਿਆ ਜਾ ਸਕਦਾ। ਉਸ ਦੀਆਂ ਕਰਨੀਆਂ ਦਾ ਪਾਰਾਵਾਰ ਨਹੀਂ। ਉਸ ਦੀਆਂ ਖੇਡਾਂ/ਕਉਤਕ ਬੇਸ਼ੁਮਾਰ ਹਨ। ਉਸਦੇ ਮਨੋਭਾਵ ਬੜੇ ਕੋਮਲ ਹਨ ਉਹ ਤਾਂ ਸਾਰੇ ਜਹਾਨ ਦੇ ਦੁੱਖ ਦਰਦ ਆਪਣੇ ਪੱਲੇ ਵਿਚ ਪੁਆ ਕੇ ਸਭ ਨੂੰ ਰਾਜ਼ੀ ਖ਼ੁਸ਼ੀ ਵੇਖਣਾ ਚਾਹੁੰਦੇ ਹਨ। ਤਾਂ ਹੀ ਉਸ ਦੇ ਪੈਰੋਕਾਰ ਰੋਜ਼ਾਨਾ ਆਪਣੀ ਅਰਦਾਸ ਵਿਚ ਦੁਹਰਾਉਂਦੇ ਹਨ—"ਧਰਤੀ ਤੇ ਧਰਮ ਵਰਤਾਉ (ਭਾਵ ਨੇਕੀ ਦੀਆਂ ਤਾਕਤਾਂ ਨੂੰ ਪ੍ਰਫੁੱਲਤ ਕਰੋ), ਗਊ ਗਰੀਬ ਦੇ ਕਸ਼ਟ ਦੂਰ ਕਰੋ, ਬੰਦੀਖਾਨੇ ਦੀ ਬੰਦ ਖਲਾਸ ਕਰੋ- ਹੇ ਸਤਿਗੁਰੂ ਰਾਮ ਸਿੰਘ ਜੀ! ਤੇਰੀ ਕਿਰਪਾ ਨਾਲ ਕੋਈ ਦੁਖੀਆ ਰਹੇ ਹੀ ਨਾ।" ਇਹੋ ਜਿਹੀ ਸੰਵੇਦਨਾ ਕਦੇ ਉਰਦੂ ਸ਼ਾਇਰ ਨੇ ਪ੍ਰਗਟ ਕੀਤੀ ਸੀ :-

"ਕਾਂਟਾ ਚੁਭੇ ਕਿਸੀ ਕੋ ਤੜਪਤੇ ਹੈਂ ਐ 'ਮੀਰ'!
ਸਾਰੇ ਜਹਾਂ ਕਾ ਦਰਦ ਹਮਾਰੇ ਦਿਲ ਮੇਂ ਹੈ।"

ਉਹ ਨਾਮਧਾਰੀਆਂ ਦਾ ਨਹੀਂ, ਉਹ ਸਾਰਿਆਂ ਦਾ ਹੈ! ਸਿਰਫ ਖੰਡਾਂ-ਬ੍ਰਹਿਮੰਡਾਂ ਦਾ ਮਾਲਕ ਹੀ, ਸਾਰੀ ਲੁਕਾਈ ਦੇ ਦਿਲਾਂ ਦੀਆਂ ਧੜਕਣਾਂ ਨੂੰ, ਆਪਣੇ ਵਿਸ਼ਾਲ ਹਿਰਦੇ ਵਿਚ ਮਹਿਸੂਸ ਕਰ ਸਕਦਾ ਹੈ। ਉਸ ਦੀ ਵਿਸ਼ਾਲਤਾ ਦਾ ਕੋਈ ਇਕ ਅਣੂ, ਸਾਡੀਆਂ ਔੜਾਂ, ਲੋੜਾਂ, ਥੁੜਾਂ ਅਤੇ ਸੌੜੇਪਣ ਨੂੰ ਦੂਰ ਕਰਨ ਦਾ ਕਾਰਨ ਬਣ ਸਕਦਾ ਹੈ।

*ਕਰੀਵਾਲਾ (ਸਿਰਸਾ)*
੨੦੧੬੯੮-੨੭੪੫੬੨

**ਸੁੰਦਰ ਸਰੂਪ**

ਸੁੰਦਰ ਸਰੂਪ ਦੇਖਕੇ ਧੀਰਜ ਆਇ ਜਾਂਦੀ ਹੈ। ਖੰਡਾਂ ਬ੍ਰਹਿਮੰਡਾਂ ਕੀ ਜੋਤ ਸਰਬ ਬਿਆਪੀ, ਕੋਟ ਸੂਰਜ ਦਾ ਪ੍ਰਕਾਸ਼, ਸੂਰਜ ਬੰਸ ਕੇ ਮਾਲਕ ਬਾਦੀ ਬੰਸ ਮੇ ਆਇ ਅਵਤਾਰ ਧਾਰਿਆ ਹੈ। ਲਾਲ ਵਾਂਗੂ ਮੂਰਤੀ ਦਮਕਦੀ ਹੈ। ਸਰੀਰ ਮੇਂ ਗੰਧ ਨਹੀਂ ਹੈ ਜੈਸੇ ਜੀਆਂ ਕੇ ਜੋੜ ਤੇ ਗੰਧਾਂ ਹੈਨ। ਸਰੂ ਵਾਂਗੂ ਸਰੀਰ ਪਤਲਾ, ਸੁਖਮ ਅੰਗ ਪਤਲੇ ਹੈਂ। ਜੈਸੇ ਸੂਰਜ ਚੜ੍ਹਦਾ ਹੈ ਤਿਸੀ ਤਰ੍ਹਾਂ ਦਿਲਾਂ ਕੇ ਅੰਧੇਰੇ ਕੋ ਦੂਰ ਕਰਨਗੇ। ਪਾਪੀਆਂ ਕੋ ਸੇਕ ਪਹੁੰਚੇਗਾ ਸੰਤਾਂ ਕੋ ਖੁਸ਼ੀ ਹੋਵੇਗੀ। ਧਰਮ ਵਧੇਗਾ ਪਾਪ ਘਟੇਗਾ।

*—ਸਤਿਗੁਰੂ ਬਿਲਾਸ*



Namdhari Elibrary NamdhariElibrary@gmail.com




*ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਦਰਜ*

# ਸਿੰਘ ਕੂਕਿਓਂ ਕੀ ਕਥਾ

*—ਗਿਆਨੀ ਗਿਆਨੀ ਸਿੰਘ*

(੧)

ਪੰਥ ਖਾਲਸੇ ਮੇਂ ਏਕ ਸ਼ਾਖ ਕੂਕੇ ਸਿੰਘਨ ਕੀ, ਤੀਸਕ ਬਰਸ ਤੇ ਜੋ ਬਿਦਤੇ ਮਹਾਨ ਹੈ।
ਸਬਦ ਕੀ ਮਸਤੀ ਮੇਂ ਹਾਲ ਤੇ ਬੇਹਾਲ ਹੋਇ, ਸਿਰ ਤੇ ਉਤਰ ਜਾਤ ਦਸਤਾਰ ਤਾਨ ਹੈ।
ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਦਾਰੀ, ਕੂਕ ਮਾਰਨੇ ਤੇ ਕੂਕੇ ਜਗਤ ਬਖਾਨ ਹੈ।
ਏਕ ਦਸਤਾਰ ਕੇ ਉਤਾਰ ਬਿਨ ਔਰ ਰੀਤ, ਚਾਹੀਯਤ ਜੈਸੀ ਤੈਸੀ ਤਿਨ ਮੈਂ ਪ੍ਰਧਾਨ ਹੈ।

ਖਾਲਸਾ ਪੰਥ ਵਿਚ ਇਕ ਸ਼ਾਖ ਕੂਕੇ ਸਿੰਘਾਂ ਦੀ ਹੈ ਜੋ ਤੀਹ ਕੁ ਸਾਲਾਂ ਤੋਂ ਬਹੁਤ ਪ੍ਰਸਿੱਧ ਹੈ।
(ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਦੂਜੀ ਐਡੀਸ਼ਨ ੧੯੪੬ ਬਿਕਰਮੀ ਵਿਚ ਛੱਪੀ ਸੀ)
ਸ਼ਬਦ ਦੀ ਮਸਤੀ ਵਿਚ ਹਾਲ ਤੋਂ ਬੇਹਾਲ (ਬੇ-ਸੁਧ) ਹੋ ਜਾਂਦੇ ਹਨ
ਅਤੇ ਉਹਨਾਂ ਦੀ ਦਸਤਾਰ (ਪਗੜੀ) ਸਿਰ ਤੋਂ ਉਤਰ ਜਾਂਦੀ ਹੈ।
ਉਹਨਾਂ ਦਾ ਸਹੀ ਨਾਮ ਨਾਮਧਾਰੀ ਹੈ ਜੋ ਸ੍ਰੇਸ਼ਟ ਹੈ।
ਕੂਕਾਂ ਮਾਰਨ ਕਰਕੇ ਜਗਤ ਉਹਨਾਂ ਨੂੰ ਕੂਕੇ ਕਹਿੰਦਾ ਹੈ।
ਸਿਵਾਏ ਪਗੜੀ ਉਤਾਰਨ ਵਾਲੀ ਇਕ ਗੱਲ ਤੋਂ
ਹੋਰ ਜਿਸ ਤਰ੍ਹਾਂ ਚਾਹੀਦਾ ਸੀ ਓਹੋ ਰੀਤ ਉਹਨਾਂ ਵਿਚ ਪ੍ਰਧਾਨ (ਪ੍ਰਮੁੱਖ) ਹੈ।



Namdhari Elibrary NamdhariElibrary@gmail.com

(੨)

ਭਏ ਕੂਕੇ ਜੈਸ ਅਬ ਸੁਨ ਲੇਹੁ ਤੈਸ ਸਭਿ, ਰਾਜ ਸਿੰਘ ਥੈਸ ਜਬਿ ਦੇਸ ਏਸ ਸਾਵਤੇ।
ਅਟਕ ਦਰਯਾਉ ਤਟ ਛੋਈ ਨਾਮ ਗਾਮ ਮਾਂਹਿ, ਪੋਠੋਹਾਰ ਦੇਸ ਮਾਂਹਿ ਸਮ ਅਮਰਾਵਤੇ।
ਸੰਮਤ ਅਠਾਰਾਂ ਸੌ ਛਿਪੰਜਾ ਮੈਂ ਬਾਲਕ ਸਿੰਘ, ਭਯੋ ਅਵਤਾਰ ਤਾਹਿ ਈਸ ਅੰਸ਼ ਭਾਵਤੇ।
ਜਾਤ ਕਾ ਅਰੋੜਾ ਭਯੋ ਭਗਤ ਅਮੋੜਾ, ਨਾਮ ਜਪਯੋ ਨਾ ਥੋੜਾ ਛੋੜਾ ਵਿਸ਼ੇ ਰਸ ਯਾਵਤੇ।

ਜਿਵੇਂ ਕੂਕੇ ਹੋਏ ਹੁਣ ਉਹ ਸਭ ਉਵੇਂ ਹੀ ਸੁਣ ਲਵੋ,
ਜਦੋਂ ਇਸ ਦੇਸ ਵਿਚ ਸਿੰਘਾਂ ਦਾ ਪ੍ਰਤਾਪੀ ਰਾਜ ਸੀ
ਅਟਕ ਦਰਿਆ ਦੇ ਕੰਢੇ ਤੇ ਛੋਈ ਨਾਮੀ ਪਿੰਡ ਵਿਚ
ਜੋ ਪੋਠੋਹਾਰ ਦੇਸ (ਇਲਾਕੇ) ਵਿਚ (ਦੇਵਤਿਆਂ ਦੀ ਪੁਰੀ) ਅਮਰਾਵਤੀ ਸਮਾਨ ਸੀ
ਓਥੇ ਸੰਮਤ ਅਠਾਰਾਂ ਸੌ ਛਪਿੰਜਾ ਵਿਚ ਈਸ਼ਵਰ ਦੀ ਅੰਸ
ਬਾਲਕ ਸਿੰਘ ਦਾ ਅਵਤਾਰ ਹੋਇਆ
ਓਹ ਜਾਤ ਦਾ ਅਰੋੜਾ ਸੀ ਅਤੇ ਬਗੈਰ ਮੋੜ ਰੁਕਾਵਟ ਤੋਂ ਭਗਤੀ ਕਰਦਾ ਸੀ।
ਉਸ ਨੇ ਵਿਸ਼ੇ ਅਤੇ ਰਸਾਂ ਦਾ ਤਿਆਗ ਕੀਤਾ ਹੋਇਆ ਸੀ
ਅਤੇ ਨਾਮ ਥੋਹੜਾ ਨਹੀਂ ਜਪਿਆ (ਭਾਵ ਬਹੁਤ ਨਾਮ ਜਪਿਆ)

(੩)

ਨਾਮ ਸਿੰਘ ਬਾਲਕ ਪੈ ਪਾਲਕ ਪੈਗੰਬਰੋਂ ਕੇ, ਅੰਬਰੋਂ ਕੇ ਮਾਲਕ ਅਡੰਬਰੋਂ ਕੇ ਤਿਆਗੀ ਹੈਂ।
ਤਾਲਕ ਰਖੈ ਹੈਂ ਏਕ ਖਾਲਕ ਸੈਂ ਸਾਲਕ ਸੋ, ਗਾਲਕ ਬਿਕਾਰਨ ਕੇ ਚਾਲਕ ਵਿਰਾਗੀ ਹੈਂ।
ਗੋਇ ਰਾਖੀ ਘਟ ਦੀਪ ਜਿਮ ਨਿਜ ਅਜਮਤ, ਸਜਮਤ ਭਗਤ ਵਿਰੱਕਤ ਅਦਾਗੀ ਹੈਂ।
ਕੀਰਤਨ ਕਥਾ ਸਤਿਸੰਗ ਜਥਾ ਜੋਗ ਤਥਾ, ਰਾਖਤ ਥਾ ਭਾਖਿਤ ਥਾ ਭਜਨ ਸਜਾਗੀ ਹੈਂ।
ਓਹਨਾਂ ਦਾ ਨਾਮ ਬਾਲਕ ਸਿੰਘ ਹੈ ਉਹ ਪੈਗੰਬਰਾਂ ਦੇ ਪਾਲਕ ਹਨ
ਉਹ ਅੰਬਰਾਂ (ਆਕਾਸ਼ਾਂ ਬ੍ਰਹਿਮੰਡਾਂ) ਦੇ ਮਾਲਕ ਹਨ ਪਰ ਅਡੰਬਰਾਂ (ਵਿਖਾਵਿਆਂ) ਦੇ ਤਿਆਗੀ ਹਨ।
ਉਹ ਕੇਵਲ ਇਕ ਸ੍ਰਿਸ਼ਟੀ ਦੇ ਮਾਲਕ (ਪਰਮਾਤਮਾ) ਦੇ ਪ੍ਰੇਮੀਆਂ ਨਾਲ ਸਬੰਧ (ਸੰਪਰਕ) ਰੱਖਦੇ ਹਨ।
ਉਹ ਵਿਕਾਰਾਂ ਨੂੰ ਗਾਲਣ ਵਾਲੇ ਅਤੇ ਵੈਰਾਗੀ ਚਾਲਕ ਹਨ।
ਓਹਨਾਂ ਆਪਣੀ ਅਜ਼ਮਤ (ਵਡਿਆਈ) ਇਵੇਂ ਲੁਕਾ ਕੇ ਰੱਖੀ ਜਿਵੇਂ
ਘੜੇ ਵਿਚ ਦੀਵਾ ਜਗਾ ਕੇ ਰਖਿਆ ਹੋਵੇ।
ਉਹ ਮਤ ਦੀ ਸਜਾਵਟ ਬੇਦਾਗ ਵਿਰਕਤ ਭਗਤ ਹਨ
ਜਿਨਾਂ ਹੋ ਸਕੇ (ਵੱਧ ਤੋਂ ਵੱਧ) ਕੀਰਤਨ, ਕਥਾ, ਸਤਿਸੰਗ ਕਰਦੇ ਅਤੇ
ਚੇਤਨ ਹੋ ਕੇ ਭਜਨ ਕਰਦੇ ਅਤੇ ਉਪਦੇਸ਼ ਕਰਦੇ ਹਨ।

(੪)

ਸੰਮਤ ਪਚਾਸੀਏ ਮੈ ਹਜਰੋ ਗ੍ਰਾਮ ਮਾਂਹਿ, ਭਾਈ ਤਾਹਿ ਕੇ ਦੁਕਾਨ ਆਏ ਤਹਾਂ ਜੋ ਕਈ।
ਯਾਹਿ ਹੇਤ ਬਾਲਕ ਮਰਗੇਸ ਭੀ ਬਸੇਸ ਤਹਾਂ, ਆਇਕੇ ਨਿਵਾਸ ਕੀਨ ਕਿਰਤ ਕਰਕੇ ਖਈ।
ਤਾਹਿ ਕੇ ਪ੍ਰਤਾਪ ਕਰ ਹਜਰੋ ਅਮਾਪਵਰ, ਭਯੋ ਸਮ ਔਧ ਤਰ ਮੰਦਤਾ ਬਲੈ ਗਈ।
ਭਏ ਲੋਗ ਵਡਭਾਗੀ ਭਗਤੀ ਮੈ ਮਤ ਪਾਗੀ, ਸੰਤ ਸੰਗ ਮਾਹਿ ਜਾਗੀ ਸੰਤ ਸੇਵਹੂੰ ਠਈ।

ਸੰਮਤ ੧੮੮੫ (ਬਿਕਰਮੀ) ਵਿਚ ਉਹਨਾਂ ਦੇ ਭਰਾ ਨੇ
ਹਜਰੋ ਪਿੰਡ ਵਿਚ ਆ ਕੇ ਜੋ ਦੁਕਾਨ ਪਾਈ



Namdhari Elibrary NamdhariElibrary@gmail.com

ਇਸ ਵਾਸਤੇ ਹੀ ਬਾਲਕ ਮ੍ਰਿਗੇਸ਼ (ਸਿੰਘ) ਵੀ ਓਥੇ ਵਿਸ਼ੇਸ਼ ਕਰਕੇ
ਆ ਕੇ ਨਿਵਾਸ ਕੀਤਾ ਅਤੇ ਕਿਰਤ ਕਰਕੇ ਖਾਧੀ।
ਉਹਨਾਂ ਦੇ ਪ੍ਰਤਾਪ ਸਦਕੇ ਹਜਰੋ ਹਦੋਂ ਵਧ ਸਰੇਸ਼ਟ
ਹੋ ਕੇ ਅਯੁਧਿਆ ਦੇ ਤੁਲ ਹੋ ਗਈ ਅਤੇ ਬੁਰਾਈਆਂ ਦੂਰ ਹੋ ਗਈਆਂ
ਲੋਕ ਵਡੇ ਭਾਗਾਂ ਵਾਲੇ ਹੋ ਗਏ ਭਗਤੀ ਵਿਚ ਉਹਨਾਂ ਦੀ ਮਤਿ ਮਗਨ ਹੋ ਗਈ।
ਸੰਤਾਂ ਦੀ ਸੰਗਤ ਵਿਚ ਉਹ ਜਾਗ੍ਰਿਤ
ਹੋ ਗਏ ਅਤੇ ਸੰਤ ਸੇਵਾ ਨੂੰ ਸਮਰਪਿਤ ਹੋ ਗਏ।

(੫)

**ਬਾਲਕ ਮ੍ਰਗੇਸ਼ ਤੇ ਵਿਸ਼ੇਸ਼ ਉਪਦੇਸ਼ ਨਾਮ, ਯਦੀ ਨਰ ਨਾਰੀ ਲੇ ਅਪਾਰੀ ਭਵ ਤੈ ਤਰੇ।**
**ਔਰ ਇਲਹਾਮ ਕਈ ਬਾਰ ਕਰਤਾਰ ਦਯੋ, ਨਾਮ ਦੈ ਉਧਾਰ ਕਰ ਜੀਵਨ ਕਾ ਤੂੰ ਖਰੇ।**
**ਐਪੇ ਗੁਰ ਦਸਮ ਦਰਸ ਦੈ ਜੋ ਕਹਿਯੋ ਤਾਂਹਿ, ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ।**
**ਯਾਹਿ ਹੇਤ ਤਾਂਹਿ ਨਾਂਹਿ ਔਰ ਕਾਂਹਿ ਮਾਂਹਿ, ਨਿਜ ਸਕਤ ਰਖਾਈ ਗੁਰਵਾਕ ਦ੍ਰਿਢ ਥੇ ਧਰੇ।**

ਬਾਲਕ ਸਿੰਘ ਜੀ ਤੋਂ ਵਿਸ਼ੇਸ਼ ਨਾਮ ਦਾ ਉਪਦੇਸ਼ ਲੈ ਕੇ ਬਹੁਤ ਸਾਰੇ
ਨਰ (ਆਦਮੀ) ਅਤੇ ਨਾਰੀਆਂ (ਔਰਤਾਂ) ਅਪਾਰ ਭਵ ਸਾਗਰ ਨੂੰ ਤਰ ਗਏ।
ਅਤੇ ਕਈ ਵਾਰ ਕਰਤਾਰ ਪਰਮਾਤਮਾ ਨੇ ਇਲਹਾਮ (ਆਕਾਸ਼ਬਾਣੀ) ਕੀਤਾ ਕਿ
ਲੋਕਾਂ ਨੂੰ ਨਾਮ ਦੇ ਕੇ ਉਹਨਾਂ ਦਾ ਜੀਣਾ ਸੁੱਚਾ ਬਣਾ
ਅਤੇ ਉਹਨਾਂ ਦਾ ਉਧਾਰ ਕਰ।
ਦਸਮ ਗੁਰੂ ਨੇ ਆਪ ਦਰਸ਼ਨ ਦੇ ਕੇ ਉਹਨਾਂ ਨੂੰ ਕਿਹਾ
ਕਿ ਮੇਰੀ ਹੀ ਅੰਸ਼-ਅਵਤਾਰ ਰਾਮ ਸਿੰਘ ਹੈ।
ਇਸੇ ਵਾਸਤੇ ਉਹਨੂੰ ਹੀ, ਹੋਰ ਕਿਤੇ ਵੀ ਨਾ
ਮੈਂ ਆਪਣੀ ਸ਼ਕਤੀ ਪ੍ਰਦਾਨ ਕੀਤੀ ਹੈ।
ਗੁਰੂ ਜੀ ਨੇ ਇਹ ਵਾਕ ਦ੍ਰਿੜ ਕਰਵਾਏ।

(੬)

**ਸੋਈ ਨੇਤ ਫੁਰੀ ਆਇ ਸੰਮਤ ਬਹਤਰੇ ਮੈਂ, ਮਾਂਘ ਸੁਦੀ ਪੰਚਮੀ ਸਵੇਰੇ ਗੁਰੁ ਵਾਰ ਕੈ।**
**ਜ਼ਿਲੇ ਲੁਧਿਆਣੇ ਗਾਮ ਭੈਣੀ ਨਾਮ ਜਾਣੇ ਆਮ, ਅਵਤਰੇ ਸਿੰਘ ਰਾਮ ਕਲਮਲੇ ਟਾਰ ਕੈ।**
**ਜਾਤ ਤਰਖਾਨ ਜੱਸਿ ਨਾਮ ਕੇ ਅੱਵਸੇ ਘਰ, ਸਦਾ ਮਾਤ ਸੈ ਪਰਕਾਸੇ ਨਾਮ ਪਰਚਾਰ ਕੈ।**
**ਬਾਲਕ ਹੀ ਪਨ ਸੈਂ ਥੇ ਈਸਵਰ ਕੋ ਮਨ ਸੈਂ ਥੇ, ਧਯਾਵਤੇ ਸ ਗਨ ਸੈਂ ਥੇ, ਜਨੋ ਕੇ ਸੁਧਾਰ ਕੈ।**

(ਦਸਮ ਗੁਰੂ ਦੀ) ਨਿਸ਼ਚਿਤ ਕੀਤੀ ਉਹ ਹੀ ਗੱਲ ਅਮਲ
ਵਿਚ ਆਈ ਅਤੇ ਸੰਮਤ ੧੯੭੨ ਵਿਚ ਮਾਘ ਸੁਦੀ ਪੰਚਮੀ
(ਬਸੰਤ ਪੰਚਮੀ) ਵੀਰਵਾਰ ਸਵੇਰੇ
ਜ਼ਿਲਾ ਲੁਧਿਆਣਾ ਦੇ ਪਿੰਡ, ਜਿਹਨੂੰ ਆਮ ਕਰਕੇ ਭੈਣੀ
ਨਾਮ ਨਾਲ ਜਾਣਿਆ ਜਾਂਦਾ ਹੈ ਉਸ ਵਿਚੋਂ ਪਾਪ,
ਦੋਸ਼ਾਂ ਬੁਰਾਈਆਂ ਨੂੰ ਹਟਾ ਕੇ ਰਾਮ ਸਿੰਘ ਜੀ
ਨੇ ਅਵਤਾਰ ਲਿਆ।
ਉਹਨਾਂ ਨੇ ਤਰਖਾਨ ਜਾਤੀ ਦੇ ਜੱਸੇ ਨਾਮ ਦੇ ਵਿਅਕਤੀ ਦੇ



Namdhari Elibrary NamdhariElibrary@gmail.com

ਨਾ ਵਸੇ ਹੋਏ ਘਰ ਵਿਚ ਮਾਤਾ ਸਦਾਂ ਤੋਂ ਨਾਮ
ਦੇ ਪਰਚਾਰ ਵਾਸਤੇ ਪ੍ਰਕਾਸ਼ ਕੀਤਾ।
ਉਹ ਆਪਣੇ ਬਚਪਣ ਤੋਂ ਹੀ ਈਸ਼ਵਰ ਨੂੰ ਮਨੋ ਹੋ ਕੇ
ਬਹੁਤ ਸਾਰੇ ਸੰਗੀਆਂ ਨੂੰ ਲੈ ਕੇ ਲੋਕਾਂ
ਦੇ ਸੁਧਾਰ ਵਾਸਤੇ ਧਿਆਂਵਦੇ।

(੭)

**ਬਡੇ ਥਾਇ ਜਾਇ ਕੇ ਲਹੌਰ ਪਲਟਨ ਮਾਂਹਿ, ਠਾਠ ਲੀਨ ਨੌਕਰੀ ਪਛਾਨ ਕੈ ਸੁਕ੍ਰਿਤ ਹੈ।**
**ਬਾਨੀ ਗੁਰੂ ਕੀ ਪਢੈ ਹੈਂ ਭਜਨ ਕਰੈ ਹੈਂ, ਚੈਹੈਂ ਰਹਿਨੋ ਇਕੰਤ ਦੇਹੈਂ ਆਜਜ਼ੇ ਕੋ ਬਿੱਤ ਹੈ।**
**ਸੰਮਤ ਅਠਾਰਾਂ ਸੋ ਅਠਾਨਵੇਂ ਮੈਂ ਪਲਟਨ, ਗਈ ਥੀ ਜੋ ਹਜਰੋ ਮੈਂ ਰਾਜ ਕਾਜ ਹਿਤ ਹੈ।**
**ਸੰਤਨ ਕੋ ਮਿਲਬੇ ਕਾ ਸ਼ੌਕ ਥਾ ਮਹਾਨ, ਰਾਮ ਸਿੰਘ ਦਰਸਾਤੇ ਯਾਂ ਤੈ ਜਾਇ ਜਿਤ ਕਿਤ ਹੈ।**

ਜਦੋਂ ਉਹ (ਗੁਰੂ ਰਾਮ ਸਿੰਘ) ਵੱਡੇ ਹੋਏ ਤਾਂ ਉਹਨਾਂ ਲਹੌਰ ਜਾ ਕੇ ਪਲਟਨ ਵਿਚ
ਨੌਕਰੀ ਕਰ ਲਈ ਇਹ ਜਾਣ ਕੇ ਕਿ ਇਹ ਚੰਗੀ ਕਿਰਤ ਹੈ।
ਉਹ ਗੁਰੂ ਦੀ ਬਾਣੀ ਪੜ੍ਹਦੇ ਹਨ, ਭਜਨ ਕਰਦੇ ਹਨ, ਇਕਾਂਤ ਵਿਚ ਰਹਿਣਾ ਪਸੰਦ ਕਰਦੇ ਹਨ
ਅਤੇ ਆਜਜ਼ਾਂ (ਗਰੀਬਾਂ) ਨੂੰ ਦਾਨ ਦਿੰਦੇ ਹਨ।
ਸੰਮਤ ਅਠਾਰਾਂ ਸੌ ਅਠਾਨਵੇਂ ਬਿਕ੍ਰਮੀ ਵਿਚ ਰਾਜ ਕੇ ਕੰਮ ਵਾਸਤੇ ਪਲਟਨ ਹਜਰੋ ਗਈ ਸੀ।
ਉਹਨਾਂ ਨੂੰ ਸੰਤਾਂ ਦੇ ਮਿਲਣ ਦਾ ਬਹੁਤ ਸ਼ੌਕ ਸੀ, ਰਾਮ ਸਿੰਘ ਜਿਥੇ ਕਿਤੇ ਜਾਂਦੇ ਸੰਤਾਂ ਦਾ ਦਰਸ਼ਨ ਕਰਨ ਜਾਂਦੇ।

(੮)

**ਬਾਲਕ ਮ੍ਰਿਗੇਸ਼ ਕਾ ਬਿਸੇਸ ਜਸ ਸੁਨ ਸੋਊ ਕੋਕਿਲ ਬਤਕ ਸੁਤ ਸਮ ਹੁਲਸਾਇ ਕੈ।**
**ਪੁਰਾ ਪੁੰਨਯ ਪੁੰਜ ਜਾਗਯੋ ਰੰਗਨ ਮੈਂ ਖੂਬ ਰਾਂਗਯੋ ਬਡ ਭਾਗੀ ਪ੍ਰੇਮ ਪਾਗਯੋ ਗਹੇ ਪਗ ਜਾਇ ਕੈ।**
**ਪੇਖ ਅਧਿਕਾਰੀ ਈਸ਼-ਅੰਸ਼ ਅਵਤਾਰੀ, ਤਬਿ ਬਾਲਕ ਮ੍ਰਿਗਾਰੀ ਦੀਓ ਨਾਮ ਮੁਦ ਥਾਇ ਕੈ।**
**ਸਾਰ ਚਾਰ ਬੇਦਨ ਕੋ ਭ੍ਰਮ ਭੇਦ ਛੇਦਨ ਕੋ ਦਾਇ ਨਿਰਵੇਦਨ ਕੋ ਦੋਖ ਦੁਖ ਘਾਇ ਕੈ।**

ਜਿਵੇਂ ਕੋਇਲ ਬਤਖ ਦੇ ਬੱਚੇ ਦੂਜੇ ਪੰਛੀਆਂ ਕੋਲ ਪਲਦੇ ਹਨ ਅਤੇ ਜਵਾਨ ਹੋਣ ਤੇ ਆਪਣੀ ਅਸਲੀ ਮਾਂ ਨੂੰ ਵੇਖ ਕੇ ਖੁਸ਼ ਹੁੰਦੇ ਹਨ ਇਵੇਂ ਹੀ (ਗੁਰੂ) ਬਾਲਕ ਸਿੰਘ ਜੀ ਦਾ ਖਾਸ ਜੱਸ ਸੁਣ ਕੇ ਗੁਰੂ ਰਾਮ ਸਿੰਘ ਖੁਸ਼ ਹੋਏ।

ਮੁੜ ਕੇ ਪਵਿਤ੍ਰਤਾ ਦੇ ਪੁੰਜ ਰਾਮ ਸਿੰਘ ਜਾਗ੍ਰਿਤ ਹੋਏ ਅਤੇ ਅਧਿਆਤਮਕ ਰੰਗ ਵਿਚ ਖੂਬ ਰੰਗੇ ਗਏ। ਜਦੋਂ ਉਹ ਗੁਰੂ ਬਾਲਕ ਸਿੰਘ ਜੀ ਦੇ ਚਰਨਾਂ ਵਿਚ ਗਏ ਤਾਂ ਉਹਨਾਂ ਨੂੰ ਵੱਡੇ ਭਾਗਾਂ ਵਾਲਾ ਪ੍ਰੇਮ ਪ੍ਰਾਪਤ ਹੋਇਆ।

ਤਦੋਂ ਗੁਰੂ ਬਾਲਕ ਸਿੰਘ ਜੀ ਨੇ ਰਾਮ ਸਿੰਘ ਜੀ ਨੂੰ ਈਸ਼ਵਰੀ ਅੰਸ਼ ਦਾ ਅਵਤਾਰ ਵੇਖ ਕੇ ਅਤੇ ਹਕਦਾਰ (ਅਧਿਕਾਰੀ) ਜਾਣ ਕੇ ਓਸੇ ਥਾਂ ਨਾਮ ਦੇ ਦਿੱਤਾ।

ਉਹ ਨਾਮ ਜਿਹੜਾ ਚਾਰ ਵੇਦਾਂ ਦਾ ਸਾਰ ਹੈ ਜੋ ਮਨੁੱਖ 'ਚੋਂ ਭਰਮ ਅਤੇ ਭੇਦਾਂ ਨੂੰ ਖਤਮ ਕਰਦਾ ਹੈ, ਦੋਖ ਅਤੇ ਦੁੱਖ ਦਾ ਨਾਸ ਕਰਕੇ ਨਿਰਮਲ ਕਰਦਾ ਹੈ।

(੯)

**ਦੀਓ ਮੰਤ੍ਰ ਰਾਜ ਸ੍ਰੀ ਵਾਹਿਗੁਰੂ ਕਾਜ ਸਾਜ, ਜਾਂਹਿ ਸਮ ਔਰ ਨਾ ਦਰਾਜ ਫਲ ਦਾਇਕੇ।**
**ਕੋਊ ਜੋ ਕਹਿਤ ਥੇ ਕਲਾਮ ਦੀਨੀ ਸੱਯਦਾਨੀ, ਸੋਊ ਸਤਿ ਕੁਰ ਹਮ ਪੇਖਯੋ ਅਜਮਾਇ ਕੇ।**
**ਏਹੀ ਕਲੀ ਕਾਲ ਕੀ ਕਰਾਲਤਾ ਕੁਚਾਲਤਾ ਕੋ, ਗਾਲਤਾ ਹੈ ਟਾਲਤਾ ਚੁਰਾਸੀ ਜੋਨਿ ਮਾਇ ਕੈ।**
**ਏਸ ਹੀ ਭਜਨ ਮਾਂਹਿ ਰਾਮ ਸਿੰਘ ਸ-ਉਛਾਹਿ, ਲਾਇ ਲਿਵ ਅਧਕਾਹਿ ਰਸਨਾ ਹਲਾਇ ਕੇ।**



Namdhari Elibrary NamdhariElibrary@gmail.com

ਗੁਰੂ ਬਾਲਕ ਸਿੰਘ ਜੀ ਨੇ ਗੁਰੂ ਰਾਮ ਸਿੰਘ ਜੀ ਨੂੰ ਸਭ ਤੋਂ ਵੱਡਾ (ਰਾਜਾ) ਮੰਤਰ ਸ੍ਰੀ ਵਾਹਿਗੁਰੂ ਪ੍ਰਦਾਨ ਕੀਤਾ। ਮੰਤਰ ਜੋ ਸਾਰੇ ਕਾਰਜ ਰਾਸ ਕਰਦਾ ਹੈ। ਜਿਸ ਦੇ ਬਰਾਬਰ ਵੱਡਾ ਫੱਲ ਦੇਣ ਵਾਲਾ ਹੋਰ ਕੋਈ ਮੰਤਰ ਨਹੀਂ ਹੈ।

ਕੁਝ ਲੋਕ ਜੋ ਇਹ ਕਹਿੰਦੇ ਸਨ ਕਿ ਸਯਦਾਨੀ (ਸੱਯਦ ਦੀ ਪਤਨੀ) ਦਾ ਕਲਾਮ ਦਿੰਦੇ ਹਨ ਇਹ ਸਭ ਝੂਠ ਹੈ। ਅਸਾਂ ਅਜ਼ਮਾ ਕੇ ਵੇਖਿਆ ਹੈ।

ਇਹ ਨਾਮ ਹੀ ਕਲਿਜੁਗ ਦੀ ਭਿਆਨਕਤਾ, ਭੈੜੀਆਂ ਚਾਲਾਂ ਨੂੰ ਗਾਲ ਦਿੰਦਾ ਆਇਆ ਹੈ ਅਤੇ ਚੌਰਾਸੀ ਜੂਨਾਂ ਦੇ ਚੱਕਰ ਤੋਂ ਬਚਾਉਂਦਾ ਹੈ।

ਇਸੇ ਹੀ ਭਜਨ ਵਿਚ ਰਾਮ ਸਿੰਘ ਜੀ ਨੇ ਉਤਸ਼ਾਹ ਸਹਿਤ ਜ਼ਿਆਦਾ ਲਿਵ ਲਾ ਕੇ ਰਸਨਾ ਨੂੰ ਹਿਲਾ ਕੇ ਜਪਿਆ।

(੧੦)

**ਕਾਰ ਬਾਰ ਜਗ ਕੇ ਅਸਾਰ ਲਖਿ ਡਾਰਿ ਸਭ, ਧਾਰ ਸੁ-ਅਚਾਰ ਔ ਵਿਚਾਰ ਵੀਚ ਰਹਿ ਹੈਂ।**
**ਮਸਤ ਸ਼ਰਾਬੀ ਜਯੋਂ ਰਹਾਬੀ ਬ੍ਰਿਤਿ ਏਕ ਰਸ, ਦਾਬੀ ਦਲਗੀਰੀ ਫਾਬੀ ਖੁਸ਼ੀ ਤੈ ਅਚਹਿ ਹੈਂ।**
**ਰੋਧ ਕਰਿ ਇੰਦ੍ਰੀ ਨਿਰੋਧ ਮਨ ਕੋ ਪ੍ਰਬੋਧ, ਸੋਧ ਸੁੱਧ ਠੌਰ ਨਦੀ ਸਰ ਤਟ ਬਹਿ ਹੈਂ।**
**ਜੀਹ ਨਾਮ ਜਪ ਮਾਂਹਿ ਤਨ ਤਾਯੋ ਤਪ ਮਾਂਹਿ, ਮਨ ਮਹਿਬੂਬ ਮਾਂਹਿ ਖ਼ੂਬ ਰਾਖਯੋ ਗਹਿ ਹੈਂ।**

ਦੁਨੀਆਵੀ ਕੰਮ ਕਾਜਾਂ ਨੂੰ ਅਸਥਿਰ ਜਾਣ ਕੇ ਤਿਆਗਦੇ ਹੋਏ, ਗੁਰੂ ਰਾਮ ਸਿੰਘ ਉੱਤਮ ਆਚਰਨ ਅਤੇ ਵਿਚਾਰ ਵਿਚ ਰਹਿੰਦੇ ਹਨ।

ਮਸਤ ਸ਼ਰਾਬੀ ਵਾਂਗ ਉਹਨਾਂ ਦੀ ਬਿਰਤੀ (ਨਾਮ ਰਸ ਵਿਚ) ਇਕ ਰਸ ਰਹਿੰਦੀ ਹੈ। ਫਿਕਰਮੰਦੀ (ਦਲਗੀਰੀ) ਦਬ ਗਈ ਹੈ ਤੇ ਸਦੀਵੀ ਖ਼ੁਸ਼ੀ ਪ੍ਰਾਪਤ ਹੋਈ ਅਤੇ ਉਹ ਕਾਮਨਾ ਰਹਿਤ ਵਿਚਰਦੇ ਹਨ।

ਇੰਦ੍ਰੀਆਂ ਨੂੰ ਵਸ ਵਿਚ ਕਰਕੇ ਮਨ ਨੂੰ ਅਨੁਸ਼ਾਸਨ ਵਿਚ ਕਰਕੇ ਸੁਧ ਨੂੰ ਸੋਧ ਕੇ ਨਦੀ ਜਾਂ ਸਰੋਵਰ ਦੇ ਕੰਢੇ ਬੈਠਦੇ ਹਨ।

ਉਹਨਾਂ ਦੀ ਜੀਭਾ ਨਾਮ ਜਪਦੀ ਹੈ ਤਨ ਤਪੱਸਿਆ ਕਰਦਾ ਹੈ ਤੇ ਮਨ ਪਿਆਰੇ (ਗੁਰ ਪਰਮੇਸ਼ਰ) ਵਿਚ ਚੰਗੀ ਤਰ੍ਹਾਂ ਲੱਗਾ ਹੋਇਆ ਹੈ।

(੧੧)

**ਬੀਸਕ ਬਰਸ ਜਬਿ ਸਰਸ ਬਿਤਾਏ ਐਸ, ਬੰਦਗੀ ਜ਼ੁਹਦ ਜਾਪ ਕੀਨੋ ਮਨ ਲਾਇ ਕੈ।**
**ਦਾਸੀ ਜੋਊ ਨਾਮ ਕੀ ਪ੍ਰਕਾਸ਼ੀ ਰਿਧਿ ਸਿਧਿ ਸੋਊ, ਭਾਸੀ ਬਾਣੀ ਮੈਂ ਤਾਸੀਰ ਭਜਨ ਪ੍ਰਭਾਇ ਕੈ।**
**ਭਈ ਤੌ ਅਕਾਸ਼ ਬਾਨੀ ਖਾਸ ਯੌ ਮਹਾਨੀ ਤਾਂਹਿ, ਦੇਹੁ ਨਾਮ ਜੀਵਨ ਕੋ ਸੀਖ ਭੋਗ ਦਾਇਕੇ।**
**ਪੰਥ ਗੁਰੁ ਦਸਮ ਕੀ ਰਸਮ ਬਢਾਵੋ ਜਗਿ, ਖਸਮ ਕਾ ਖਾਲਸਾ ਹੈ ਖਾਸ ਯੇ ਲਖਾਇ ਕੈ।**

ਜਦੋਂ ਵੀਹ ਕੁ ਸਾਲ ਉਹਨਾਂ ਨੇ ਇਵੇਂ ਰਸ ਵਿਚ ਲੰਘਾਏ। ਜਤਨ ਨਾਲ ਬੰਦਗੀ ਅਤੇ ਜਾਪ ਮਨ ਲਾ ਕੇ ਕੀਤਾ।

ਜਿਹੜੀਆਂ ਨਾਮ ਦੀਆਂ ਦਾਸੀਆਂ, ਰਿਧੀਆਂ ਸਿਧੀਆਂ ਹਨ, ਉਹਨਾਂ ਦਾ ਪ੍ਰਕਾਸ਼ ਹੋਇਆ। ਭਜਨ ਦੇ ਪ੍ਰਭਾਵ ਨਾਲ ਉਹਨਾਂ ਦੇ ਬੋਲਾਂ (ਬਾਣੀ) ਵਿਚ ਤਾਕਤ ਭਾਸਣ ਲੱਗੀ।

ਤਦੋਂ ਉਹਨਾਂ ਨੂੰ ਖਾਸ ਤੇ ਮਹਾਨ ਅਕਾਸ਼ਬਾਣੀ ਹੋਈ ਕਿ ਲੋਕਾਂ ਨੂੰ ਉਹ ਨਾਮ ਉਪਦੇਸ਼ ਦੇਵੋ ਜੋ ਸਾਰੇ ਫਲ ਦੇਣ ਵਾਲਾ ਹੈ।

ਦਸਮ ਗੁਰੂ ਜੀ ਦੇ ਪੰਥ ਦੀ ਰਸਮ (ਮਰਿਆਦਾ) ਨੂੰ ਜੱਗ ਤੇ ਬੜਾਵਾ ਦੇਵੋ ਅਤੇ ਇਸ ਗੱਲ ਦੀ ਲਖਤਾ (ਜਾਣਕਾਰੀ) ਦੇਵੋ ਕਿ ਖਾਲਸਾ ਮਾਲਕ (ਪਰਮਾਤਮਾ) ਦਾ ਖਾਸ ਅਪਣਾ ਹੈ।

(੧੨)

**ਪਾਇ ਏਹ ਹੁਕਮ ਪ੍ਰਮੇਸ਼ ਕਾ ਬਿਸੇਸ ਫਿਰ, ਰਾਮ ਮਿਰਗੇਸ ਉਪਦੇਸ ਦੈਨ ਲਾਗਿਓ।**
**ਹੁੱਕੇ ਛਡਵਾਏ ਰਖਵਾਏ ਕੇਸ ਮੋਨਯੋਂ ਕੇ, ਸੁਧਾ ਛਕਿ ਥਾਏ ਸਿੱਖ ਭਾਗ ਜਿਨੈ ਜਾਗਿਓ।**
**ਫੈਲਯੋ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ, ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ।**
**ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ, ਠੱਗੀ ਤਜਿ ਥੀਏ ਸੰਤ ਸਤਿਜੁਗ ਆ ਗਿਓ।**



Namdhari Elibrary NamdhariElibrary@gmail.com

ਪਰਮਾਤਮਾ ਦਾ ਇਹ ਖਾਸ ਹੁਕਮ ਪ੍ਰਾਪਤ ਕਰ ਕੇ ਗੁਰੂ ਰਾਮ ਸਿੰਘ ਫੇਰ ਉਪਦੇਸ਼ ਦੇਣ ਲੱਗੇ।

ਜਿਹਨਾਂ ਦੇ ਭਾਗ ਜਾਗੇ ਉਹਨਾਂ ਮੋਨਿਆਂ ਦੇ ਹੁੱਕੇ ਛਡਵਾ ਕੇ ਕੇਸ ਰਖਵਾ ਦਿੱਤੇ ਅਤੇ ਉਹਨਾਂ ਨੂੰ ਅੰਮ੍ਰਿਤ ਛਕਾ ਕੇ ਸਿੱਖ ਸਜਾ ਦਿੱਤਾ।

ਉਹਨਾਂ ਦਾ ਬਹੁਤ ਭਾਰੀ ਜੱਸ ਫੈਲ ਗਿਆ। ਉਹਨਾਂ ਦੇ ਅਪਾਰ ਸਿੱਖ ਹੋਏ। ਸਿੰਘ ਪੰਥ ਦਾ ਬਹੁਤ ਵਾਧਾ ਕੀਤਾ ਅਤੇ ਉਹਨਾਂ ਨਾਮ ਰਸ ਨੂੰ ਪ੍ਰਾਪਤ ਕੀਤਾ।

ਲੋਕ ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ ਯਾਰੀ ਤੇ ਠੱਗੀ ਤਿਆਗ ਕੇ ਸੰਤ ਬਣ ਗਏ। ਇਵੇਂ ਸਤਿਜੁਗ ਆ ਗਿਆ।

(੧੩)

**ਕਰਤੋ ਦੁਕਾਨ ਲੋਹੇ ਕਪੜੇ ਕੀ ਰਾਮ ਸਿੰਘ, ਤਾਂ ਤੇ ਨਫ਼ਾ ਪਾਇ ਜੋਊ ਆਪ ਪੈਨ੍ਹੇ ਖਾਇ ਹੈ।**
**ਸੰਗਤ ਅਪਾਰ ਆਵੈ, ਦੁਾਰ ਪੈ ਰਹਾਵੈ ਭੀਰ, ਪੂਜਾ ਜੋ ਚੜ੍ਹਾਵੈ, ਸੋ ਤੋ ਲੰਗਰ ਮੈਂ ਪਾਇ ਹੈ।**
**ਲੈਹੈ ਜੋਊ ਨਾਮ ਆਇ ਸੋਊ ਤੋ ਮਸਤ ਥਾਇ, ਦਸਤਾਰ ਡਾਰ ਦਾਇ ਹਾਲ ਚਢ ਜਾਇ ਹੈ।**
**ਦੇਤ ਭੇਤ ਨਾਂਹਿ ਕਾਂਹਿ ਕਬੀ ਦੂਸਰੇ ਕੋ ਵਾਹਿ, ਯਾਹਿ ਤੇ ਕਲਾਮ ਬਹੁ ਲੋਗ ਸੋ ਬਤਾਇ ਹੈ।**

ਗੁਰੂ ਰਾਮ ਸਿੰਘ (ਭੈਣੀ ਪਿੰਡ ਵਿਚ) ਲੋਹੇ ਅਤੇ ਕਪੜੇ ਦੀ ਦੁਕਾਨ ਕਰਦੇ ਹਨ ਉਸ ਤੋਂ ਜੋ ਲਾਭ ਹੁੰਦਾ ਹੈ ਉਸ ਨਾਲ ਉਹ ਆਪ ਕਪੜਾ ਪਹਿਣਦੇ ਅਤੇ ਰੋਟੀ ਖਾਂਦੇ ਹਨ।

ਉਹਨਾਂ ਦੇ ਦਰਸ਼ਨਾਂ ਨੂੰ ਅਪਾਰ ਸੰਗਤ ਆਉਂਦੀ ਹੈ, ਦਰਾਂ ਅੱਗੇ ਭੀੜ ਰਹਿੰਦੀ ਹੈ, ਉਹ ਸੰਗਤ ਜੋ ਭੇਟਾ ਚੜ੍ਹਾਉਂਦੀ ਹੈ ਉਹ ਲੰਗਰ ਵਿਚ ਪਾ ਦਿੰਦੇ ਹਨ।

ਜੋ ਕੋਈ ਪ੍ਰਾਣੀ ਆਣ ਕੇ ਉਹਨਾਂ ਕੋਲੋਂ ਨਾਮ ਲੈਂਦਾ ਹੈ ਉਹ ਤਾਂ ਮਸਤ ਹੋ ਜਾਂਦਾ ਹੈ। ਉਹ ਆਪਣੀ ਪਗੜੀ ਉਤਾਰ ਦਿੰਦਾ ਹੈ ਅਤੇ ਉਸ ਨੂੰ ਹਾਲ ਚੜ੍ਹ ਜਾਂਦਾ ਹੈ।

ਉਹ ਲੋਕ ਆਪਣਾ ਭੇਤ ਕਦੇ ਕਿਸੇ ਦੂਸਰੇ ਨੂੰ ਨਹੀਂ ਦਿੰਦੇ। ਇਸੇ ਵਜਹ ਕਰਕੇ ਹੀ ਬਹੁਤੇ ਲੋਕ ਇਸ ਨੂੰ ਕਲਾਮ ਕਹਿੰਦੇ ਹਨ।

(੧੪)

**ਦੇਸਨ ਮੈਂ ਧੂੰਮ ਮਾਚੀ ਸਾਚੀ ਇਮ ਤਾਂਹਿ ਤਬਿ, ਆਵੈਂ ਲੋਗ ਸਿੱਖ ਥਾਵੈਂ ਅਜ਼ਮਾਵੈਂ ਤੇਸ ਹੀ।**
**ਮਾਲਵੇ ਦੁਆਬੇ ਮਾਝੇ ਪੋਠੋਹਾਰ ਤੇ ਅਪਾਰ, ਥੀਏ ਸਿੱਖ ਬੇਸਮਾਰ ਤੀਨ ਲਾਖ ਐਸ ਹੀ।**
**ਸੂਬੇ ਕੀਨੇ ਥਾਈ ਤਿਨ ਅਕਬਰ ਸ਼ਾਹਿ ਨਿਆਈਂ, ਉਨ ਕੀ ਜਬਾਨ ਮੈਂ ਤਸੀਰ ਥਾਈ ਵੈਸ ਹੀ।**
**ਨਰ ਨਾਰਿ ਸ਼ਬਦ ਅਪਾਰ ਪਢੈਂ ਗੁਰੂ ਕੇਰ, ਢੋਲਕੀ ਬਜਾਇ ਥਾਂਧ ਜੋਟੀਆਂ ਅਛੇ ਸ ਹੀ।**

ਗੁਰੂ ਰਾਮ ਸਿੰਘ ਜੀ ਦੀ ਦੇਸਾਂ ਦੇਸਾਂਤਰਾਂ ਵਿਚ ਇਸ ਤਰ੍ਹਾਂ ਸੱਚੀ ਧੁਮ ਮੱਚ ਗਈ। ਲੋਕ ਦਰਸ਼ਨਾਂ ਨੂੰ ਆਉਂਦੇ ਹਨ। ਉਹਨਾਂ ਨੂੰ ਅਜ਼ਮਾਂਦੇ ਹਨ ਤਾਂ ਉਹ ਜਿਵੇਂ ਸੁਣਿਆ ਹੁੰਦਾ ਹੈ ਉਵੇਂ ਹੀ ਪਾਉਂਦੇ ਹਨ ਤਾਂ ਉਹ ਸਿੱਖ ਸਜ ਜਾਂਦੇ ਹਨ।

ਮਾਲਵੇ, ਦੁਆਬੇ, ਮਾਝੇ ਅਤੇ ਪੋਠੋਹਾਰ ਦੇ ਇਲਾਕਿਆਂ ਵਿਚ ਅਪਾਰ ਬੇਸ਼ੁਮਾਰ ਸਿੱਖ ਬਣੇ ਜੋ ਤਿੰਨ ਕੁ ਲੱਖ ਤਾਂ ਹੋਣਗੇ ਹੀ।

—ਉਹਨਾਂ ਨੇ ਬਾਦਸ਼ਾਹ ਅਕਬਰ ਵਾਂਗ ਹੀ ਬਾਈ ਸੂਬੇ (ਸੂਬੇਦਾਰ) ਨਿਯੁਕਤ ਕੀਤੇ। ਉਹਨਾਂ ਸੂਬਿਆਂ ਦੀ ਜ਼ਬਾਨ ਵਿਚ ਓਹੋ ਜਿਹੀ ਹੀ ਤਾਸੀਰ ਸੀ (ਜਿਹੋ ਜਿਹੀ ਗੁਰੂ ਰਾਮ ਸਿੰਘ ਜੀ ਦੀ ਜ਼ਬਾਨ ਵਿਚ ਸੀ)

ਨਰ ਅਤੇ ਨਾਰੀਆਂ (ਸਿੰਘ ਅਤੇ ਬੀਬੀਆਂ) ਗੁਰੂ ਦੇ ਬੇਅੰਤ ਸ਼ਬਦ ਪੜ੍ਹਦੇ ਹਨ।

ਉਹ ਢੋਲਕੀ ਵਜਾ ਕੇ ਜੋਟੀਆਂ ਬੰਨ੍ਹ ਕੇ ਚੰਗੀ ਤਰ੍ਹਾਂ ਪੜ੍ਹਦੇ ਹਨ।

(੧੫)

**ਹਮਨ ਕਰੇ ਹੈਂ ਭੋਗ ਗ੍ਰੰਥ ਜੀ ਕੇ ਪੈਹੈਂ ਬਹੁ, ਸੰਗਤੋਂ ਕੇ ਕੱਠ ਬੈਹੈ ਰੈਹੈ ਰਚਨਾ ਲਗੀ।**
**ਇਸ਼ਨਾਨ ਕਰਿ ਹੈਂ ਸਕੇਸ਼ ਵੇਸ ਰਾਤ ਹੀ ਤੈ, ਵਾਹਿਗੁਰੂ ਨਾਮ ਮਾਂਹਿ ਰਾਖੈਂ ਰਸਨਾ ਪਗੀ।**
**ਰਾਖ ਹੈਂ ਪੁਸ਼ਾਕ ਪਾਕ ਸ਼ੁਕਲ ਉਰਣ ਮਾਲ, ਕੱਛ ਕੜਾ ਕ੍ਰਦ ਮਰਦ ਨਾਰਿ ਸਭ ਜੇਤਗੀ।**



Namdhari Elibrary NamdhariElibrary@gmail.com

ਬਿਨਾ ਨਾਮਧਾਰੀ, ਅੰਨ ਜਲ ਰੋਟੀ ਬੇਟੀ ਵਾਰੀ, ਸਾਂਝ ਰਾਖ ਹੈਂ ਨਾ ਕਾਹੂੰ ਸੰਗ ਜਗ ਮੈਂ ਸਗੀ।

ਉਹ ਹਵਨ ਕਰਦੇ ਹਨ ਅਤੇ ਸ੍ਰੀ ਗ੍ਰੰਥ ਸਾਹਿਬ ਦੇ ਬਹੁਤ ਭੋਗ ਪੈਂਦੇ ਹਨ
ਸੰਗਤਾਂ ਦੇ ਬਹੁਤ ਇਕੱਠ ਹੁੰਦੇ ਹਨ। ਐਸੀ ਰਚਨਾ ਬਣੀ ਰਹਿੰਦੀ ਹੈ।
ਉਹ ਰਾਤ ਰਹਿੰਦੀ ਤੇ ਹੀ ਕੇਸਾਂ ਸਮੇਤ ਇਸ਼ਨਾਨ ਕਰ ਲੈਂਦੇ ਹਨ
ਅਤੇ ਵਾਹਿਗੁਰੂ ਨਾਮ ਵਿਚ ਆਪਣੀ ਰਸਨਾ (ਜੀਭ) ਲਾਈ ਰੱਖਦੇ ਹਨ।
ਉਹ ਜਿਤਨੇ ਵੀ ਲੋਕ ਮਰਦ ਤੇ ਔਰਤਾਂ ਹਨ ਸਭ ਆਪਣੀ ਪੁਸ਼ਾਕ ਸਾਫ ਅਤੇ ਪਵਿੱਤਰ ਸਫੇਦ ਰੱਖਦੇ ਹਨ।
ਉੱਨ ਦੀ ਮਾਲਾ, ਕਛਹਿਰਾ, ਕੜਾ, ਕਰਦ ਪਹਿਣਦੇ ਹਨ।
ਉਹ ਨਾਮਧਾਰੀ ਲੋਗ ਬਗੈਰ ਨਾਮਧਾਰੀਆਂ ਦੇ ਹੋਰ ਕਿਸੇ ਨਾਲ ਵੀ ਅੰਨ-ਪਾਣੀ, ਰੋਟੀ ਬੇਟੀ ਦੀ ਸਾਂਝ ਨਹੀਂ ਰੱਖਦੇ ਆਪਣੇ ਸਕਿਆਂ ਸੰਬੰਧੀਆਂ ਨਾਲ ਵੀ ਨਹੀਂ।

(੧੬)

ਦੇਵ-ਥਾਨ ਤੀਰਥ ਪੁਰਾਨ ਸਾਧੁ ਬਿਪਰੋਂ ਕੋ, ਮਾਨ ਹੈਂ ਨ ਦਾਨ ਪੁੰਨ ਦੇਤ ਔਰ ਕੋ ਕਬੀ।
ਆਪਸ ਮੈਂ ਦੇਤ ਲੇਤ ਹੈਂ, ਸਹੇਤ ਸਾਕ ਨਾਤਾ, ਰਾਜ ਲੈਨ ਕੇਰੀ ਇੱਛਯਾ ਮਨ ਸਭਿ ਕੇ ਫਬੀ।
ਮਰਣੇ ਔ ਪਰਣੇ ਮੈਂ ਬਿਪਰੈਂ ਬੁਲਾਵੇਂ ਨਾਂਹਿ, ਆਨੰਦ ਪਢਾਵੇਂ ਰੀਤਿ ਗੁਰੂ ਘਰ ਕੀ ਲਭੀ।
ਰਾਮ ਸਿੰਘ ਹੀ ਕੋ ਸਤਿਗੁਰੂ, ਅਵਤਾਰ ਪੀਰ ਜਾਨੈ, ਜੋ ਬਖਾਨੈਂ ਵਹਿ ਸੋਊ ਮਾਨ ਹੈਂ ਸਭੀ।

ਉਹ ਦੇਵ ਸਥਾਨ (ਮੰਦਰਾਂ), ਤੀਰਥਾਂ, ਪੁਰਾਣਾਂ, ਸਾਧੂਆਂ
ਅਤੇ ਬ੍ਰਾਹਮਣਾਂ ਨੂੰ ਨਾ ਤਾਂ ਮੰਨਦੇ ਹਨ ਅਤੇ ਨਾ ਹੀ ਕਿਸੇ ਹੋਰ ਨੂੰ ਦਾਨ ਪੁੰਨ ਦਿੰਦੇ ਹਨ।
ਉਹ ਆਪਸ ਵਿਚ ਹੀ ਹਿਤ ਨਾਲ ਸਾਕ ਨਾਤਾ ਦੇਂਦੇ ਲੈਂਦੇ ਹਨ
ਅਤੇ ਰਾਜ ਲੈਣ ਦੀ ਇੱਛਾ ਵੀ ਸਭ ਦੇ ਮਨ ਵਿਚ ਫ਼ਬੀ ਹੋਈ ਹੈ।
ਉਹ ਮਰਣੇ ਪਰਣੇ ਤੇ ਬ੍ਰਾਹਮਣਾਂ ਨੂੰ ਨਹੀਂ ਬੁਲਾਉਂਦੇ
ਅਤੇ ਵਿਆਹ ਸ਼ਾਦੀਆਂ ਵਾਸਤੇ ਉਹਨਾਂ ਨੇ ਗੁਰੂ ਘਰ ਦੀ ਰੀਤ ਅਨੰਦ ਪੜ੍ਹਾਉਣਾ, ਲਭੀ ਹੋਈ ਹੈ।
ਰਾਮ ਸਿੰਘ ਜੀ ਨੂੰ ਹੀ ਸਤਿਗੁਰੂ, ਅਵਤਾਰ, ਪੀਰ ਜਾਣਦੇ ਹਨ
ਅਤੇ ਜੋ ਉਹ ਕਹਿੰਦੇ ਹਨ ਸਾਰੇ ਹੀ ਮੰਨਦੇ ਹਨ।

(੧੭)

ਹੇਰਿ ਏਹੁ ਚਾਲ ਥੀਏ ਬਿਪ੍ਰ ਬਿਸਾਲ ਦੁਖੀ, ਨਿੰਦਯਾ ਉਚਾਰੈਂ ਹਿੰਦੂ ਤੁਰਕ ਅਪਾਰੇ ਹੈਂ।
ਕਾਰਨ ਦਰਸ ਗੁਰੁਦ੍ਵਾਰਨ ਸਿਧਾਰਨ ਜੋ, ਸ਼ਬਦ ਉਚਾਰਨ ਡਾਰਨ ਦਸਤਾਰੇ ਹੈਂ।
ਹੇਰ ਕੇ ਪੁਜਾਰੀ ਭਾਰੇ ਦੁਖੀ ਹ੍ਵੈ ਉਚਾਰੇਂ ਗਾਰੇਂ ਸ਼ਰ੍ਹਾ ਮਨਵਾਹਿ, ਵਾਹਿ ਉਨ ਕੀ ਨਾ ਧਾਰੇ ਹੈਂ।
ਯੌਹੀ ਰੇਹੈ ਰੌਰਾ ਗੌਰਾ ਕੂਕਯੋਂ ਕਾ ਦੇਸਨ ਮੈਂ, ਬਾਢੇ ਅਤਿ ਭਾਰੇ ਹਿੰਦੂ, ਤੁਰਕਨ ਤੈ ਨਿਆਰੇ ਹੈਂ।

(ਕੂਕਿਆਂ ਦੀ) ਇਹ ਚਾਲ ਵੇਖ ਕੇ ਬ੍ਰਾਹਮਣ ਬਹੁਤ ਦੁੱਖੀ ਹੋਏ। ਹਿੰਦੂ ਅਤੇ ਤੁਰਕ (ਮੁਸਲਮਾਨ) ਬਹੁਤ ਨਿੰਦਾ ਕਰਦੇ ਹਨ।
ਜਦੋਂ ਉਹ ਗੁਰਦੁਆਰਿਆਂ ਵਿਚ ਦਰਸ਼ਨ ਕਰਨ ਵਾਸਤੇ ਜਾਂਦੇ ਹਨ ਤਾਂ ਉਹ ਸ਼ਬਦ ਪੜ੍ਹਦੇ ਪੜ੍ਹਦੇ ਪਗੜੀ ਉਤਾਰ ਦਿੰਦੇ ਹਨ।
ਇਹ ਵੇਖ ਕੇ ਪੁਜਾਰੀ ਬਹੁਤ ਦੁਖੀ ਹੁੰਦੇ ਹਨ ਅਤੇ ਗਾਲ੍ਹਾਂ ਕਢਦੇ ਹਨ। ਉਹ ਆਪਣੀ ਸ਼ਰ੍ਹਾ ਮਨਵਾਉਂਦੇ ਹਨ ਪਰ ਉਹਨਾਂ ਦੀ ਆਪ ਨਹੀਂ ਅਪਨਾਉਂਦੇ।
ਇਵੇਂ ਦੇਸਾਂ (ਇਲਾਕਿਆਂ) ਵਿਚ ਕੂਕਿਆਂ ਦਾ ਰੌਲਾ ਗੌਲਾ ਰਹਿੰਦਾ ਹੈ ਕਿ ਉਹ ਬਹੁਤ ਵਧ ਗਏ ਹਨ ਅਤੇ ਉਹ ਹਿੰਦੂ-ਤੁਰਕਾਂ ਤੋਂ ਨਿਆਰੇ ਹਨ।



Namdhari Elibrary NamdhariElibrary@gmail.com

(੧੮)

ਰਾਮ ਸਿੰਘ ਜਾਇ ਜਿਤ ਸਿੱਖ ਹ੍ਵੈਂ ਹਜਾਰੋਂ ਤਿਤ, ਭੇਟ ਦੈਹੈਂ ਧੀਨ ਧਨ ਦੀਨ ਬੋਲ ਬੈਨ ਹੈਂ।
ਦਮਦਮੇ ਸਾਹਿਬ ਮੁਕਤਸਰ ਮੇਲਯੋਂ ਪੈ, ਗਯੋ ਜਬਿ ਬਯੋ ਦਲ ਤਾਂਹਿ ਸੰਗ ਐਨ ਹੈਂ।
ਹੇਰ ਕੈ ਅਰੂਜ ਤੈ ਨਮੂਜ ਤਬਿ ਤਾਂਹਿ ਬਡ ਹਾਕਮ ਪੁਜਾਰੀ ਭਾਰੀ ਥੀਏ ਬਿਨ ਚੈਨ ਹੈਂ।
ਡਿਪਟੀ ਕਮਿਸ਼ਨਰ ਕੋਟਵਾਲ ਠਾਨੇਦਾਰ, ਰੈਹੈਂ ਪੇਸ਼ਵਾਈ ਮਾਂਹਿ ਤਾਂਹਿ ਕੇ ਸਸੈਨ ਹੈਂ।

ਗੁਰੂ ਰਾਮ ਸਿੰਘ ਜਿਧਰ ਜਾਂਦੇ ਹਨ ਓਧਰ ਹੀ ਉਹਨਾਂ ਦੇ ਹਜ਼ਾਰਾਂ ਸਿੱਖ ਬਣ ਜਾਂਦੇ ਹਨ। ਉਹ ਜ਼ਿਆਦਾ ਧਨ ਭੇਟਾ ਕਰਦੇ ਹਨ ਅਤੇ ਬਹੁਤ ਅਧੀਨਗੀ ਨਾਲ ਬੋਲ ਬੋਲਦੇ ਹਨ।

ਜਦੋਂ (ਗੁਰੂ ਰਾਮ ਸਿੰਘ ਜੀ) ਦਮਦਮਾ ਸਾਹਿਬ ਅਤੇ ਮੁਕਤਸਰ ਮੇਲਿਆਂ ਤੇ ਗਏ ਤਾਂ ਉਹਨਾਂ ਨਾਲ ਬਹੁਤ ਵੱਡਾ ਦਲ ਸੀ।

ਉਹਨਾਂ ਦੀ ਵੱਡੀ ਚੜ੍ਹਤ ਅਤੇ ਸੋਭਾ ਵੇਖ ਕੇ, ਹਾਕਮ ਅਤੇ ਪੁਜਾਰੀ ਬਹੁਤ ਬੇਚੈਨ ਹੋ ਗਏ।

ਡਿਪਟੀ ਕਮਿਸ਼ਨਰ, ਕੋਤਵਾਲ, ਠਾਨੇਦਾਰ ਸੈਨਾ ਦੇ ਨਾਲ ਉਹਨਾਂ ਦੇ ਅੱਗੇ ਅੱਗੇ ਰਹਿੰਦੇ ਹਨ।

(੧੯)

ਅਦਬ ਹਿਫ਼ਾਜ਼ਤ ਇਨਤਜ਼ਾਮ ਰਾਖੈਂ ਵਾਹਿ, ਲੋਗ ਨਿਜ ਨਿਜ ਮਨ ਭਾਏ ਬੋਲਬੋ ਕਰੈਂ।
ਰਾਮ ਸਿੰਘ ਚਾਹਿ ਅਰਦਾਸ ਇਤਫਾਕ ਥਾਇ, ਬਢ ਹੈ ਪ੍ਰਤਾਪ ਪੰਥ ਰੀਤਿ ਏਸ ਸੋਂ ਭਰੈਂ।
ਪਰਸ਼ਾਦ ਭੇਟ ਲੈ ਕੈ ਗਯੋ ਜਬਿ ਗੁਰੁਦ੍ਵਾਰੇ, ਮਿਲ ਕੈ ਪੁਜਾਰੀਓਂ ਨੈ ਕਹਯੋ ਐਸ ਹ੍ਵੈ ਖਰੈਂ।
ਤਾਲ ਪੱਕਾ ਕਰਵਾਇ ਦੇਹੁ ਤਨਖਾਹਿ ਏਹੁ, ਦਸਤਾਰ ਉਤਰੇ ਨਾ ਹਾਲ ਕਿਸੀ ਕੋ ਚਰੇ।

—ਉਹ (ਡਿਪਟੀ ਕਮਿਸ਼ਨਰ ਕੋਤਵਾਲ ਆਦਿ) ਗੁਰੂ ਰਾਮ ਸਿੰਘ ਜੀ ਦਾ ਅਦਬ ਵੀ ਕਰਦੇ ਅਤੇ ਹਿਫਾਜ਼ਤ (ਸੁਰੱਖਿਆ) ਦਾ ਪਰਬੰਧ ਵੀ ਕਰਦੇ। ਲੋਗ ਉਹ ਗੱਲਾਂ ਕਰਦੇ ਹਨ ਜੋ ਵੱਖ ਵੱਖ ਲੋਕਾਂ ਦੇ (ਆਪਣੇ ਆਪਣੇ) ਮਨਾਂ ਨੂੰ ਭਾਉਂਦੀਆਂ ਹਨ।

ਗੁਰੂ ਰਾਮ ਸਿੰਘ ਜੀ ਦੀ ਚਾਹਨਾ ਸੀ ਕਿ ਇਤਫਾਕ (ਏਕਤਾ) ਵਾਸਤੇ ਅਰਦਾਸ ਕੀਤੀ ਜਾਵੇ। ਇਸ ਨਾਲ ਪੰਥ ਰੀਤ ਦਾ ਪ੍ਰਤਾਪ ਭਾਰੀ ਵਧੇਗਾ।

(ਇਸੇ ਮੰਤਵ ਲਈ) ਜਦੋਂ ਉਹ (ਇਤਿਹਾਸਕ) ਗੁਰਦੁਆਰਿਆਂ ਵਿਚ ਪਰਸ਼ਾਦ ਦੀ ਭੇਟਾ ਲੈ ਕੇ ਗਏ ਤਾਂ ਉਹਨਾਂ ਗੁਰਦੁਆਰਿਆਂ ਦੇ ਪੁਜਾਰੀਆਂ ਨੇ ਮਿਲ ਕੇ ਚੰਗੀ ਤਰ੍ਹਾਂ ਇਵੇਂ ਕਿਹਾ :

ਤੁਸੀਂ ਸਰੋਵਰ ਪੱਕਾ ਕਰਵਾ ਦੇਵੋ, ਇਹ ਹੀ ਤੁਹਾਨੂੰ ਤਨਖਾਹ (ਧਾਰਮਕ ਜੁਰਮਾਨਾ) ਹੈ। ਕਿਸੇ ਦੀ ਦਸਤਾਰ ਨਾ ਉਤਰੇ ਅਤੇ ਨਾ ਸੂਤਰ ਪਵੇ।

(੨੦)

ਕਹਯੋ ਰਾਮ ਸਿੰਘ ਉਭੈ ਬਾਤ ਨਾਂਹਿ ਥਾਤ ਮੋ ਤੈ ਦੇਹੂੰ ਤਨਖਾਹਿ ਕਿਛੁ ਜਥਾ ਜੋਗ ਜੇ ਰਰਯੋ।
ਹੁਤੋ ਗੁਰਦ੍ਵਾਰੇ ਤੰਬੂ ਸਾਹਿਬ ਕਾ ਜੋ ਮਹੰਤ ਮੰਗਲ ਮ੍ਰਿਗੇਸ਼ ਤਾਂਹਿ ਪ੍ਰਖਬੇ ਕੋ ਯੋਂ ਫਰਯੋ।
ਧਾਰ ਹੈ ਨਾ ਕੂਕਾ ਕੋਊ ਕਬੀ ਨੀਲ ਰੰਗ ਅੰਗ, ਨੀਲਾ ਸਿਰੋਪਾਊ ਰਾਮ ਸਿੰਘ ਆਗੇ ਲਯਾ ਧਰਯੋ।
ਯਦੀ ਤਾਂਹਿ ਸੋਊ ਨਿਜ ਸੀਸ ਪਰ ਧਾਰ ਲੀਓ, ਤੌ ਭੀ ਨਾਂ ਪੁਜਾਰੀਓਂ ਨੈ ਇਤਫ਼ਾਕ ਹੈ ਕਰਯੋ।

ਗੁਰੂ ਰਾਮ ਸਿੰਘ ਜੀ ਨੇ ਪੁਜਾਰੀਆਂ ਨੂੰ ਕਿਹਾ ਕਿ ਤੁਹਾਡੀਆਂ ਦੋਵੇਂ ਗੱਲਾਂ (ਤਾਲ ਪਕਾ ਕਰਾਉਣ ਅਤੇ ਸੂਤਰ ਰੋਕਣ ਵਾਲੀਆਂ) ਮੇਰੇ ਵਸ ਵਿਚ ਨਹੀਂ ਹਨ। ਪਰ ਮੈਂ ਜੱਥਾ ਜੋਗ ਭੇਟਾ ਜ਼ਰੂਰ ਦਿਆਂਗਾ।

ਤੰਬੂ ਸਾਹਿਬ ਗੁਰਦੁਆਰੇ ਦਾ ਮਹੰਤ ਮੰਗਲ ਸਿੰਘ ਹੁੰਦਾ ਸੀ। ਉਸਨੇ ਗੁਰੂ ਰਾਮ ਸਿੰਘ ਦੀ ਪਰਖ ਕਰਨ ਵਾਸਤੇ ਇਵੇਂ ਤਰੀਕਾ ਅਪਨਾਇਆ।

ਕੋਈ ਵੀ ਕੂਕਾ ਕਦੇ ਨੀਲਾ ਰੰਗ ਅੰਗੀਕਾਰ ਨਹੀਂ ਕਰਦਾ (ਨੀਲੇ ਵਸਤਰ ਨਹੀਂ ਪਹਿਨਦਾ)। ਓਸ ਮਹੰਤ ਮੰਗਲ ਸਿੰਘ ਨੇ ਨੀਲੇ ਰੰਗ ਦਾ ਸਿਰੋਪਾਓ ਗੁਰੂ ਰਾਮ ਸਿੰਘ ਜੀ ਅਗੇ ਲਿਆ ਧਰਿਆ।



Namdhari Elibrary NamdhariElibrary@gmail.com

ਭਾਵੇਂ ਗੁਰੂ ਰਾਮ ਸਿੰਘ ਜੀ ਨੇ ਉਸ ਨੀਲੇ ਸਿਰੋਪਾਓ ਨੂੰ ਆਪਣੇ ਸਿਰ ਤੇ ਰੱਖ ਲਿਆ ਤਾਂ ਵੀ ਪੁਜਾਰੀਆਂ ਨੇ ਇਤਫਾਕ (ਮੇਲ) ਨਾ ਕੀਤਾ।

(੨੧)

**ਐਸ ਹੀ ਅਨੰਦਪੁਰ ਗਯੋ ਜਬਿ ਰੌਰ ਰਹਯੋ, ਸੰਮਤ ਉਨੀ ਸੌ ਬਾਈ ਤੇਈ ਮਧ ਚੰਗ ਹੈ।**
**ਦੀਪ ਮਾਲ ਚੌਬੀ ਸਾਲ ਹੂੰ ਕੀ ਪਰ ਸੁਧਾਸਰ, ਆਯੋ ਹਾਕਮੋਂ ਨੈ ਕੀਨੀ ਖਾਤਰ ਸੁਰੰਗ ਹੈ।**
**ਉਤਰਯੋ ਬਹਿਰ ਚਾਟੀਵਿੰਡ ਦਰਵਾਜੇ ਹੂੰ ਤੈ, ਬੀਸਕ ਹਜਾਰ ਕੂਕਾ ਸਿੰਘ ਥਯੋ ਸੰਗਿ ਹੈ।**
**ਪਰਸ਼ਾਦ ਭੇਟ ਲੈ ਅਪਾਰ ਜਬਿ ਦਰਬਾਰ ਆਯੋ, ਤੌ ਪੁਜਾਰੀਓਂ ਨੇ ਕੀਨ ਯੌਂ ਕੁਢੰਗ ਹੈ।**

ਏਸੇ ਹੀ ਤਰ੍ਹਾਂ ਜਦੋਂ ਉਹ (ਗੁਰੂ ਰਾਮ ਸਿੰਘ ਜੀ) ਅਨੰਦਪੁਰ ਸਾਹਿਬ ਗਏ ਤਾਂ ਰੌਲਾ ਰਿਹਾ। ਇਹ ਗੱਲ ਸੰਮਤ ਉਨੀ ਸੌ ਬਾਈ ਤੇਈ ਵਿਚ ਹੋਈ।

ਸੰਮਤ ੧੯੨੪ ਦੀ ਦੀਵਾਲੀ ਤੇ ਉਹ ਅੰਮ੍ਰਿਤਸਰ ਆਏ ਤਾਂ ਉਹਨਾਂ ਦੀ, ਸਰਕਾਰੀ ਹਾਕਮਾਂ ਵਲੋਂ ਚੰਗੀ ਆਓ ਭਗਤ ਕੀਤੀ ਗਈ।

ਉਹਨਾਂ ਅੰਮ੍ਰਿਤਸਰ ਦੇ ਬਾਹਰ ਵਾਰ ਚਾਟੀਵਿੰਡ ਦਰਵਾਜ਼ੇ ਕੋਲ ਡੇਰਾ ਕੀਤਾ। ਇਸ ਵੇਲੇ ਵੀਹ ਕੁ ਹਜ਼ਾਰ ਕੂਕੇ ਸਿੰਘ ਉਹਨਾਂ ਨਾਲ ਸਨ।

ਜਦੋਂ ਉਹ ਅਪਾਰ ਪਰਸ਼ਾਦ ਅਤੇ ਭੇਟਾ ਲੈ ਕੇ ਦਰਬਾਰ ਸਾਹਿਬ ਗਏ ਤਾਂ ਪੁਜਾਰੀਆਂ ਨੇ ਇਵੇਂ ਕੁਢੰਗ (ਭੈੜਾ ਤਰੀਕਾ) ਹੀ ਅਪਨਾਇਆ।

(੨੨)

**ਕੋਈ ਤੋ ਹਜ਼ਾਰੋਂ ਹੀ ਰੁਪਯਾ ਰਿਸ਼ਵਤ ਮਾਂਗੇ, ਕੋਊ ਤਨਖਾਹਿ ਚਾਰ ਪਾਂਚ ਲਾਖ ਮੰਗ ਹੈ।**
**ਹੋਇ ਕੈ ਮਸਤ ਕੋਊ ਕੂਕਾ ਨਾ ਉਤਾਰੇ ਪਾਗ, ਸਿੱਖ ਨਾ ਕਹਾਵੈਂ ਤੇਰੇ, ਧਾਰੈਂ ਨੀਲ ਰੰਗ ਹੈ।**
**ਕਹਯੋ ਰਾਮ ਸਿੰਘ ਏਹੁ ਬਾਤ ਸਭਿ ਗੁਰੂ ਵਸ, ਸ਼ਕਤਿ ਨ ਮੋ ਮੈ ਏਤੀ ਫੇਰੋਂ ਮਨ ਢੰਗ ਹੈ।**
**ਤਨਖਾਹਿ ਆਹਿ ਮੋ ਮੈਂ ਚਤਰ ਬਿਧਾ ਜੇ ਕੋਊ, ਲੇਹੁ ਦੰਡ ਵਾਹਿ ਕਰਿ ਸਹੀ ਸੋ ਨਿਸੰਗ ਹੈ।**

ਕੋਈ ਪੁਜਾਰੀ ਤਾਂ ਹਜ਼ਾਰਾਂ ਰੁਪਿਆਂ ਦੀ ਰਿਸ਼ਵਤ ਮੰਗ ਰਿਹਾ ਹੈ। ਕੋਈ ਚਾਰ ਪੰਜ ਲੱਖ ਤਨਖਾਹ ਮੰਗਦਾ ਹੈ। ਉਹ ਕਹਿੰਦੇ ਹਨ ਕਿ ਕੋਈ ਕੂਕਾ ਮਸਤ ਹੋ ਕੇ ਪਗੜੀ ਨਾ ਉਤਾਰੇ, ਉਹ ਤੇਰੇ ਸਿੱਖ ਨਾ ਅਖਵਉਣ ਅਤੇ ਨੀਲੇ ਕਪੜੇ ਪਾਉਣ।

(ਗੁਰੂ) ਰਾਮ ਸਿੰਘ ਨੇ ਕਿਹਾ ਕਿ ਉਹ ਗੱਲ ਸੱਭ ਗੁਰੂ ਜੀ ਦੇ ਵਸ ਹੈ। ਮੇਰੇ ਵਿਚ ਏਨੀ ਸ਼ਕਤੀ ਨਹੀਂ ਕਿ ਮੈਂ ਲੋਕਾਂ ਦੇ ਮਨਾਂ ਦੇ ਢੰਗ ਬਦਲ ਦਿਆਂ।

ਜੇ ਮੇਰੇ ਵਿਚ ਤਨਖਾਹ (ਜੁਰਮਾਨੇ) ਯੋਗ ਚਾਰ ਦੋਸ਼ਾਂ ਚੋਂ ਕੋਈ ਹੋਵੇ ਤਾਂ ਮੇਰੇ ਕੋਲੋਂ ਨਿਸੰਗ ਹੋ ਕੇ ਉਸ ਵੇਲੇ ਦੰਡ ਲਵੋ।

(ਚਤਰ ਬਿਧਾ :— ਤਨਖਾਹ ਯੋਗ ਚਾਰ ਦੋਸ਼—੧. ਬ੍ਰਾਹਮਣ ਨੂੰ ਮਾਰਨਾ ੨. ਗਊ ਨੂੰ ਮਾਰਨਾ ੩. ਲੜਕੀ ਮਾਰਨੀ ਜਾਂ ਵੇਚਣੀ ੪. ਆਚਾਰਹੀਨ ਦਾ ਧਨ ਖਾਣਾ।)

(੨੩)

**ਥੀਓ ਤਕਰਾਰ ਇਨ ਬਾਤਨ ਪੈ ਭਾਰਿ ਜਬਿ, ਬਢਤੀ ਨਿਹਾਰਿ ਰਾਰ ਰਾਮ ਸਿੰਘ ਜੁ ਤਬੈ।**
**ਗੁਰੂਦ੍ਵਾਰ ਆਗੇ ਖਰਿ ਆਪ ਹੀ ਅਰਦਾਸ ਕਰਿ, ਦੀਓ ਬ੍ਰਤਵਾਇ ਪਰਸ਼ਾਦ ਸਭਿ ਕੋ ਸਭੈ।**
**ਗਾਵਤੇ ਸ਼ਬਦ ਪ੍ਰਦੱਖਨਾ ਲੈ ਗਏ ਡੇਰੇ, ਐਸ ਹੀ ਨ੍ਰਿਮਲਯੋਂ ਕੇ ਸਾਥ ਕੀਨ ਇਨਿ ਹੈ ਅਬੈ।**
**ਪੰਥ ਦੂਧ ਮਾਂਹਿ ਕਾਂਜੀ ਡਾਰੀ ਹੈ ਪੁਜਾਰੀਓਂ ਨੇ, ਮੇਲ ਹੋਨ ਦੇਤ ਨ ਸ਼ਰੂਈ ਮੰਦ ਯੋ ਕਬੈ।**

ਜਦੋਂ ਇਹਨਾਂ ਗੱਲਾਂ ਤੇ ਭਾਰੀ ਤਕਰਾਰ (ਵਾਦ-ਵਿਵਾਦ) ਹੋਇਆ ਤਾਂ ਗੁਰੂ ਰਾਮ ਸਿੰਘ ਜੀ ਨੇ ਝਗੜਾ ਵਧਦਾ ਵੇਖ ਕੇ ਤਦ



Namdhari Elibrary NamdhariElibrary@gmail.com

ਗੁਰੂਦਵਾਰੇ ਅਗੇ ਆਪ ਹੀ ਅਰਦਾਸ ਕਰ ਕੇ, ਸਾਰਾ ਪ੍ਰਸ਼ਾਦ ਸਭ ਨੂੰ ਵਰਤਵਾ ਦਿੱਤਾ।

ਉਹ ਸ਼ਬਦ ਪੜ੍ਹਦੇ ਪਰਕਰਮਾ ਕਰ ਕੇ ਆਪਣੇ ਡੇਰੇ ਚਲੇ ਗਏ। ਏਸੇ ਪ੍ਰਕਾਰ ਦਾ ਸਲੂਕ ਪੁਜਾਰੀਆਂ ਨੇ ਹੁਣ ਨਿਰਮਲਿਆਂ ਨਾਲ ਵੀ ਕੀਤਾ ਹੈ।

ਇਹਨਾਂ ਪੁਜਾਰੀਆਂ ਨੇ ਪੰਥ ਰੂਪੀ ਦੁੱਧ ਵਿਚ ਕਾਂਜੀ ਪਾਈ ਹੈ। ਇਹ ਸ਼ਰਈ ਲੋਕ ਪੰਥ ਵਿਚ ਕਦੇ ਮੇਲ ਨਹੀਂ ਹੋਣ ਦਿੰਦੇ।

(੨੪)

ਯੱਦਪਿ ਪੁਜਾਰੀ ਥੇ ਬਿਰੋਧੀ ਇਨੇ ਕੋਰ ਥਏ ਤੋ ਭੀ ਉਭੈ ਪੰਥ ਯੇ ਬਢਾਏ ਗੁਰ ਨੈ ਘਨੇ।
ਸੁਨੋ ਅਬਿ ਧਰਮ ਕੇ ਹੇਤ ਸਿਰ ਦੈ ਕੈ ਕੂਕੇ, ਧਰਮੀ ਸ਼ਹੀਦਨ ਮੈਂ ਗਏ ਜਿਮ ਹੈਂ ਗਨੇ।
ਸੰਮਤ ਉਨੀ ਸੌ ਬੀਸ ਤੀਸ ਕੇ ਵਖਤ ਮਧ, ਠੌਰ ਠੌਰ ਧੇਨੁ-ਬਧ ਹੋਨ ਲਾਗੇ ਥੇ ਘਨੇ।
ਦੇਖਿ ਦੇਖ ਹਿੰਦੂ ਸਭ ਹੋਹਿੰ ਦੁਖਯਾਰੇ ਭਾਰੇ, ਚਾਰਾ ਜੋਰ ਸਰਕਾਰ ਸੰਗ ਕੋਊ ਨ ਬਨੇ।

ਭਾਵੇਂ ਗੁਰਦੁਆਰਿਆਂ ਦੇ ਪੁਜਾਰੀ ਇਹਨਾਂ ਦੇ ਵਿਰੋਧੀ ਬਣੇ ਰਹੇ ਤਾਂ ਵੀ ਉਹ (ਕੂਕਾ ਅਤੇ ਨਿਰਮਲਾ) ਪੰਥ ਗੁਰੂ ਨੇ ਬਹੁਤ ਵਧਾਏ।

ਹੁਣ ਸੁਣੋ ਧਰਮ ਦੇ ਵਾਸਤੇ ਸਿਰ ਦੇ ਕੇ ਕੂਕੇ ਧਰਮੀ ਸ਼ਹੀਦਾਂ ਵਿਚ ਜਿਵੇਂ ਗਿਣੇ ਗਏ।

ਸੰਮਤ ਉਨੀ ਸੌ ਵੀਹ ਤੀਹ ਦੇ ਵਿਚਕਾਰਲੇ ਸਮੇਂ ਵਿਚ, ਥਾਂ ਥਾਂ ਤੇ ਗਊਆਂ ਦਾ ਕਤਲ ਬਹੁਤ ਹੋਣ ਲੱਗ ਪਿਆ।

ਇਹ ਗੱਲ ਵੇਖ ਵੇਖ ਕੇ ਸਭ ਹਿੰਦੂ ਬਹੁਤ ਜ਼ਿਆਦਾ ਦੁੱਖੀ ਹੋਏ। ਉਹਨਾਂ ਦਾ ਸਰਕਾਰ ਨਾਲ ਕੋਈ ਚਾਰਾ ਜ਼ੋਰ ਨਾ ਬਣਿਆ।

(੨੫)

ਹਿੰਮਤ ਕਮਰ ਬਾਂਧਿ ਨਾਮਧਾਰੀ ਸਿੰਘੋਂ ਤਬਿ, ਬੁੱਚੜ ਬਿਦਾਰੇ ਹਤਯਾਰੇ ਬਹੁ ਠੌਰ ਪੈ।
ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀ ਅੰਗਰੇਜ਼ੋਂ ਗਹਿ ਕੈ ਦੁਖਯਾਰੇ ਕੀਨੇ ਗੌਰ ਪੈ।
ਦੈਨ ਲਾਗੇ ਫਾਂਸੀ ਜਬਿ ਆਇ ਖੁਦ ਕੂਕੇ ਤਬਿ ਕਾਤਲ ਸਬੂਤ ਆਪ ਥੀਏ ਸਭਿ ਤੌਰ ਪੈ।
ਖੁਸ਼ੀ ਹੋਇ ਦਏ ਸੀਸ ਗਏ ਈਸ ਲੋਕ ਮਾਂਹਿ, ਕੋਟਲੇ-ਮਲੇਰ ਫੇਰ ਥਯੋ ਸਾਕਾ ਔਰ ਪੈ।

ਤਦ ਨਾਮਧਾਰੀ ਸਿੰਘਾਂ ਨੇ ਹਿੰਮਤ ਕਰ ਲੱਕ ਬੰਨਕੇ ਕਈ ਥਾਵਾਂ ਤੇ ਹਤਿਆਰੇ ਬੁੱਚੜਾਂ ਨੂੰ ਮਾਰ ਦਿੱਤਾ।

ਸ੍ਰੀ ਅੰਮ੍ਰਿਤਸਰ ਆਦਿਕ ਥਾਵਾਂ ਦੇ ਨਾਮੀ ਗ੍ਰਾਮੀ ਹਿੰਦੂਆਂ ਨੂੰ ਅੰਗਰੇਜ਼ਾਂ ਨੇ ਫੜ ਕੇ ਬਹੁਤ ਦੁੱਖੀ ਕੀਤਾ।

ਜਦੋਂ ਸਰਕਾਰ ਉਹਨਾਂ ਫੜੇ ਹੋਏ ਲੋਕਾਂ ਨੂੰ ਫਾਂਸੀ ਦੇਣ ਲੱਗੀ ਤਾਂ ਤਦ ਕੂਕੇ ਖੁਦ ਆਪ ਆਏ। ਉਹਨਾਂ ਨੇ ਹਰ ਤਰ੍ਹਾਂ ਦੇ ਕਤਲ ਦੇ ਸਬੂਤ ਪੇਸ਼ ਕੀਤੇ।

ਉਹ ਖੁਸ਼ੀ ਖੁਸ਼ੀ ਆਪਣੇ ਸੀਸ ਦੇ ਕੇ ਦੇਵ ਲੋਕ ਨੂੰ ਚਲੇ ਗਏ। ਇਸ ਤੋਂ ਬਾਅਦ ਮਾਲੇਰਕੋਟਲੇ ਵਿਚ ਇਕ ਹੋਰ ਸਾਕਾ ਵਾਪਰ ਗਿਆ।

(੨੬)

ਕੂਕੇ ਸਿੰਘ ਸਾਠਕੋਂ ਨੇ ਠਾਟ ਕੇ ਮਰਨ ਨਿਜ, ਮਾਰ ਕੈ ਕਸਾਈਆਂ ਕੋ ਗਾਈਆਂ ਬਚਾਈਆਂ।
ਕੋਟਲੇ ਕੀ ਤੁਰਕਾਨੀ ਤੈ ਪਠਾਨੀ ਫੌਜ ਸਭਿ ਸਿੰਘਨ ਸੈਂ ਲਰੀ ਇਨੈ ਮਾਰ ਕੈ ਹਟਾਈਆਂ।
ਫੌਜ ਪਟਿਯਾਲੇ ਨੈ ਬਿਸਾਲੇ ਜਾਇ ਦਗੇ ਸੰਗ, ਕਸਮੈਂ ਉਠਾਇ ਲਯਾਇ ਦੀਏ ਪਕਰਾਈਆਂ।
ਉਡੇ ਸੋਊ ਤੋਪੋਂ ਆਗੇ ਅਨੁਰਾਗੇ ਸ਼ਬਦੋਂ ਮੈਂ, ਖੁਸ਼ੀ ਹੋਇ ਬਡਭਾਗੇ ਧਰਮ ਹਿਤਾਈਆਂ।

ਕੋਈ ਸੱਠ ਕੁ ਕੂਕਿਆਂ ਨੇ ਆਪ ਮਰਨਾ ਠਾਣ ਕੇ, ਕਸਾਈਆਂ ਨੂੰ ਮਾਰ ਕੇ ਗਊਆਂ ਆਜ਼ਾਦ ਕੀਤੀਆਂ।

ਕੋਟਲੇ ਦੀਆਂ ਤੁਰਕ ਅਤੇ ਪਠਾਨ ਫੌਜਾਂ ਸਿੰਘਾਂ ਨਾਲ ਲੜੀਆਂ ਪਰ ਇਹਨਾਂ ਨੇ ਮਾਰ ਕੇ ਪਿਛੇ ਹਟਾ ਦਿੱਤੀਆਂ।

ਪਟਿਆਲੇ ਦੀ ਫੌਜ ਨੇ ਵਡੇ ਦਗੇ ਨਾਲ ਜਾ ਕੇ ਸਹੁੰਆਂ ਖਾ ਕੇ ਉਹਨਾਂ ਨੂੰ ਲਿਆ ਕੇ ਪਕੜਵਾ ਦਿੱਤਾ।

ਉਹ ਸ਼ਬਦਾਂ ਵਿਚ ਲੀਨ, ਖੁਸ਼ੀ ਖੁਸ਼ੀ, ਆਪਣੇ ਆਪ ਨੂੰ ਵਡਭਾਗੇ ਸਮਝਦੇ ਧਰਮ ਹਿਤ ਤੋਪਾਂ ਅੱਗੇ ਉੱਡ ਗਏ।



Namdhari Elibrary NamdhariElibrary@gmail.com

(੨੭)

**ਸਰਦਾਰ ਰਾਜੇ ਤੈ ਮੁਸਾਹਿਬ ਸਾਹਿਬ ਬਡੇ, ਅਚਰਜ ਥੀਏ ਹੇਰਿ ਕਾਰ ਤਿਨ ਕੇਰ ਪੈ।**
**ਦੋਸ਼ਹੀਨ ਓਸ ਸਮੇਂ ਰਾਮ ਸਿੰਘ ਕੋ, ਰੰਗੂਨ ਭੇਜ ਦੀਓ ਅੰਗਰੇਜ਼ੈਂ ਖੂਬ ਸੋਚ ਫੇਰ ਪੈ।**
**ਔਰ ਹੁਤੇ ਸੂਬੇ ਜੇਈ ਕੰਹੂ ਕੰਹੂ ਭੇਜੇ ਤੇਈ, ਜੋਰ ਤੋਰ ਦੀਓ ਏਸ ਪੰਥ ਕੋ ਬਧੇਰ ਪੈ।**
**ਰਾਮ ਸਿੰਘ ਜੂ ਕੀ ਠੌਰ ਬੁੱਧ ਸਿੰਘ ਭਾਈ ਤਾਂਹਿ, ਅਬਿ ਹੈ ਮਹੰਤ ਕੰਤ ਕੂਕਯੋਂ ਕਾ ਹੇਰ ਪੈ।**

—ਸਰਦਾਰ, ਰਾਜੇ, ਅਹਿਲਕਾਰ ਤੇ ਵੱਡੇ ਵੱਡੇ ਅਫਸਰ ਉਹਨਾਂ ਦੀ ਕਾਰ (ਕੁਰਬਾਨੀ ਦੇ ਕਾਰਜ) ਵੇਖ ਕੇ ਅਸਚਰਜ ਰਹਿ ਗਏ।
—ਅੰਗਰੇਜ਼ਾਂ ਨੇ ਖੂਬ ਸੋਚ ਵਿਚਾਰ ਕਰਕੇ ਉਸ ਸਮੇਂ ਦੋਸ਼-ਹੀਣ ਗੁਰੂ ਰਾਮ ਸਿੰਘ ਨੂੰ ਰੰਗੂਨ ਭੇਜ ਦਿੱਤਾ।
ਇਸ ਪੰਥ ਦਾ ਬਹੁਤਾ ਜ਼ੋਰ ਤੋੜਣ ਵਾਸਤੇ ਹੋਰ ਜਿਹੜੇ ਸੂਬੇ ਸਨ ਉਹ ਵੱਖ ਵੱਖ ਥਾਵਾਂ ਤੇ ਭੇਜ ਦਿੱਤੇ।
(ਗੁਰੂ) ਰਾਮ ਸਿੰਘ ਦੀ ਥਾਂ ਉਹਨਾਂ ਦੇ ਭਰਾ ਬੁੱਧ ਸਿੰਘ ਜੀ ਹੁਣ ਕੂਕਿਆਂ ਦੇ ਸੁਆਮੀ ਦੇ ਰੂਪ ਵਿਚ ਦਿਸਦੇ ਹਨ ?
*(ਨੋਟ : ਜਦੋਂ ਗਿਆਨ ਜੀ ਨੇ ਲਿਖਿਆ ਸੀ ਉਦੋਂ ਸ੍ਰੀ ਭੈਣੀ ਸਾਹਿਬ ਗੱਦੀ ਤੇ ਗੁਰੂ ਹਰੀ ਸਿੰਘ ਜੀ ਸਸ਼ੋਭਿਤ ਸਨ ਜਿਨ੍ਹਾਂ ਦਾ ਪਹਿਲਾ ਨਾਮ ਬਾਬਾ ਬੁੱਧ ਸਿੰਘ ਸੀ।)*

(੨੮)

**ਠਟਤ ਭਵਾਨੀ ਕੀ ਉਪਾਸਨਾ ਪਠਤ ਬਾਨੀ, ਵਾਹਿਗੁਰੂ ਵਾਹਿਗੁਰੂ ਰਟਤ ਅਮੂਕੇ ਹੈਂ।**
**ਸੁਕਲ ਬਸਨ ਮਾਲਾ ਸੂਧੀ ਦਸਤਾਰ ਦਾਢੀ, ਕਰਿ ਹੈਂ ਹਮਨ ਪਾਠ ਗ੍ਰੰਥ-ਗੁਰੂ ਜੂ ਕੇ ਹੈਂ।**
**ਦਸਮੇਂ ਗੁਰੂ ਕੇ ਸਿੰਘ ਸਾਦਿਕ ਸਹੀਂ ਹੈਂ ਸਤਿ, ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ।**
**ਹੇਰੇ ਜੈਸੇ ਲੱਖਣ ਹੈਂ ਟੇਰੇ ਤੈਸੇ ਗਯਾਨ ਸਿੰਘ, ਐਸੇ ਪਰਸਿੱਧ ਹੀ ਅਬਿਧ ਸਿੱਖ ਕੂਕੇ ਹੈਂ।**

ਉਹ ਦ੍ਰਿੜਤਾ ਨਾਲ ਭਵਾਨੀ ਦੀ ਉਪਾਸ਼ਨਾ ਕਰਦੇ ਹਨ, ਬਾਣੀ ਪੜ੍ਹਦੇ ਹਨ ਅਤੇ ਵਾਹਿਗੁਰੂ ਨਾਮ ਦਾ ਲਗਤਾਰ ਰਟਣ ਕਰਦੇ ਹਨ:-
ਉਹਨਾਂ ਦੇ ਬਸਤਰ ਤੇ ਮਾਲਾ ਚਿੱਟੇ ਹਨ, ਉਹਨਾਂ ਦੀ ਸਿਧੀ ਦਸਤਾਰ ਅਤੇ ਖੁਲੀ ਦਾਹੜੀ ਹੈ। ਉਹ ਹਵਨ ਅਤੇ ਗੁਰੂ ਗਰੰਥ ਜੀ ਦੇ ਪਾਠ ਕਰਦੇ ਹਨ।
ਉਹ ਸਾਰੇ ਹੀ ਦਸਵੇਂ ਗੁਰੂ ਜੀ ਦੇ ਸਹੀ ਸਿਦਕੀ ਸਿੱਖ ਹਨ। ਉਹਨਾਂ ਵਿਚ ਸ਼ੁਭ ਰਾਜ ਲੈਣ ਦੀ ਲਾਲਸਾ ਅਚੁੱਕ ਹੈ।
ਉਹਨਾਂ ਦੇ ਜਿਹੋ ਜਿਹੇ ਲਛਣ ਵੇਖੇ ਹਨ ਓਹੋ ਜਿਹੇ ਗਯਾਨ ਸਿੰਘ ਨੇ ਵਰਣਨ ਕੀਤੇ ਹਨ। ਐਸੇ ਪਰਸਿੱਧ ਅਤੇ ਅਡੋਲ ਨਿਸਚੇ ਵਾਲੇ ਸਿੱਖ ਕੂਕੇ ਹਨ।

* * * *

ਨੋਟ :- ਉਪਰੋਕਤ ਅਠਾਈ ਕਬਿਤਾਂ ਤੋਂ ਇਲਾਵਾ ਵੀ ਗਿਆਨੀ ਗਿਆਨ ਸਿੰਘ ਜੀ ਨੇ ਨਾਮਧਾਰੀਆਂ ਅਥਵਾ ਕੂਕੇ ਸਿੰਘਾਂ ਬਾਰੇ ਆਪਣੀਆਂ ਰਚਨਾਵਾਂ ਵਿਚ ਟਿੱਪਣੀਆਂ ਕੀਤੀਆਂ ਹਨ। ਇਕ ਥਾਂ ਆਪਣੀ ਮਹਾਨ ਰਚਨਾ ਪੰਥ ਪ੍ਰਕਾਸ਼ ਵਿਚ ਹੀ ਅਤੇ ਦੂਸਰੀ 'ਭੂਪਿੰਦ੍ਰਾਨੰਦ ਗ੍ਰੰਥ' ਵਿਚ।
ਭੂਪਿੰਦ੍ਰਾਨੰਦ ਗ੍ਰੰਥ ਦੇ ਪੰਨਾ ੩੦-੩੧ ਤੇ ਦਰਜ ਹੈ :
**ਸ੍ਰੀ ਰਾਮ ਸਿੰਘ ਕੂਕੇ ਪਹਿਲੇ ਅਨੰਦ ਸੁਛੰਦ ਪੜਾਏ ਸਹਿਲੇ**
**ਤਿਨਕੋ ਦੇਖ ਔਰ ਸਿਖ ਘਨੇ ਲਗੇ ਆਨੰਦ ਪੜ੍ਹਾਵਨ ਤਨੇ**
ਸਭ ਤੋਂ ਪਹਿਲਾਂ ਸ੍ਰੀ ਰਾਮ ਸਿੰਘ ਕੂਕੇ ਨੇ (ਵਿਆਹ ਸਮੇਂ) ਸੌਖੇ ਅਨੰਦ ਲਾਵਾਂ ਸਮੇਤ ਪੜ੍ਹਾਏ।
ਉਹਨਾਂ ਨੂੰ ਵੇਖ ਕੇ ਹੋਰ ਬਹੁਤ ਸਾਰੇ ਸਿੱਖ ਤਦ ਤੋਂ ਆਨੰਦ ਪੜ੍ਹਾਵਨ ਲੱਗੇ।



Namdhari Elibrary NamdhariElibrary@gmail.com

ਇਸ ਦਾ ਭਾਵ ਹੈ ਕਿ ਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਵਿਚ ਅਨੰਦ ਕਾਰਜ ਦੀ ਰੀਤ ਤੋਰੀ।

ਪੰਥ ਪ੍ਰਕਾਸ਼, ਭਾਸ਼ਾ ਵਿਭਾਗ ਪੰਜਾਬ ਪੰਨਾ ੫੧੮-੧੯ ਉਤੇ ਵੀ ਨਾਮਧਾਰੀਆਂ ਬਾਰੇ ਟਿੱਪਣੀ ਦਰਜ ਹੈ। ਚਲਦਾ ਪ੍ਰਸੰਗ ਬੰਦਈ ਸਿੰਘਾਂ ਦੀਆਂ ਸ਼ਹੀਦੀਆਂ ਦਾ ਹੈ ਕਿਵੇਂ ਉਹਨਾਂ ਨੇ ਚਾਂਦਨੀ ਚੌਕ ਵਿਚ ਰੋਜ਼ ਹੱਸ ਹੱਸ ਕੇ ਸ਼ਹੀਦੀਆਂ ਪਾਈਆਂ। ਇਕ ਦੂਜੇ ਤੋਂ ਵਧ ਵਧ ਕੇ ਸ਼ਹੀਦ ਹੋਏ। ਇਸ ਪ੍ਰਸੰਗ ਨੂੰ ਬਹੁਤ ਮਾਰਮਕ ਢੰਗ ਨਾਲ ਬਿਆਨ ਕਰਦਿਆਂ ਵਿਚੋਂ ਹੀ ਕੱਟ ਕੇ ਉਹ ਲਿਖਦੇ ਹਨ।

ਦੋਹਰਾ

ਉਨ ਸਿੰਘਨ ਕਾ ਹਾਲ ਤੋ ਲਿਖਿਓ ਕਿਤਾਬਨ ਮਾਂਹਿ।
ਹਮ ਨਿਜ ਨੈਨਨ ਜੋ ਪਿਖਿਓ ਸੋ ਅਬ ਸਾਚ ਸੁਨਾਂਹਿ।
ਬੰਦਈ ਸਿੰਘਾਂ ਦਾ ਹਾਲ ਤਾਂ ਇਤਿਹਾਸ ਦੀਆਂ ਕਿਤਾਬਾਂ 'ਚ ਲਿਖਿਆ ਹੈ।
ਮੈਂ ਜੋ ਆਪਣੀਆਂ ਅੱਖਾਂ ਨਾਲ ਵੇਖਿਆ ਹੈ ਉਹ ਹੁਣ ਸੱਚ ਸੁਣਾਉਂਦਾ ਹਾਂ।

ਚੌਪਈ

**ਸੰਮਤ ਉਨੀਸੈ ਅਠਾਈ, ਕੂਕੇ ਸਿੰਘ ਮਿਲੇ ਤਬ ਆਈ।**
**ਜੋ ਬੁਚੜ ਗਊਆਂ ਥੇ ਮਾਰਤ। ਤਿਨ ਕੋ ਸਿੰਘ ਭਏ ਬਿਦਾਰਤ।**
**ਜਬ ਸਿੰਘ ਸਾਠਕ ਪਕੜੇ ਗਏ। ਫੜੇ ਮਲੇਰ ਕੋਟਲੇ ਅਏ।**
**ਉਨ ਹਿਤ ਹੁਕਮ ਅੰਗਰੇਜ਼ੀ ਆਯੋ। ਇਨ ਕੋ ਤੋਪਨ ਸੰਗ ਉਡਾਯੋ।**
**ਜਬ ਇਹੁ ਹੁਕਮ ਉਨੈਂ ਸੁਨ ਪਾਯੋ। ਖੁਸ਼ੀ ਭਏ ਅਤਿ ਹੀਯ ਹੁਲਸਾਯੋ।**
**ਮੁਖ ਪਰ ਲਾਲੀ ਚਢੀ ਬਧੇਰੇ। ਗਾਵਤ ਗੁਰ ਕੇ ਸ਼ਬਦ ਉਚੇਰੇ।**
**ਦੀਵੇ ਪਰ ਜਯੋਂ ਆਇ ਪਤੰਗੇ। ਤਯੋਂ ਤੋਪਨ ਦਿਸ ਜਾਇ ਨਿਸ਼ੰਗੇ।**
**ਉਡੇ ਖੁਸ਼ੀ ਹ੍ਵੈ ਹ੍ਵੈ ਕਰ ਸਾਰੇ। ਜਰਾ ਨ ਕੀਨੇ ਪਰਾਨ ਪਯਾਰੇ।**
**ਇਹੁ ਹਮ ਨੇ ਖੁਦ ਨੈਨ ਨਿਹਾਰੇ। ਦੇਖਤ ਥੇ ਜੋ ਲੋਗ ਅਪਾਰੇ।**
**ਰਹੇ ਹਿਰਾਨ ਤਿਨੈ ਪਿਖ ਸਾਰੇ।**
**ਇਹੁ ਸਿਘਨ ਕੀ ਰੀਤੀ ਵਰਹੈ। ਸ਼ਸਤ੍ਰ ਕੀ ਮ੍ਰਿਤ ਤੈ ਨਾਹਿ ਡਰਹੈ।**
**ਸੰਮੁਖ ਸੱਤ੍ਰ ਜੰਗ ਮੈਂ ਜੈਹੈ ਮਰਨ ਮਾਰਨੋ ਨਾਹਿ ਟਰੇ ਹੈਂ।**

ਸੰਮਤ ਉਨੀ ਸੌ ਅਠਾਈ ਵਿਚ ਕੂਕੇ ਸਿੰਘਾਂ ਨਾਲ ਮੇਲ ਹੋਇਆ।
ਜੋ ਬੁਚੜ ਗਊਆਂ ਨੂੰ ਮਾਰਦੇ ਸਨ, ਉਹਨਾਂ ਨੂੰ ਸਿੰਘਾਂ ਨੇ ਖਤਮ ਕਰ ਦਿੱਤਾ।
ਜਦੋਂ ਸੱਠ ਕੁ ਸਿੰਘ ਪਕੜੇ ਗਏ। ਉਹਨਾਂ ਨੂੰ ਫੜ ਕੇ ਮਲੇਰ ਕੋਟਲੇ ਲਿਆਂਦਾ ਗਿਆ।
ਉਹਨਾਂ ਦੇ ਵਾਸਤੇ ਅੰਗਰੇਜ਼ ਹਾਕਮਾਂ ਵਲੋਂ ਇਹ ਹੁਕਮ ਆਇਆ ਕਿ ਇਹਨਾਂ ਨੂੰ ਤੋਪਾਂ ਨਾਲ ਉਡਾ ਦਿਓ।

ਜਦੋਂ ਇਹ ਹੁਕਮ ਉਹਨਾਂ (ਸਿੰਘਾਂ) ਨੇ ਸੁਣਿਆ ਤਾਂ ਉਹ ਖੁਸ਼ ਹੋ ਗਏ ਉਹਨਾਂ ਦਾ ਹਿਰਦਾ ਅਤਿਅੰਤ ਚਾਅ/ਉਤਸਾਹ ਨਾਲ ਭਰ ਗਿਆ।

ਉਹਨਾਂ ਦੇ ਮੁਖ ਤੇ ਬਹੁਤ ਲਾਲੀ ਚੜ੍ਹ ਗਈ। ਉਹ ਗੁਰੂ ਜੀ ਦੇ ਸ਼ਬਦ ਉਚੀ ਆਵਾਜ਼ ਵਿਚ ਗਾਉਣ ਲੱਗ ਪਏ।
ਜਿਵੇਂ ਦੀਵੇ ਉਤੇ ਪਤੰਗੇ ਆਉਂਦੇ ਹਨ ਓਵੇਂ ਹੀ ਤੋਪਾਂ ਵਲ ਨਿਸੰਗ (ਬਗੈਰ ਸੰਗ) ਤੋਂ ਧਾਂਵਦੇ।
ਉਹ ਸਾਰੇ ਹੀ ਖੁਸ਼ੀ ਖੁਸ਼ੀ ਤੋਪਾਂ ਅੱਗੇ ਉਡੇ। ਉਹਨਾਂ ਜ਼ਰਾ ਵੀ ਪਰਾਨਾਂ ਨੂੰ ਪਿਆਰ ਨਾ ਕੀਤਾ।
ਇਹ ਅਸਾਂ ਅਪਣੀਆਂ ਅੱਖਾਂ ਨਾਲ ਵੇਖਿਆ। ਜੋ ਅਪਾਰ ਲੋਕ ਓਥੇ ਇਕੱਠੇ ਸਨ ਉਹਨਾਂ ਵੀ ਵੇਖਿਆ।

ਉਹਨਾਂ ਨੂੰ ਵੇਖ ਕੇ ਸਭ ਹੈਰਾਨ ਹੋ ਰਹੇ ਸਨ। ਇਹ ਸਿੰਘਾਂ ਦੀ ਰੀਤ ਨੂੰ ਵਰ ਰਹੇ ਸਨ। ਉਹ ਸ਼ਸਤਰਾਂ ਦੁਆਰਾ ਮੌਤ ਤੋਂ ਨਹੀਂ ਡਰਦੇ।

ਉਹ ਜੰਗ ਵਿਚ ਦੁਸ਼ਮਣ ਦੇ ਸਾਹਮਣੇ ਜਾਂਦੇ ਹਨ। ਉਹ ਮਰਨ ਮਾਰਨੋਂ ਨਹੀਂ ਟਲਦੇ।



Namdhari Elibrary NamdhariElibrary@gmail.com

# ਚੋਣਵੇਂ ਪੰਜਾਬੀ ਸ਼ਿਅਰ



*ਸ੍ਰੀਰਾਮ ਅਰਸ਼*

✲ ਇਹ ਵਿਸ਼ ਕੰਨਿਆਂ ਦੀ ਨਗਰੀ ਹੈ ਵਿਓ ਦੀ ਖੇਤੀ ਹੁੰਦੀ ਹੈ,
ਏਥੇ ਅਰਸ਼ ਕਿਸੇ ਬੂਟੇ ਨੂੰ ਪੈਂਦਾ ਮਿੱਠੜਾ ਬੂਰ ਨਹੀਂ।

✲ ਸਿਰਜ ਕੇ ਅਦਭੁੱਤ ਕਰਾਮਾਤਾਂ ਨੂੰ ਆਪਣੇ ਵਾਸਤੇ,
ਹੋ ਗਿਆ ਹੈ ਆਦਮੀ ਕਿੰਨਾ ਨਕਾਰਾ ਵੇਖ ਲੈ।

✲ ਰੋਜ਼ ਸਵੇਰੇ ਘਰ ਤੋਂ ਵੱਡਿਆਂ ਲੋਕਾਂ ਦੇ ਮੈਂ ਜਾਵਾਂ ਨਾਲ।
ਸ਼ਾਮ ਨੂੰ ਥੱਕਿਆ ਟੁੱਟਿਆ ਨਿੱਕਿਆਂ ਲੋਕਾਂ ਦੇ ਮੈਂ ਆਵਾਂ ਨਾਲ।

✲ ਹਰ ਇਕ ਸ਼ਹਿਰ 'ਚ ਸੁੰਦਰ ਚਿਹਰੇ ਰੌਣਕ ਮਹਿਲਾਂ ਦੇ ਖੇੜੇ,
ਫਿਰ ਕਿਉਂ ਮੇਰੇ ਯੁਗ ਦੇ ਲੋਕੀਂ ਸ਼ਹਿਰਾਂ ਤੋਂ ਉਕਤਾਏ ਹਨ।

*ਮਹਿੰਦਰਦੀਪ ਗਰੇਵਾਲ*

✲ ਮੈਨੂੰ ਸਮੋ ਸਕੇਂ ਸਮੋ ਦਿਲ ਦੀ ਕਿਤਾਬ ਵਿਚ।
ਖਿਲਰੇਗੀ ਇਸਤਰਾਂ ਹੀ ਲੋਅ ਦਿਲ ਦੀ ਕਿਤਾਬ ਵਿਚ।

✲ ਤੁਸੀਂ ਠੋਕਰ ਲਗਾਈ ਹੈ ਤੁਸੀਂ ਹੀ ਦਰਦ ਦਿੱਤਾ ਹੈ,
ਤੁਹਾਡਾ ਸ਼ੁਕਰੀਆ ਮੈਂ ਘੂਕ ਨੀਂਦੋਂ ਜਾਗਿਆਂ ਯਾਰੋ।

✲ ਮੋਇਆਂ ਦਾ ਵਿਰਲਾਪ ਕੀ ਕਰਨਾ ਵੇਖ ਪੁਲਾਂ ਤੇ ਬਹਿ ਕੇ,
ਕਿੰਨਾ ਪਾਣੀ ਵਗਦਾ ਜਾਂਦਾ ਇਸ ਪਾਰੋਂ ਉਸ ਪਾਰ।

✲ ਭੋਰਾ ਨਜ਼ਰ ਮਿਲੀ ਤਾਂ ਕਿੰਨੇ ਹੀ ਰੰਗ ਫੈਲੇ,
ਇਕੋ ਜਿਹਾ ਕਰਮ ਹੈ ਦਿਲ ਦਾ ਤੇ ਰੌਸ਼ਨੀ ਦਾ।

*ਦੇਵ ਰਾਜ ਨਾਜ*

✲ ਉਹ ਕਤਲ ਕਰ ਦੇਣ ਤਾਂ ਵੀ ਮੰਨਦਾ ਕੋਈ ਨਹੀਂ।
ਮੈਂ ਜੇ ਹੌਕਾ ਭਰਾਂ ਤਾਂ ਬਖਸ਼ਦਾ ਕੋਈ ਨਹੀਂ।

*ਹਰਿੰਦਰ ਦੁਸਾਂਝ*

✲ ਵਰਤ ਕੇ ਹੀ ਰਹਿੰਦੇ ਹਨ ਆਖਰ ਵਰਤਣ ਵਾਲੇ ਭਾਣੇ।
ਹਿੰਮਤ ਕਦੇ ਨਾ ਹਾਰਨ ਐਪਰ ਜਿਹੜੇ ਲੋਕ ਸਿਆਣੇ।

*ਮਹਿਮਾ ਸਿੰਘ*

✲ ਮੱਥੇ ਤੇ ਇਕ ਦਗਦਾ ਸੁਰਖ ਖਿਆਲ ਰਹੇ।
ਸੋਚ ਮੇਰੀ ਦਾ ਚਿਹਰਾ ਲਾਲੋ ਲਾਲ ਰਹੇ।

✲ ਬਣੇ ਇਸਪਾਤ ਵੀ ਬੰਦਾ ਆਪਣੇ ਹੱਕਾਂ ਲਈ,
ਰਹੇ ਗੁਲਜ਼ਾਰ ਵੀ ਬੰਦਾ ਮੇਰੀ ਹੈ ਇਹ ਰਾਇ।

*ਸਰਬਜੀਤ ਕੌਰ ਸੰਧਾਵਾਲੀਆ*

✲ ਕੁਝ ਨਹੀਂ ਹੈ ਕੋਲ ਤੇਰੇ ਮੇਚਦਾ।
ਕੀ ਕਰਾਂ ਤੈਨੂੰ ਮੈਂ ਅਰਪਣ ਦੋਸਤਾ।

ਪੇਸ਼ ਨੇ ਬਚਦੇ ਜੋ ਸਾਹ, ਫਿਰ ਨਾ ਕਹੀਂ,
ਕੀ ਪਤਾ ਪਰਤਣ, ਨਾ ਪਰਤਣ ਦੋਸਤਾ।

*ਅਮਰਜੀਤ ਢਿੱਲੋਂ*

✲ ਬੇਵੱਸ ਮਕਤੂਲਾਂ ਦੇ ਵਾਰਸ ਦੇਖ ਰਹੇ ਜੱਜ ਦਾ ਇਨਸਾਫ,
ਕਾਤਿਲ ਹੋਰ, ਗਵਾਈਆਂ ਹੋਰ, ਸਜਾ ਹੋਰ, ਸਚਿਆਈਆਂ ਹੋਰ।

*ਤ੍ਰਿਲੋਕ ਸਿੰਘ ਆਨੰਦ*

✲ ਤੇਰੇ ਹੁੰਦਿਆਂ ਪਰਦਿਆਂ ਉਤਲੇ ਫੁੱਲਾਂ ਵਿਚ ਖੁਸ਼ਬੋਈ ਹੈ,
ਤੇਰੇ ਬਾਝੋਂ ਚਾਦਰ ਉਤਲਾ, ਮੋਰ ਸੁਨਹਿਰੀ ਮਰ ਜਾਵੇਗਾ।

✲ ਚੁੱਪ ਦੀ ਦੌਲਤ ਮਿਲੇਗੀ ਤੇ ਉਦਾਸੀ ਦਾ ਨਸ਼ਾ,
ਤੂੰ ਅਜੇ ਵੇਖੀ ਨਹੀਂ ਬਾਦਸ਼ਾਹੀ ਦਰਦ ਦੀ।

*ਆਤਿਸ਼ ਪਾਇਲਵੀ*

✲ ਕਿਸੇ ਦੇ ਕਤਲ ਉਤੇ ਵੀ ਅਸੀਂ ਚੁੱਪ ਚਾਪ ਰਹਿੰਦੇ ਹਾਂ,
ਨਗਰ ਨੂੰ ਨਿਗਲ ਜਾਵੇ ਨਾ ਕਿਸੇ ਦਿਨ ਬੁਜ਼ਦਿਲੀ ਆਪਣੀ।

*ਰਣਬੀਰ ਰਾਣਾ*

✲ ਤੂੰ ਰਕੀਬਾਂ ਦੀ ਵਫਾ ਦਾ ਜ਼ਿਕਰ ਤਾਂ ਕਰਦੈਂ ਹਮੇਸ਼ਾਂ,
ਜੋ ਤੇਰੀ ਖਾਤਰ ਮਰੇ ਹਨ, ਜ਼ਿਕਰ ਕਰ ਕੁਝ ਏਸ ਗੱਲ ਦਾ।

*ਰਾਜ ਗੁਰਦਾਸਪੁਰੀ*

✲ ਜਦੋਂ ਦੀਵਾਰ ਦੇ ਉਤੋਂ ਉਹ ਮਾਰੇ ਝਾਤ ਤਾਂ ਲੱਗਦੈ,
ਜਿਵੇਂ ਸੂਰਜ ਨਿਕਲਦਾ ਹੈ ਸਵੇਰੇ ਪਰਬਤਾਂ ਵਿਚੋਂ।

*ਮਹਿੰਦਰ ਸਿੰਘ ਦੁਸਾਂਝ*

✲ ਜਿਸਦੇ ਹੱਥਾਂ ਨਾਲ ਬਣੇ ਹਨ ਮਹਿਲ ਸ਼ਹਿਰ ਦੇ ਉੱਚੇ,
ਜਦ ਵੀ ਮੀਂਹ ਵਰ੍ਹਦਾ ਹੈ ਚੋਂਦੀ ਛੱਤ ਉਸਦੇ ਘਰ ਦੀ।

*ਅਮਰੀਕ ਗਾਫਿਲ*

✲ ਇਹ ਦਰਦ, ਪੀੜ ਹੰਝੂ, ਹੌਕੇ ਨੇ ਜਿਸਦੀ ਪੂੰਜੀ,
ਗਾਫਿਲ ਤੁਸੀਂ ਹੀ ਦੱਸੋ, ਫਿਰ ਉਹ ਕੰਗਾਲ ਕਿੱਦਾਂ।

*ਸੁਖਵੰਤ ਪੱਟੀ*

✲ ਤੂੰ ਹੈ ਸੂਰਜ, ਤੂੰ ਹੈ ਚੰਦਾ, ਤੂੰ ਚੜ੍ਹਨੈ ਮੁੜ ਮੁੜ ਕੇ,
ਮੈਂ ਹਾਂ ਬੋਦੀ ਵਾਲਾ ਤਾਰਾ ਮੁੜ ਆਵਾਂ ਨਾ ਆਵਾਂ।

✲ ਮੈਂ ਹਾਂ ਚਾਹੁੰਦਾ ਇਸਤਰਾਂ ਮੈਨੂੰ ਮਿਲੇ ਮੇਰਾ ਵਜੂਦ,
ਦੂਰ ਦਿਸਹੱਦੇ ਤੇ ਅੰਬਰ ਨਾਲ ਜਿਉਂ ਧਰਤੀ ਮਿਲੇ।

*ਸੁਮਨ ਸ਼ਾਮਪੁਰੀ*

✲ ਸੁਮਨ ਭਲਾ ਫੁੱਲਾਂ ਨੂੰ ਕਿਉਂ ਨਾ ਚਾਹੇਗਾ,
ਉਸਨੇ ਤਾਂ ਸੂਲਾਂ ਵੀ ਸੀਨੇ ਲਾਈਆਂ ਨੇ।

—ਚਰਨ ਸੀਚੇਵਾਲਵੀ
੪੨੮, ਗੁਰੂ ਨਾਨਕਪੁਰਾ (ਵੈਸਟ)
ਡਾਕ. ਚੌਗਿਟੀ, ਜਲੰਧਰ ੧੪੪੦੦੯
ਫੋਨ- ੦੧੮੧-੨੨੩੧੬੫੪



Namdhari Elibrary NamdhariElibrary@gmail.com

## ਦੋ ਗ਼ਜ਼ਲਾਂ / ਮਹਿਮਾ ਸਿੰਘ ਤੂਰ

(੧)

ਬਹੁਤ ਬੋਝਲ ਹੋ ਗਏ ਡਰ, ਛੱਡਦੋ ਯਾਰੋ।
ਲੜਨ ਖਾਤਰ ਕੱਚ ਦੇ ਘਰ ਛੱਡਦੋ ਯਾਰੋ।

ਸਭ ਅਜੋਕੇ ਰਾਵਣਾਂ ਦੇ ਪੋਲ ਖੋਲ੍ਹਣ ਨੂੰ,
ਅੱਗ ਵਰਗੇ ਸ਼ਬਦ-ਸ਼ਸਤਰ ਛੱਡਦੋ ਯਾਰੋ।

ਸੋਚ ਪੱਖੋਂ ਬਾਣੀਏ ਮਿੱਤਰ ਤੁਹਾਡੇ ਜੋ,
ਸੱਚ ਕਹਿਣਾ ਐਸੇ ਮਿੱਤਰ ਛੱਡਦੋ ਯਾਰੋ।

ਭੱਠ ਪੈਣੇ ਰਿਸ਼ਤਿਆਂ ਦਾ ਭਾਰ ਕੀ ਢੋਣਾ,
ਢੋਣ ਨਾਲੋਂ, ਹੈ ਕਿ ਬਿਹਤਰ ਛੱਡਦੋ ਯਾਰੋ।

ਦੂਰ ਹੋ ਜਾਵੇ ਅਜੋਕੇ ਖੋੜਿਆ ਕੋਲੋਂ,
ਯਾਰੜੇ ਦਾ ਜੋ ਨਹੀਂ 'ਦਰ' ਛੱਡਦੋ ਯਾਰੋ।

ਫਿਰ ਘੜੀ ਭਰ ਅੱਜ 'ਤੂਰ' ਗ਼ਜ਼ਲ-ਸਰਾਂ ਹੋਯਾ,
ਆਪੋ-ਆਪਣੇ ਗ਼ਮ ਘੜੀ ਭਰ ਛੱਡਦੋ ਯਾਰੋ।

(੨)

ਅੱਖਾਂ ਦੇ ਵਿਚ ਟਹਿਕਦੇ ਨੇ ਸੂਹੇ ਫੁੱਲ ਬਹਾਰ ਦੇ।
ਵੱਖੋ-ਵੱਖਰੇ ਭੇਦ ਨੇ, ਸਭ ਸਾਹਾਂ ਦੀ ਰਫ਼ਤਾਰ ਦੇ।

ਇਸ ਵਾਦੀ ਵਿਚ ਸਹਿਕਦੇ ਚਰਵਾਹਿਆਂ ਦੇ ਗੀਤ ਹੁਣ,
ਰੁਕ-ਰੁਕ 'ਵਾਜਾਂ ਮਾਰਦੇ ਨਿੱਤ ਧੁਖ਼ਦੇ ਰੁੱਖ ਚਨਾਰ ਦੇ।

ਅਰਮਾਨਾਂ ਦੇ ਸ਼ਹਿਰ ਵਿਚ ਤਾਂ ਬੇਸ਼ਕ ਸੁੰਨ-ਮਸਾਨ ਹੈ,
ਸੀਨੇ ਦੇ ਵਿਚ ਬੰਦ ਨੇ ਸਾਰੇ ਹੀ ਰੰਗ ਬਜ਼ਾਰ ਦੇ।

ਵਖਰੀ ਮੇਰੀ ਕਲਪਨਾ ਤੇ ਵਖਰੀ ਮੇਰੀ ਸੋਚ ਹੈ,
ਪੈਮਾਨੇ ਵੀ ਹੋਰ ਨੇ ਕੁਝ ਆਸ਼ਿਕ ਤੇ ਗ਼ਮਖ਼ਾਰ ਦੇ।

ਮਾਰੂਥਲ ਦੇ ਵਾਂਗ ਹੈ ਭਾਵੇਂ ਕੋਈ ਵੀ ਜ਼ਿੰਦਗੀ,
ਉਹ ਵੀ ਆਖ਼ਰ ਲੈ ਰਹੀ ਹੈ ਸੁਪਨੇ ਤਾਂ ਗੁਲਜ਼ਾਰ ਦੇ।

ਨਕਸ਼ ਜਦੋਂ ਇਨਸਾਨ ਦੇ ਹਨ ਰਿਸ਼ਮਾਂ ਵਾਂਗੂੰ ਝਲਕਦੇ,
ਨਾਨਕ-ਬਾਣੀ ਦੱਸਦੀ ਹੈ ਨੁਕਤੇ ਓਸ ਪਿਆਰ ਦੇ।

*ਹਲਵਾਰਾ (ਲੁਧਿਆਣਾ)*
*੧੪੧੧੦੭*

## ਦੋ ਮੌਲਿਕ ਰਚਨਾਵਾਂ / ਵਿਨੋਦ ਖੁਰਾਨਾ

(੧)

### ਔਰਤ

ਜਦੋਂ
ਪੁਰਸ਼-ਪ੍ਰਧਾਨ ਸਮਾਜ ਵਿਚਲੀ ਕੁੱਖ ਦੇ
ਅਸੰਖਾਂ ਜ਼ਹਿਰੀਲੇ ਬਿੱਛੂਆਂ ਨੇ
ਉਸਦੇ ਨੰਗੇ ਜਿਸਮ ਨੂੰ
ਬੜੀ ਹੀ ਬੇ-ਦਰਦੀ
ਤੇ ਬੇਰਹਿਮੀ ਨਾਲ
ਵਲੂੰਧਰਿਆ
ਬਸ, ਉਦੋਂ ਹੀ
ਮੇਰੇ ਜ਼ਹਿਨ 'ਚ
ਸਾਰਥਕ ਕੋਈ
ਔਰਤ ਲਫ਼ਜ਼ ਦੀ ਪਰਿਭਾਸ਼ਾ।

(੨)

### ਮਾਂ ਜੋ ਸੀ

ਉਸ ਦੀ ਫ਼ਰਾਖ਼ਦਿਲੀ
ਅਤੇ ਪ੍ਰੇਮ-ਬਿਹਬਲਤਾ
ਝਿੰਜੋੜ ਸੁੱਟਦੀ
ਮੈਨੂੰ ਅੰਦਰ ਤਾਈਂ
ਤੇ ਦੁਰਕਾਰਦੀ
ਮੇਰੀ ਗ਼ੈਰਤ ਨੂੰ
ਉਸਦੀ ਰੂਹ 'ਤੇ
ਮੇਰੇ ਤਲਖ਼ ਬੋਲਾਂ ਦੀ ਨੱਕਾਸ਼ੀ
ਇਕ ਪ੍ਰਵਾਨਤ ਬੇ-ਹੁਰਮਤੀ ਦਾ
ਪ੍ਰਤੀਕ ਬਣ ਜਾਂਦੀ
ਤੇ ਫ਼ਲਟੀ ਕਰਦੀ
ਉਹਦੇ ਰਾਜ-ਮੰਦਰ ਜਿਹੇ ਅੰਦਰ ਨੂੰ
ਜੱਗ ਦੀ ਰਵਾਇਤ ਸਮਝ
ਉਹ
ਮੇਰੀ ਹਰ ਵਧੀਕੀ ਨੂੰ
ਪ੍ਰਵਾਨ ਵੀ ਕਿਉਂ ਨਾ ਕਰਦੀ
ਮਾਂ ਜੋ ਸੀ।

*੧੦੫੮, ਗਲੀ ਨੰਬਰ-੪,*
*ਮੇਨ ਬਜ਼ਾਰ, ਮਲੋਟ-੧੫੨੧੦੭*



Namdhari Elibrary NamdhariElibrary@gmail.com

## "ਔਰਤ ਦਾ ਆਪਾ"

—ਸੁਰਜੀਤ ਸਿੰਘ ਜੀਤ

ਸਾਰੀ ਦੀ ਸਾਰੀ
ਹੋ ਕੇ ਭੀ ਸਾਰੀ
ਇਸ ਦੀ ਨਾ ਹੋ ਜਾਈਂ,
ਕੁਝ ਸਾਂਭ ਕੇ ਰੱਖੀਂ
ਜੋ ਤੇਰਾ ਆਪਾ ਹੈ!
ਸਭ ਕੁਝ ਬੱਚਿਆਂ 'ਤੇ
ਨਿਸ਼ਾਵਰ ਕਰ-
ਘੋਲ ਘੁਮਾ ਦੇਵੀਂ
ਉਹ ਹੀ ਤੇਰਾ 'ਆਪਾ' ਹੈ।
ਇਸ ਬੇਦਰਦ ਮਰਦ ਨੇ-
ਤੇਰਾ ਕਦੀ ਵੀ ਨਹੀਂ ਬਨਣਾ
ਸਾਰੇ ਦਾ ਸਾਰ 'ਆਪਣਾ'
'ਆਪਾ' ਹੀ ਬਨਣਾ ਹੈ।
ਬੱਚੇ ਤੇਰਾ 'ਆਪਾ' ਬਣਨਗੇ।
ਬੱਚੇ ਤੈਨੂੰ-
ਪਿਆਰਨਗੇ ਲਾਡ ਲਿਡਾਵਣਗੇ।
ਤੇਰੇ ਇਕ ਇਸ਼ਾਰੇ 'ਤੇ,
ਬੇਗਾਨੀਆਂ ਸਾੜਨਗੇ।
ਸਾਰੇ ਦੇ ਸਾਰੇ ਤੇਰੇ ਹੋ-
ਤੈਨੂੰ ਪਲੰਘ 'ਤੇ ਬਿਠਾਂਵਣਗੇ।
'ਖਸਮ' ਜਾਤ ਹੀ ਐਸੀ ਹੈ
ਜੋ ਖੁਦ ਮਰਦ ਨੇ ਬਣਾਈ ਹੈ;
ਔਰਤ ਅਵਲਾ ਸਿਰਫ ਤੇ ਸਿਰਫ-
ਆਪਣੀ 'ਆਪਾ' ਹੀ ਬਣ ਬਚਦੀ ਹੈ।

੩੬-ਮਾਰਗੇਰੀ ਪਾਰਕ ਰੋਡ,
ਫੋਰੈਸਟ ਗੇਟ, ਲੰਡਨ।

## 'ਫੁੱਲ' / ਜਸਪਾਲ 'ਜ਼ੀਰਵੀ'

ਭੁੱਖੇ ਢਿੱਡ ਨਾ ਭਾਏ ਫੁੱਲ।
ਲੱਖ ਖੁਸ਼ਬੋ ਵਰਤਾਏ ਫੁੱਲ।

ਬੱਚੀ ਤਾਂ ਸਹਿਕੇ ਬੁਰਕੀ ਨੂੰ,
ਇਸਨੂੰ ਕਿਝ ਵਰਾਏ ਫੁੱਲ।

ਫਿਰ ਵੀ ਤਨ ਤੋਂ ਨੰਗੇ ਹੀ ਹਾਂ,
ਸਦਾ ਕਪਾਹ ਦੇ ਲਾਏ ਫੁੱਲ।

ਸਾਨੂੰ ਕਦੀ ਨਾ ਵਰ ਮਿਲਿਆ,
ਮੰਦਰ ਲੱਖ ਚੜ੍ਹਾਏ ਫੁੱਲ।

ਚੜ੍ਹੇ ਜੋ ਦੇਵੀ ਦੇ ਚਰਨੀਂ,
ਉਹ ਵੀ ਕਿਉਂ ਮੁਰਝਾਏ ਫੁੱਲ?

੧੦-ਸਾਹਮਣੇ ਰੇਡੀਓ ਸਟੇਸ਼ਨ
ਜਲੰਧਰ ਮੋ- ੯੪੬੩੨੮੩੯੩੯



## ਗੀਤ

—ਇੰਦਰਜੀਤ ਹਸਨਪੁਰੀ

ਤੁਰ ਪ੍ਰਦੇਸ ਗਿਉਂ ਮੱਖਣਾ
ਵੇ ਤੁਰ ਪ੍ਰਦੇਸ ਗਿਉਂ ਮੱਖਣਾ
ਤੇਰੇ ਬਿਨ ਤਾਂ ਜਾਪੇ ਵਿਹੜਾ
ਸੱਖਣਾ, ਸੱਖਣਾ
ਤੁਰ ਪ੍ਰਦੇਸ ................

ਤੇਰੇ ਬਿਨ ਜੀ ਨਾ ਲੱਗਦਾ ਵੇ
ਮੇਰਾ ਦਿਲ ਬੁਝਦਾ, ਜਗਦਾ ਵੇ
ਹੈ ਮਿਹਣਾ ਸਾਰੇ ਜਗ ਦਾ ਵੇ
ਹਿਜਰ ਸਾੜਦਾ ਏ ਅੱਗ ਦਾ ਵੇ
ਤੇਰਾ ਮੂੰਹ ਰੱਬ ਜਾਣੇ ਕਦ ਮੈਂ ਤੱਕਣਾ, ਤੱਕਣਾ
ਤੁਰ ਪ੍ਰਦੇਸ ਗਿਉਂ ............

ਤੇਰੀ ਸੌਂਹ ਉਠਦੇ ਬਹਿੰਦੇ ਵੇ
ਭੁਲੇਖੇ ਤੇਰੇ ਪੈਂਦੇ ਵੇ
ਨੈਣ ਤੈਨੂੰ ਲੱਭਦੇ ਰਹਿੰਦੇ ਵੇ
ਲੋਕ ਮੈਨੂੰ ਝੱਲੀ ਕਹਿੰਦੇ ਵੇ
ਦਰਦ ਵਿਛੋੜਾ ਮੈਂ ਤਾਂ ਸਹਿ ਨਹੀਂ ਸੱਕਣਾ, ਸੱਕਣਾ
ਤੁਰ ਪ੍ਰਦੇਸ ਗਿਉਂ .............

ਹੁਸਨ ਹੈ ਚਾਰ ਦਿਹਾੜੇ ਵੇ
ਮੈਂ ਕੱਢਦੀ ਤੇਰੇ ਹਾੜ੍ਹੇ ਵੇ
ਲੋਕ ਨੇ ਦਿਲ ਦੇ ਮਾੜੇ ਵੇ
ਕਿਤੇ ਕੋਈ ਚੰਨ ਨਾ ਚਾੜ੍ਹੇ ਵੇ
ਇਹ ਜੋਬਨ ਮੈਂ ਸਾਂਭ ਸਾਂਭ ਕੇ ਰੱਖਣਾ, ਰੱਖਣਾ
ਤੁਰ ਪ੍ਰਦੇਸ ਗਿਉਂ .......... ...........

ਇਹ ਤੇਰੀ ਪਿਆਰ ਨਿਸ਼ਾਨੀ ਵੇ
ਪਾਈ ਮੈਂ ਗਲ਼ ਵਿਚ ਗਾਨੀ ਵੇ
ਨਾ ਆਉਣੀ ਫੇਰ ਜਵਾਨੀ ਵੇ
'ਹਸਨਪੁਰ' ਆ ਜਾ ਜਾਨੀ ਵੇ
ਦੀਵਾ ਬਾਲ ਮੈਂ ਕੋਠੇ ਉਤੇ ਰੱਖਣਾ, ਰੱਖਣਾ
ਤੁਰ ਪ੍ਰਦੇਸ ਗਿਉਂ ............



Namdhari Elibrary NamdhariElibrary@gmail.com

# ਪੁਰਾਣੇ ਤੋਂ ਨਵੇਂ ਤੱਕ

*—ਹਰਭਜਨ ਸਿੰਘ ਬਾਜਵਾ*

ਤੈਨੂੰ ਵਧਾਈ ਦੇਵਾਂ, ਜਾਂ ਫੇਰ ਗਿਲਾ ਕਰਾਂ?
ਤੇਰੇ ਬੀਤੇ ਦੀ ਮੈਨੂੰ ਯਾਦ ਆਉਂਦੀ ਏ।
ਸਵਾਏ ਗਮਾਂ ਤੇ ਸ਼ਿਕਵਿਆਂ ਦੇ,
ਕੁੱਛ ਨਹੀਂ ਹੋਰ ਦਿੱਤਾ ਤੂੰ।
ਤੇਰੇ ਬੀਤੇ ਨੇ,
ਮੇਰੇ ਪਿਆਰੇ ਸਨੇਹੀ, ਮੇਰੇ ਤੋਂ ਖੋਹੇ ਨੇ।
ਪਰ ਫੇਰ ਵੀ ਮੈਂ ਤੈਨੂੰ,
ਜੀ ਆਇਆ ਹੀ ਆਖਦਾ ਹਾਂ।
ਪਰ ਤੇਰੇ ਨਵੇਂ ਪੁਰਾਣੇ ਵਿਚ ਮੈਨੂੰ
ਕੋਈ ਫਰਕ ਨਜ਼ਰ ਨਹੀਂ ਆਇਆ।
ਨਿੱਤ ਵਾਂਗ ਧਰਮ ਦੇ ਨਾਂ ਥੱਲੇ,
ਮਾਸੂਮ ਜਾਨਾਂ ਜਾਂਦੀਆਂ ਨੇ।
ਨਿੱਤ ਵਾਂਗ ਹੀ ਨਫਰਤ ਦੀ ਅੱਗ ਫੈਲਦੀ ਏ।
ਨਿੱਤ ਵਾਂਗ ਹੀ ਰੋਟੀ ਤੋਂ ਭੁਖਾ, ਕਪੜੇ ਤੋਂ ਨੰਗਾ,
ਰੋਜ਼ ਕੋਈ ਹਿੰਦੂਸਤਾਨੀ ਮਰਿਆ ਵੇਖਦਾ ਹਾਂ।
ਫੇਰ ਵੀ ਮੈਂ ਤੈਨੂੰ ਨਵਾਂ ਸਾਲ ਹੀ ਆਖਦਾ ਹਾਂ।
ਨਜ਼ਰਾਂ ਤਾਂ ਬਦਲਦੀਆਂ ਨਹੀਂ।
ਪਰ ਕੰਧ ਤੇ ਲੱਗੇ
ਇਕ ਕਲੰਡਰ ਦੀਆਂ,
ਤਾਰੀਖਾਂ ਜ਼ਰੂਰ ਬਦਲ ਜਾਂਦੀਆਂ ਹਨ।

## ਰੁਬਾਈਆਂ/ ਪ੍ਰਿੰ. ਨਵਰਾਹੀ ਘੁਗਿਆਣਵੀ

ਨਹੀਂ ਜਾਣਦਾ ਪੀੜ ਪਰਾਈ, ਇਹ ਬੇਦਰਦ ਜ਼ਮਾਨਾ।
ਖ਼ੁਦਗਰਜ਼ੀ ਮੁੱਖ ਲੱਛਣ ਇਸ ਦਾ, ਲਾਲਚ ਇਹਦਾ ਨਿਸ਼ਾਨਾ।
ਪਰਉਪਕਾਰ, ਮੁਹੱਬਤ ਵਲੋਂ, ਹੈ ਇਹ ਅਸਲੋਂ ਸੱਖਣਾ;
'ਨਵਰਾਹੀ' ਜੇਬ੍ਹਾਂ ਵਿਚ ਪੈਸੇ, ਖਾਲੀ ਦਰਦ-ਖ਼ਜ਼ਾਨਾ।

ਨੰਗੀਆਂ ਤਸਵੀਰਾਂ ਛਾਪ ਛਾਪ ਕੇ, ਜਜ਼ਬੇ ਨਾ ਭੜਕਾਵੋ।
ਹੋਸ਼ ਕਰੋ ਅਖ਼ਬਾਰ ਵਾਲਿਓ, ਆਪਣਾ ਫਰਜ਼ ਨਿਭਾਵੋ।
ਸੰਕਟ ਦੇ ਵਿਚ ਉਲਝ ਗਿਆ ਹੈ, ਸਭਿਆਚਾਰ ਅਸਾਡਾ;
'ਨਵਰਾਹੀ' ਲਾਲਚ ਵਿਚ ਆ ਕੇ, ਜ਼ਹਿਰਾਂ ਨਾ ਫੈਲਾਵੋ।

ਇਹ ਵੀ ਸੁਣਿਆ ਹੈ ਮੈਂ ਕਿਧਰੋਂ, ਨਹੀਂ ਹਨੇਰੇ ਰਹਿਣੇ।
ਹੁਣ ਬਾਜ਼ਾਂ ਦੇ ਗਲ 'ਤੇ ਚੜ੍ਹ ਕੇ, ਬੋਟ ਨਿਤਾਣੇ ਬਹਿਣੇ।
ਆਜ਼ਾਦੀ ਦੀ ਜਾਗ ਅਸਾਨੂੰ, ਦਸਮ ਪਿਤਾ ਨੇ ਲਾਈ;
ਬਿਫਰੇ ਸੰਢਿਆਂ ਨਾਲ ਵੇਖਣਾ, ਕਿਵੇਂ ਮੇਮਣੇ ਖਹਿਣੇ।

*ਨਵਾਂ ਹਰਿੰਦਰ ਨਗਰ*
*ਫਰੀਦਕੋਟ ੧੫੧੨੦੩*

# ਗ਼ਜ਼ਲ

*—ਡੀ. ਆਰ. ਧਵਨ*

ਬੰਦਿਸ਼ਾਂ ਹੀ ਬੰਦਿਸ਼ਾਂ ਹਨ ਜ਼ਿੰਦਗੀ ਦੇ ਵਾਸਤੇ।
ਸਰਹਦਾਂ ਹੀ ਸਰਹਦਾਂ ਨੇ, ਆਦਮੀ ਦੇ ਵਾਸਤੇ।

ਪਿਆਰ ਦੇ ਸੂਰਜ 'ਤੇ ਖ਼ੁਦਗਰਜ਼ੀ ਦੀ ਹੈ ਛਾਈ ਪਰਤ;
ਦਿਲ ਜਲਾਉਣਾ ਪੈ ਰਿਹਾ ਹੈ ਰੌਸ਼ਨੀ ਦੇ ਵਾਸਤੇ।

ਨਫ਼ਰਤਾਂ ਦੇ ਜਮਘਟੇ ਨੇ ਜ਼ਿੰਦਗੀ ਨੂੰ ਘੇਰਿਆ;
ਤਰਸਦੇ ਨੇ ਲੋਕ ਹੁਣ ਤਾਂ ਇਕ ਖ਼ੁਸ਼ੀ ਦੇ ਵਾਸਤੇ।

ਨਾ ਬਜ਼ੁਰਗਾਂ ਦੀ ਹੈ ਸੱਥ, ਨਾ ਬੋੜ੍ਹ ਨਾ ਪਿੱਪਲ ਕੋਈ;
ਟੈਲੀਵੀਜ਼ਨ ਰਹਿ ਗਿਆ ਹੈ ਦਿਨ-ਕਟੀ ਦੇ ਵਾਸਤੇ।

ਮਰਦਾ ਜਾਂਦਾ ਹੈ ਉਹ ਵਿਰਸਾ ਜੋ ਸੀ ਸਾਂਭਣ ਦੇ ਲਈ;
ਹੁਣ ਤੇ ਵਿਰਸਾ ਹੈ ਤਮਾਸ਼ਾ ਆਸ਼ਕੀ ਦੇ ਵਾਸਤੇ।

ਰਿਸ਼ਤੇ ਸਾਰੇ ਹੋ ਗਏ ਨੇ ਗੰਧਲੇ ਹੁਣ ਇਸ ਤਰ੍ਹਾਂ;
ਹੁਣ ਕੋਈ ਰਿਸ਼ਤਾ ਨਹੀਂ ਹੈ ਦਿਲਲਗੀ ਦੇ ਵਾਸਤੇ।

ਵਧ ਗਈ ਏ ਆਤਮਾ ਦੀ ਭੁੱਖ ਹੁਣ ਇਸ ਹੱਦ ਤੀਕ;
ਵਿਕ ਰਿਹਾ ਇਨਸਾਫ ਕੁਰਸੀ ਦੀ ਖ਼ੁਸ਼ੀ ਦੇ ਵਾਸਤੇ।

ਮਾਂ ਵਿਕੇ-ਬੱਚੇ ਵਿਕਣ, ਬੰਦਾ ਵਿਕੇ ਸੌਦੇ ਤਰ੍ਹਾਂ;
ਵਿਕ ਗਿਆ ਏਥੇ ਤਾਂ ਸਭ ਕੁਝ ਭੁਖਮਰੀ ਦੇ ਵਾਸਤੇ।

ਵੇਖਦੀ ਇਨਸਾਫ਼ ਦੀ ਦੇਵੀ ਵੀ ਅੱਖਾਂ ਬੰਨ੍ਹ ਕੇ;
ਹੋ ਰਿਹਾ ਮਜਬੂਰ ਬੰਦਾ ਖ਼ੁਦਕੁਸ਼ੀ ਦੇ ਵਾਸਤੇ।

ਵਧ ਰਿਹਾ ਹੈ ਫਾਸਲਾ ਕਿਉਂ ਤੇਰੇ ਮੇਰੇ ਦਰਮਿਆਨ;
ਸੋਚੀਏ ਕੁੱਝ ਸਾਂਝ ਦੀ ਚਾਰਾਗਰੀ ਦੇ ਵਾਸਤੇ।

ਦੁਸ਼ਮਣਾਂ ਦੀ ਲੋੜ ਕਿੱਥੇ ਰਹਿ ਗਈ ਏ ਹੁਣ "ਧਵਨ";
ਦੋਸਤੀ ਹੁੰਦੀ ਏ ਹੁਣ ਤਾਂ ਦੁਸ਼ਮਣੀ ਦੇ ਵਾਸਤੇ।

### ਗੁਰੂ

ਇੱਕ ਵੀ ਅੱਖਰ ਪੜ੍ਹਾਉਣ ਵਾਲੇ ਗੁਰੂ ਦਾ ਜੋ ਆਦਰ ਨਹੀਂ ਕਰਦਾ ਉਹ ਕੁੱਤੇ ਦੀਆਂ ਸੈਂਕੜੇ ਜੂਨੀਆਂ ਭੋਗ ਕੇ ਅੰਤ ਵਿਚ ਚੰਡਾਲ ਜੂਨ ਭੋਗਦਾ ਹੈ।

ਜੇ ਗੁਰੂ ਗਿਆਨ ਦਾ ਇਕ ਅੱਖਰ ਵੀ ਆਪਣੇ ਸੱਚੇ ਸ਼ਾਗਿਰਦ ਨੂੰ ਦੇ ਦੇਵੇ ਤਾਂ ਦੁਨੀਆ ਵਿਚ ਕੋਈ ਅਜਿਹਾ ਧਨ ਨਹੀਂ ਜਿਸ ਨਾਲ ਗੁਰੂ ਦੇ ਕਰਜ਼ੇ ਤੋਂ ਮੁਕਤ ਹੋਇਆ ਜਾ ਸਕੇ।

*—ਚਾਣਕਯ*



Namdhari Elibrary NamdhariElibrary@gmail.com

ਗੁਰ ਪੁਰਬ ਦੀਆਂ ਲੱਖ-ਲੱਖ ਵਧਾਈਆਂ




# JUNEJA METAL WORKS

**CONTROL VALVES CHECK VALVES & FITTINGS**

ਸ. ਗੁਰਬਖਸ਼ ਸਿੰਘ ਜੁਨੇਜਾ



**Gurbax Singh Juneja**
**Mg. Director**

**KARTAR™**
An ISO 9001-2000 Company

**Village Variana, Kapurthala Road, P.O. Nagra,**
Jalandhar- 144 013 INDIA.
Tel. : 0181-2650321, 2650537,
Fax : +91-181-2650460
E-mail : sales@kartarvalves.com
info@kartarvalves.com
www.junejametalworks.com
www. kartarvalves.com
TIN : 03191061856

Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ
ਪ੍ਰਕਾਸ਼ ਪੁਰਬ ਬਸੰਤ ਪੰਚਮੀ
ਅਤੇ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਦੇ 89ਵੇਂ ਪ੍ਰਕਾਸ਼ ਦਿਵਸ
ਅਤੇ
ਗੁਰਗੱਦੀ ਦੀ ਅਰਧ ਸ਼ਤਾਬਦੀ ਦੀਆਂ



# ਸੰਗਤਾਂ ਨੂੰ ਲੱਖ-ਲੱਖ ਵਧਾਈਆਂ



## Solution Hut

**Gursev Singh Chawla**
**Chief Opertaing Officer**
**9811092701**

**S.Sewa Singh Namdhari**
**Chairman**

**gursev@solutionhut.biz**





ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਬਸੰਤ ਪੰਚਮੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਦੇ 89ਵੇਂ ਪ੍ਰਕਾਸ਼ ਦਿਵਸ ਅਤੇ. ਗੁਰਗੱਦੀ ਦੀ ਅਰਧ ਸ਼ਤਾਬਦੀ ਦੀਆਂ

# ਸੰਗਤਾਂ ਨੂੰ ਲੱਖ-ਲੱਖ ਵਧਾਈਆਂ



ਸੁਰਿੰਦਰ ਸਿੰਘ ਮੁੰਬਈ

## Surinder Singh

## Golden Music Group

**Rhythm Instrumentalist & Organiser (Variety Musical Entertainment Programmes)**

**ASHISH HOUSING SOCIETY CO-OPERATIVE LTD.**

21/28 Manish Nagar, Four Bunglows,
Andheri (West) Mumbai- 400 053 Maharashtra (India)
Cell: 093239-83968, 98922-72650

Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਬਸੰਤ ਪੰਚਮੀ ਅਤੇ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ੮੯ਵੇਂ ਪ੍ਰਕਾਸ਼ ਦਿਵਸ ਅਤੇ
ਗੁਰਗੱਦੀ ਦੀ ਅਰਧ ਸ਼ਤਾਬਦੀ ਦੀਆਂ

## ਸੰਗਤਾਂ ਨੂੰ ਲੱਖ-ਲੱਖ ਵਧਾਈਆਂ

## ਹਰੀ ਸਿੰਘ ਭੋਗਲ

**S. HARI SINGH BHOGAL**
**6-Shole Brook Mount**
**Leeds, W-Yorkshire**
**Ls-7 3HGH U.K.**



ਹਰੀ ਸਿੰਘ ਭੋਗਲ

Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈ.ਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

## ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

**BBL**

FOODS PVT LTD

**Pinoneer Manufacturer in India of**

- Automatic machines for producing Biscuits
- Automatic machines for producing Wafers

and

Makers of High quality Biscuits

## BBL FOODS PVT. LTD.

*Santosh Nagar (X) Roads, Hyderabad-500 059 India*

*Ph.:— +91-40-4530680, 82,84  Fax :— +91-40--4530475*

*E-mail:amber @hd1.vsnl.net.in*

| Balvinder Pal Singh | Lakhbir Singh Muchhal | Sukhwinder Kaur |
|---|---|---|
| *Manging Director* | *Director* | *Director* |
| *Ph.: 9391048734* | *Ph.: 9848050607* | *Ph.: 9391046298* |



Namdhari Elibrary NamdhariElibrary@gmail.com

# ਨਾਮਧਾਰੀ ਲਹਿਰ ਦਾ ਖਾਸਾ

*—ਅਰਜਨ ਸਿੰਘ ਗੜਗਜ*

ਸੰਨ ੧੮੫੭ ਦਾ ਸਾਲ ਨਾਮਧਾਰੀ ਇਤਿਹਾਸ ਵਿਚ ਬਹੁਤ ਮਹੱਤਵ ਰੱਖਦਾ ਹੈ। ਅਪਰੈਲ ੧੮੫੭ ਨੂੰ ਹੀ ਨਾਮਧਾਰੀ ਸੰਤ ਖਾਲਸੇ ਦੀ ਨੀਂਹ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਚ ਰੱਖੀ ਸੀ। ਸੱਬਬ ਨਾਲ ਇਹ ਸਾਲ ਭਾਰਤ ਵਿੱਚ ਆਜ਼ਾਦੀ ਦੀ ਪਹਿਲੀ ਜੰਗ ਜਾਂ ਗਦਰ ਲਈ ਵੀ ਪਰਸਿਧ ਹੈ। ਪਿਛਲੇਰੇ ਸਾਲ ਗਦਰ ਅਤੇ ਨਾਮਧਾਰੀ ਅੰਦੋਲਨ ਦੀ ੧੫੦ਵੀਂ ਵੀ ਵਰ੍ਹੇ ਗੰਢ ਜਾਂ ਡੇਢ ਸ਼ਤਾਬਦੀ ਮਨਾਈ ਗਈ ਸੀ। ਅਤੇ ਪੰਜਾਹ ਸਾਲ ਪਹਿਲਾਂ ਇਹਨਾਂ ਅੰਦੋਲਨਾਂ ਦੀ ਪਹਿਲੀ ਸ਼ਤਾਬਦੀ।

ਸ. ਅਰਜਨ ਸਿੰਘ ਗੜਗੱਜ ਪ੍ਰਸਿਧ ਦੇਸ਼ ਭਗਤ, ਆਜ਼ਾਦੀ ਸੰਗਰਾਮੀਏ ਅੰਗਰੇਜ਼ ਸਾਮਰਾਜ ਦੇ ਕੱਟੜ ਵਿਰੋਧੀ ਅਤੇ ਆਜ਼ਾਦੀ ਅੰਦੋਲਨ ਕਰਕੇ ਤਸੀਹੇ ਝਲਣ ਵਾਲੇ ਸੂਰਮੇ ਹੋਏ ਹਨ। ਉਹ ਚੰਗੇ ਲੇਖਕ ਤੇ ਪਤਰਕਾਰ ਵੀ ਸਨ। ਹਥਲਾ ਲੇਖ ਉਹਨਾਂ ਅੱਜ ਤੋਂ ਇਕਵੰਜਾ ਸਾਲ ਪਹਿਲਾਂ ਉਪਰੋਕਤ ਅੰਦੋਲਨਾਂ ਦੇ ਸ਼ਤਾਬਦੀ ਸਾਲ ਵਿਚ ਲਿਖਿਆ ਸੀ। ਅਸੀਂ ਨਵਾਂ ਜ਼ਮਾਨਾ ਦੇ ਧੰਨਵਾਦ ਸਹਿਤ ਇਥੇ ਮੁੜ ਪ੍ਰਕਾਸ਼ਤ ਕਰ ਰਹੇ ਹਾਂ। *—ਸੰਪਾਦਕ ਵਰਿਆਮ*

ਪੰਜਾਬ ਵਿਚ ਨਾਮਧਾਰੀ ਲਹਿਰ, ਜਿਸਨੂੰ ਕੂਕਾ ਲਹਿਰ ਵੀ ਕਿਹਾ ਜਾਂਦਾ ਹੈ, ਇਕ ਸਾਮਰਾਜ ਵਿਰੋਧੀ ਲਹਿਰ ਸੀ। ਇਹ ਲਹਿਰ ੧੮੫੭ ਵਿਚ ਹੀ ਅਰੰਭ ਹੋ ਗਈ ਸੀ। ਅਰਥਾਤ ਅਪ੍ਰੈਲ ੧੮੫੭ ਦੀ ਵਿਸਾਖੀ ਵਾਲੇ ਦਿਨ ਇਸ ਦਾ ਮੁਢ ਬੱਝਾ ਸਮਝਣਾ ਚਾਹੀਦਾ ਹੈ। ਪਰ ਅੰਗਰੇਜ਼ ਸਾਮਰਾਜ ਨੂੰ ਇਸ ਦਾ ਸ਼ੱਕ ਉਦੋਂ ਪਿਆ ਜਦ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਮਿਸਟਰ ਮੈਕਨਬ ਨੇ ੫ ਅਪ੍ਰੈਲ ੧੮੬੩ ਨੂੰ ਪੰਜਾਬ ਦੇ ਗਵਰਨਰ ਨੂੰ ਇਕ ਚਿੱਠੀ ਲਿਖੀ। ਚਿੱਠੀ ਵਿਚ ਲਿਖਿਆ ਸੀ : "ਰਾਮ ਸਿੰਘ ਨਾਂ ਦਾ ਇਕ ਸਿੱਖ ਸਿਆਲਕੋਟ ਜ਼ਿਲ੍ਹੇ ਦਾ ਦੌਰਾ ਕਰ ਰਿਹਾ। ਉਸਦੇ ਹਜ਼ਾਰਾਂ ਸੇਵਕ ਹਨ। ਉਹ ਆਪਣੇ ਨਾਲ ਦਿਆਂ ਨੂੰ ਬੰਦੂਕਾਂ ਦੀ ਥਾਂ ਸੋਟਿਆਂ ਨਾਲ ਕਵੈਦ ਕਰਾਉਂਦੇ ਹਨ। ਅਤੇ ਕਿਸੇ ਦੁਨਿਆਵੀ ਹਾਕਮ ਦੀ ਈਨ ਨਹੀਂ ਮੰਨਦੇ।"

ਨਾਮਧਾਰੀ ਲਹਿਰ ਭਾਵੇਂ ਮਜ਼ਹਬੀ ਰੰਗਣ ਵਿਚ ਸੀ ਪਰ ਇਸਦਾ ਖਾਸਾ ਐਂਟੀ ਇੰਪੀਰੀਆਲਿਸਟ (ਸਾਮਰਾਜ-ਵਿਰੋਧੀ) ਸੀ। ਜਿਵੇਂ ਉਸ ਸਮੇਂ ਦੀਆਂ ਜਾਂ ਉਸ ਤੋਂ ਪਿਛੋਂ ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿਚ ਹੋਰ ਵੀ ਕੁਝ ਲਹਿਰਾਂ ਉਠੀਆਂ ਜਿਨ੍ਹਾਂ ਦਾ ਖਾਸਾ ਸਾਮਰਾਜ ਵਿਰੋਧੀ ਸੀ ਤੇ ਉਹ ਅੰਗਰੇਜ਼ ਤੋਂ ਆਪਣੇ ਦੇਸ ਨੂੰ ਅਜ਼ਾਦ ਕਰਾਉਣ ਦਾ ਜਜ਼ਬਾ ਰੱਖਦੀਆਂ ਸਨ ਪਰ ਉਨ੍ਹਾਂ ਸਾਰੀਆਂ 'ਤੇ ਥੋੜ੍ਹਾ ਬਹੁਤ ਮਜ਼ਹਬੀ ਰੰਗ ਚੜ੍ਹਿਆ ਹੋਇਆ ਸੀ। ਆਰੀਆ ਸਮਾਜ ਲਹਿਰ, ਸਿੰਘ ਸਭਾ ਲਹਿਰ, ਅਕਾਲੀ ਲਹਿਰ, ਬਬਰ ਅਕਾਲੀ ਲਹਿਰ, ਦੇਵਬੰਦ ਲਹਿਰ, ਖਿਲਾਫਤ ਲਹਿਰ, ਅਹਿਰਾਰ ਲਹਿਰ ਆਦਿ ਅਜਿਹੀਆਂ ਲਹਿਰਾਂ ਸਨ। ੧੮੫੭ ਦਾ ਗ਼ਦਰ ਵੀ ਗਊ ਤੇ ਸੂਰ ਦੇ ਮਾਸ ਵਾਲੇ ਕਾਰਤੂਸਾਂ ਦੀ ਚਰਚਾ ਤੋਂ ਛੇਤੀ ਭੜਕ ਉਠਿਆ ਸੀ। ੧੯੦੫ ਤੇ ੧੯੦੭ ਤੋਂ ਲੈ ਕੇ ੧੯੨੨-੨੩ ਤਕ ਉਹ ਟੈਰੋਰਿਸਟ ਨੌਜਵਾਨ, ਜਿਹੜੇ ਦੇਸ਼ ਦੀ ਆਜ਼ਾਦੀ ਲਈ ਫਾਂਸੀਆਂ 'ਤੇ ਝੂਲ ਜਾਣਾ ਆਪਣੇ ਖਬੇ ਹੱਥ ਦਾ ਕਰੱਤਵ ਸਮਝਦੇ ਸਨ, ਉਹ ਵੀ ਪਾਰਟੀ ਵਿਚ ਮੈਂਬਰ ਬਣਨ ਲਗਿਆਂ ਜਾਂ ਦੇਸ਼ ਲਈ ਕੋਈ ਪ੍ਰਣ ਲੈਣ ਲਗਿਆਂ ਤਿਲਕ, ਹਵਨ ਤੇ ਗਣੇਸ਼ ਪੂਜਾ ਆਦਿ ਮਜ਼ਹਬੀ ਰਸਮਾਂ ਅਦਾ ਕਰ ਕੇ ਪ੍ਰਣ ਲੈਂਦੇ ਸਨ। ਉਸ ਵੇਲੇ ਦੇ ਕ੍ਰਾਂਤੀਕਾਰੀ ਨਾਵਲਾਂ ਵਿਚ ਅਨੰਦ ਮਠ ਦੀਆਂ ਕਹਾਣੀਆਂ ਤੇ ਹੋਰ ਵਾਕਿਆਤ ਇਸ ਗੱਲ ਦੇ ਗੁਆਂਹ ਹਨ।

ਇਨ੍ਹਾਂ ਸਾਰੀਆਂ ਸਾਮਰਾਜ-ਵਿਰੋਧੀ ਖਾਸੇ ਵਾਲੀਆਂ ਲਹਿਰਾਂ ਦਾ ਮਜ਼ਹਬੀ ਰੂਪ ਲੈਣਾ ਕੋਈ ਅਣਹੋਣੀ ਗੱਲ ਨਹੀਂ ਸੀ, ਕਿਉਂਕਿ ਉਸ ਵੇਲੇ ਦੇ ਜਗੀਰਦਾਰੀ ਢਾਂਚੇ ਅਤੇ ਹਰ ਪਹਿਲੂ ਤੋਂ ਜਗੀਰਦਾਰੀ ਦੀ ਪੱਕੀ ਪਕੜ ਦੇ ਦੌਰ ਵਿਚ ਇਹੋ ਕੁਝ ਹੋ ਸਕਦਾ ਸੀ। ਅਠ੍ਹਾਰਵੀਂ ਸਦੀ ਦੇ ਪਿਛਲੇ ਅੱਧ ਜਾਂ ਇਸ ਤੋਂ ਪਿਛੋਂ ਤਕ ਅਜੇ ਸਰਮਾਏਦਾਰੀ ਨੇ ਏਨੀ ਤਰੱਕੀ ਨਹੀਂ ਸੀ ਕੀਤੀ ਕਿ ਲੋਕ ਸਾਇੰਟਿਫਿਕ ਤੌਰ ਤੇ ਨੈਸ਼ਨਲਿਜ਼ਮ ਦੇ ਸ਼ੈਦਾਈ ਬਣ ਜਾਂਦੇ। ਸਮਾਜ ਦੇ ਪਿਛਾਂਹ ਖਿਚੂ ਜਗੀਰਦਾਰੀ ਢਾਂਚੇ ਵਿਚ ਮਜ਼ਹਬੀ ਆੜ ਹੇਠ ਨੈਸ਼ਨਲਿਜ਼ਮ ਦਾ ਸਿਰ ਚੁੱਕਣਾ ਹੀ ਉਸ ਵੇਲੇ ਬੜੀ ਗੱਲ ਸੀ।

ਨਾਮਧਾਰੀ ਲਹਿਰ ਵੀ ਭਾਰਤੀ ਲੋਕਾਂ ਤੇ ਖਾਸ ਕਰ ਕੇ ਪੰਜਾਬੀਆਂ ਦੀ ਉਸ ਅੰਗਰੇਜ਼ ਵਿਰੋਧੀ ਨਫਰਤ ਦੀ ਪੈਦਾਵਾਰ ਸੀ ਜਿਹੜੀ ਨਫਰਤ ਪੰਜਾਬ ਦੇ ਸਿੱਖਾਂ ਹਥੋਂ ਅੰਗਰੇਜ਼ ਕੋਲ ਚਲੇ ਜਾਣ, ਅੰਗਰੇਜ਼ ਹੱਥੋਂ ਇਥੋਂ ਦੇ ਆਪਾਨਿਰਭਰ ਸਮਾਜਕ ਢਾਂਚੇ ਦੇ ਤੋੜੇ ਮਰੋੜੇ ਜਾਣ ਅਤੇ ਦੇਸੀ ਕਾਰੀਗਰੀ ਨੂੰ ਦਬਾ ਕੇ ਅੰਗਰੇਜ਼ਾਂ ਵਲੋਂ ਆਪਣਾ ਮਾਲ ਇਥੇ ਠੋਸਣ ਨੇ ਲੋਕਾਂ ਵਿਚ ਭਰ ਦਿੱਤੀ ਸੀ। ੧੮੫੭ ਦੇ ਗ਼ਦਰ ਵਿਚ ਅੰਗਰੇਜ਼ਾਂ ਦੇ ਹਿੰਦੁਸਤਾਨੀਆਂ ਉਤੇ ਅਤਿਆਚਾਰਾਂ ਨੇ ਵੀ ਇਸ ਲਹਿਰ ਨੂੰ ਹੋਰ ਭੜਕਾਇਆ ਸੀ।

ਨਾਮਧਾਰੀ ਲਹਿਰ ਨਾ ਹੀ ਸਿਰਫ ਪੰਜਾਬ ਵਿਚ ਸਗੋਂ ਭਾਰਤ ਭਰ ਵਿਚ ਸ਼ਾਇਦ ਪਹਿਲੀ ਲਹਿਰ ਸੀ ਜਿਸਨੇ ਅੰਗਰੇਜ਼ ਸਰਕਾਰ ਨਾਲ ਪੂਰਾ ਤੇ ਦ੍ਰਿੜ ਨਾ-ਮਿਲਵਰਤਨ ਕੀਤਾ ਸੀ। ਇਹ ਨਾ-ਮਿਲਵਰਤਣ ੧੯੨੦-੨੧ ਦੇ ਗਾਂਧੀ ਜੀ ਦੇ ਨਾ-ਮਿਲਵਰਤਣ ਤੋਂ ਕਿਤੇ ਮਜ਼ਬੂਤ ਤੇ ਅੱਗੇ ਸੀ। ਮਿਸਾਲ ਦੇ ਤੌਰ ਤੇ ਨਾਮਧਾਰੀਆਂ ਦੇ ਹੋਰ ਧਾਰਮਕ ਤੇ ਸਭਿਆਚਾਰਕ ਨਿਯਮਾਂ ਤੋਂ ਇਲਾਵਾ ਉਹਨਾਂ ਦੇ ਰਾਜਸੀ ਨਿਯਮਾਂ ਵਿਚ ਇਹ ਦਰਜ



Namdhari Elibrary NamdhariElibrary@gmail.com

ਸੀ :-

(ੳ) ਸਰਕਾਰੀ ਨੌਕਰੀ ਨਹੀਂ ਕਰਨੀ, (ਅ) ਸਰਕਾਰੀ ਸਕੂਲ ਵਿਚ ਬੱਚੇ ਨਹੀਂ ਪੜ੍ਹਾਣੇ (ੲ) ਮੁਕਦਮੇ ਅੰਗਰੇਜ਼ੀ ਅਦਾਲਤਾਂ ਵਿਚ ਨਹੀਂ ਲਿਜਾਣੇ, (ਸ) ਸੁਦੇਸ਼ੀ ਚੀਜ਼ਾਂ ਵਰਤਣੀਆਂ, (ਹ) ਚਿੱਠੀ ਡਾਕਖ਼ਾਨੇ ਰਾਹੀਂ ਨਹੀਂ ਘਲਣੀ, (ਕ) ਵਾਹ ਲਗਦੀ ਅੰਗਰੇਜ਼ ਦੀ ਰੇਲ ਤੇ ਨਹੀਂ ਚੜ੍ਹਨਾ। ਇਨ੍ਹਾਂ ਸਾਰੀਆਂ ਗੱਲਾਂ ਤੇ ਨਾਮਧਾਰੀ ਵੀਰ ਵੀਹਵੀਂ ਸਦੀ ਦੇ ਦੂਜੇ ਦਹਾਕੇ ਤਕ ਪੂਰੀ ਤਰ੍ਹਾਂ ਅਮਲ ਕਰਦੇ ਰਹੇ। ਇਹੋ ਹੀ ਨਹੀਂ ਨਾਮਧਾਰੀ ਲਹਿਰ ਨੇ ਜਥੇਬੰਦੀ ਨੂੰ ਵੀ ਉਤੋਂ ਉਸਾਰਣਾ ਸ਼ੁਰੂ ਕੀਤਾ ਜਿਹੜੀ ਹਕੂਮਤ ਨੂੰ ਮੁਕਾਬਲੇ ਦੀ ਇਕ ਹਕੂਮਤ ਜਾਪਣ ਲੱਗ ਪਈ।

ਨਾਮਧਾਰੀ ਜਥੇਬੰਦੀ ਅਨੁਸਾਰ ਪੰਜਾਬ ਨੂੰ ੨੨ ਹਿੱਸਿਆਂ ਵਿਚ ਵੰਡਿਆ ਗਿਆ ਸੀ। ਹਰ ਹਿੱਸੇ ਦਾ ਇਕ ਗਵਰਨਰ ਸੀ ਜਿਸ ਨੂੰ ਸੂਬਾ ਕਹਿੰਦੇ ਸਨ। ਇਹੋ ਸੂਬੇ ਸੂਬਕ ਅਦਾਲਤਾਂ ਕਰਦੇ ਸਨ। ਹਰ ਤਸੀਲ ਤੇ ਹਰ ਪਿੰਡ ਵਿਚ ਜਥੇਦਾਰ ਨਿਯਤ ਸਨ। ਹਰ ਧਰਮਸ਼ਾਲਾ ਵਿਚ ਗਰੰਥੀ ਦਾ ਕੰਮ ਵਿਦਿਆ ਦੇਣਾ ਸੀ। ਡਾਕ ਦਾ ਮਹਿਕਮਾ ਵੀ ਆਪਣਾ ਸੀ, ਜਿਸ ਨੂੰ ਸਰਕਾਰੀ ਕਾਗਜ਼ਾਂ ਵਿਚ "ਕੂਕਾ ਪੋਸਟਲ ਸਰਵਿਸ" ਕਰਕੇ ਲਿਖਿਆ ਗਿਆ ਹੈ।

ਇਹਨਾਂ ਸਾਰੀਆਂ ਗੱਲਾਂ ਨੇ ਅੰਗਰੇਜ਼ੀ ਹਕੂਮਤ ਨੂੰ ਚਮਕਾ ਦਿੱਤਾ ਤੇ ਉਸ ਨੇ ਨਾਮਧਾਰੀ ਗੁਰੂ ਬਾਬਾ ਰਾਮ ਸਿੰਘ ਤੇ ਸਮੁੱਚੇ ਤੌਰ ਤੇ ਨਾਮਧਾਰੀ ਲਹਿਰ ਦੀ ਨਿਗਰਾਨੀ ਸ਼ੁਰੂ ਕਰ ਦਿੱਤੀ ਤੇ ਕੋਈ ਨਾ ਕੋਈ ਬਹਾਨਾ ਲੱਭਿਆ ਜਾਣ ਲੱਗਾ ਜਿਸ ਨਾਲ ਇਸ ਲਹਿਰ ਨੂੰ ਕੁਚਲਿਆ ਜਾ ਸਕੇ।

ਨਾਮਧਾਰੀ ਲਹਿਰ ਨਾਲ ਬੁਚੜਾਂ ਨੂੰ ਕਤਲ ਕਰਨ ਦੀ ਘਟਨਾ ਆਮ ਜੋੜੀ ਜਾਂਦੀ ਹੈ ਤੇ ਅੰਗਰੇਜ਼ ਹਕੂਮਤ ਦੇ ਅਸਰ ਹੇਠ ਕੁਝ ਲਾਲਚੀ ਤੇ ਅੰਗਰੇਜ਼-ਭਗਤ ਇਤਿਹਾਸਕਾਰਾਂ ਨੇ ਇਸ ਘਟਨਾ ਨੂੰ ਫਿਰਕੂ ਰੰਗ ਦੇਣ ਦੇ ਯਤਨ ਕੀਤੇ। ਪਰ ਮੇਰੀ ਨਜ਼ਰ ਵਿਚ ਬੁੱਚੜਾਂ ਦੇ ਕਤਲ ਦੀ ਵਾਰਦਾਤ ਫਿਰਕੂ ਨਹੀਂ ਸੀ ਕਿਉਂਕਿ ਨਾਮਧਾਰੀ ਬੁਚੜਾਂ ਨੂੰ ਨਹੀਂ ਬੁੱਚੜ-ਖਾਨਿਆਂ ਨੂੰ ਖ਼ਤਮ ਕਰਨਾ ਚਾਹੁੰਦੇ ਸਨ। ਉਹ ਬੁੱਚੜਖਾਨਿਆਂ ਨੂੰ ਅੰਗਰੇਜ਼ ਵਲੋਂ ਹਮੇਸ਼ਾ ਲਈ ਫਿਰਕੂ ਭੜਕਾਹਟ ਦਾ ਅੱਡਾ ਸਮਝਦੇ ਸਨ, ਜਿਹੜਾ ਹਿੰਦੂ, ਮੁਸਲਮ ਫਸਾਦਾਂ ਦਾ ਕਾਰਨ ਬਣ ਸਕਦਾ ਸੀ ਤੇ ਜਿਹੜਾ ਪਿਛੋਂ ਜਾ ਕੇ ਬਣਿਆ ਵੀ।

ਬੁੱਚੜਾਂ ਦੇ ਕਤਲ ਦੀ ਵਾਰਦਾਤ ਨੂੰ ਲੈ ਕੇ ਅੰਗਰੇਜ਼ ਨੇ ਇਸ ਲਹਿਰ ਨੂੰ ਕੁਚਲ ਦੇਣ ਤੇ ਲੱਕ ਬੰਨ੍ਹ ਲਿਆ। ਹਕੂਮਤ ਨੇ ਆਪਣੇ ਪਿੱਠੂਆਂ ਤੋਂ ਰਿਪੋਰਟਾਂ ਕਰਵਾਈਆਂ ਕਿ ਨਾਮਧਾਰੀ ਲਹਿਰ ਖਤਰਨਾਕ ਹੈ, ਇਸ ਨੂੰ ਦਬਾਅ ਦੇਣਾ ਚਾਹੀਦਾ ਹੈ।

ਸਭ ਤੋਂ ਪਹਿਲਾਂ ੧੮੬੩ ਵਿਚ ਫਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਨੇ ਆਪਣੇ ਜ਼ਿਲ੍ਹੇ ਵਿਚ ਨਾਮਧਾਰੀ ਦੀਵਾਨਾਂ ਤੇ ਪਾਬੰਦੀ ਲਾ ਦਿੱਤੀ ਤੇ ਬਾਬਾ ਰਾਮ ਸਿੰਘ ਜੀ ਨੂੰ ਉਨ੍ਹਾਂ ਦੇ ਸੇਵਕਾਂ ਸਣੇ ਭੈਣੀ ਸਾਹਿਬ ਵਿਚ ਨਜ਼ਰਬੰਦ ਕਰ ਦਿੱਤਾ। ਪਰ ਨਾਮਧਾਰੀਆਂ ਵਿਚ ਗੁੱਸਾ ਵਧਦਾ ਵੇਖ ਕੇ ੧੮੬੬ ਵਿਚ ਪਾਬੰਦੀਆਂ ਚੁੱਕ ਲਈਆਂ ਗਈਆਂ ਪਰ ਇਹ ਗੱਲ ਆਰਜ਼ੀ ਹੀ ਸੀ।

ਬੁਚੜਖਾਨਿਆਂ ਦੀ ਵਾਰਦਾਤ ਦੇ ਸੰਬੰਧ ਵਿਚ ਸੰਨ ੧੮੭੨ ਨੂੰ ਮਲੇਰਕੋਟਲੇ ਵਿਚ ਕਈ ਨਾਮਧਾਰੀ ਫਾਹੇ ਚਾੜ੍ਹੇ ਗਏ। (ਫਾਹੇ ਨਹੀਂ ਲਾਏ ਗਏ, ਤੋਪਾਂ ਨਾਲ ਉਡਾਏ ਗਏ—ਸੰਪਾਦਕ) ਉਮਰ ਕੈਦ ਕਰਕੇ ਕਾਲੇ ਪਾਣੀ ਘੱਲ ਦਿੱਤੇ ਗਏ। ਜਿਹੜੇ ਬਚ ਰਹੇ ਉਨ੍ਹਾਂ ਨੂੰ ਪਿੰਡ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਅਤੇ ਉਨ੍ਹਾਂ ਉੱਤੇ ਹੋਰ ਕਈ ਪਾਬੰਦੀਆਂ ਲਾ ਦਿੱਤੀਆਂ ਗਈਆਂ। ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦਿੱਤਾ ਗਿਆ; ਗਲ ਕੀ ੧੮੭੧-੭੨ ਤੋਂ ਲੈ ੧੯੨੦ ਤਕ, ਲਗਭਗ ਅੱਧੀ ਸਦੀ ਤਕ, ਨਾਮਧਾਰੀਆਂ, ਤੇ ਅੰਗਰੇਜ਼ ਸਾਮਰਾਜੀਆਂ ਵਲੋਂ ਸਖ਼ਤੀ ਦਾ ਦੌਰਾ ਜਾਰੀ ਰਿਹਾ। ਕੌਮੀ ਲਹਿਰ ਦੇ ਚੜ੍ਹਾਅ ਨੇ ਉਨ੍ਹਾਂ ਤੋਂ ਇਹ ਪਾਬੰਦੀਆਂ ਢਿਲੀਆਂ ਕਰਵਾਈਆਂ।

ਇਹ ਸਾਰੀ ਵਿਥਿਆ ਇਹ ਗੱਲ ਪੇਸ਼ ਕਰਦੀ ਹੈ ਕਿ ਨਾਮਧਾਰੀ ਲਹਿਰ ਦਾ ਖਾਸਾ ਅੰਗਰੇਜ਼ ਸਾਮਰਾਜ-ਵਿਰੋਧੀ ਖਾਸਾ ਸੀ ਤੇ ਇਹ ਨਾਮਧਾਰੀ ਵੀਰ ਭਾਰਤ ਵਰਸ਼ ਨੂੰ ਅੰਗਰੇਜ਼ਾਂ ਤੋਂ ਛੁਟਕਾਰਾ ਦਵਾਉਣ ਦੇ ਖਿਆਲ ਨਾਲ ਹੀ ਕੰਮ ਕਰ ਰਹੇ ਸਨ।

ਇਸ ਲਈ ੧੯੫੭ ਦੀ ਸੈਂਕੜੀ ਮਨਾਉਂਦਿਆਂ ਹੋਇਆ ਸਾਨੂੰ ਨਾਮਧਾਰੀ ਲਹਿਰ ਦੇ ਦੇਸ਼ ਭਗਤ ਇਤਿਹਾਸਕ ਨੂੰ ਕਦੇ ਨਹੀਂ ਭੁਲਣਾ ਚਾਹੀਦਾ।

*(ਨਵਾਂ ਜ਼ਮਾਨਾ, ੧੫ ਅਗਸਤ, ੧੯੫੭)*

## ਖ਼ੁਸ਼ ਕੀਤਾ ਈ ਭਾਈਆ !

ਮੋਟਰ-ਸਾਈਕਲਾਂ, ਸਕੂਟਰਾਂ ਤੇ ਕਾਰਾਂ ਦੀ ਸੁਆਰੀ ਕਰਨ ਵਾਲੇ ਅੱਜਕਲ੍ਹ ਸਾਈਕਲਾਂ ਵਾਲਿਆਂ ਨੂੰ ਕੱਖ ਨਹੀਂ ਜਾਣਦੇ। ਕਹਿ ਦਿੰਦੇ ਹਨ-ਹਟ ਪਿੱਛੇ ਸਾਇਕਲ ਵਾਲਿਆ। ਹਾਰਨ ਤੇ ਹਾਰਨ ਵਜਾਈ ਜਾਣਗੇ। ਇਕ ਦਿਨ ਦੀ ਗੱਲ ਐ, ਮੈਂ ਆਪਣੇ ਸਾਇਕਲ ਤੇ ਘਰ ਨੂੰ ਜਾ ਰਿਹਾ ਸੀ ਕਿ ਲਾਡੋਵਾਲੀ ਰੇਲ ਲਾਈਨ ਦਾ ਫਾਟਕ ਬੰਦ ਹੋਣ ਲੱਗ ਪਿਆ। ਗੱਡੀਆਂ ਵਾਲੇ ਟੀਂ-ਟੀਂ ਕਰਦੇ ਕਾਹਲੀ ਨਾਲ ਫਾਟਕ ਲੰਘਣ ਲੱਗੇ। ਕੁੱਝ ਤਾਂ ਲੰਘੇ ਗਏ ਫਾਟਕ ਲੱਗਦੇ-ਲੱਗਦੇ...ਤੇ ਕੁੱਝ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਰਹਿ ਗਏ। ਇਕ ਮੋਟਰ ਸਾਇਕਲ ਵਾਲੇ ਨੇ ਵੀ ਬਥੇਰੀ ਕੋਸ਼ਿਸ਼ ਕੀਤੀ, ਪਰ ਫਾਟਕ ਲੱਗਣ ਕਰਕੇ ਬਰੇਕਾਂ ਮਾਰਨੀਆਂ ਹੀ ਪਈਆਂ। ਏਨੇ ਚਿਰ ਨੂੰ ਮੈਂ ਵੀ ਸਾਇਕਲ ਤੇ ਬਰਾਬਰ ਜਾ ਖੜ੍ਹਾ ਹੋਇਆ। ਮੈਂ ਉਸ ਨੌਜਵਾਨ ਨੂੰ ਕਿਹਾ—"ਹੁਣ ਕੀ ਦੇਖਦਾਂ ਜੁਆਨਾ...ਬਣ ਜਾ ਸ਼ਕਤੀਮਾਨ, ਤੇ ਲਾ ਕੇ ਉਡਾਰੀ ਕਰ ਜਾ ਫਾਟਕ ਪਾਰ!" ਮੇਰੇ ਗੱਲ ਤੇ ਉਹ ਖਿੜ ਖਿੜਾ ਕੇ ਹੱਸ ਪਿਆ। ਤੇ ਹੱਸਦਾ ਹੋਇਆ ਮੈਨੂੰ ਕਹਿਣ ਲੱਗਾ—"ਖ਼ੁਸ਼ ਕੀਤਾ ਈ ਭਾਈਆ...ਤੂੰ ਤਾਂ ਕਮਾਲ ਦੀ ਗੱਲ ਕੀਤੀ ਆ!"

*ਬਲਦੇਵ ਮਾਧੋਪੁਰੀ*



Namdhari Elibrary NamdhariElibrary@gmail.com






Namdhari Elibrary NamdhariElibrary@gmail.com

# ਸਭ ਤੋਂ ਵੱਡਾ ਸਾਟੀਫਿਟਕ

*—ਸਾਧੂ ਸਿੰਘ ਕਿਸਾਨ*

(ਪਿੰਡੋਂ ਚੜ੍ਹਦੇ ਖੂਹ ਨੇੜੇ ਤਖ਼ਤਪੋਸ਼ਾਂ ਤੇ ਬੈਠੇ ਨੰਬਰਦਾਰ ਸ. ਤਰਨ ਸਿੰਘ ਤੇ ਕੁਝ ਹੋਰ ਸੱਜਣ।

ਦੋ ਬੜੀਆਂ ਵਧੀਆ ਮੱਝਾਂ ਅੱਗੇ ਲਾਈ, ਇਕ ਨੌਜਵਾਨ ਪੈਦਲ, ਇਕ ਅੱਧਕੜ ਘੋੜੀ ਤੇ,)

ਸਰਦਾਰ ਜੀ! ਸਾਹਬ ਸਲਾਮਤ!

ਨੰਬਰਦਾਰ—ਆਓ ਚੋਧਰੀ ਸਾਹਬ! ਸਤਿ ਸ੍ਰੀ ਅਕਾਲ। ਘੋੜੀਓਂ ਉੱਤਰੋ, ਬੈਠੋ! ਲਗਦੈ, ਕਿਸੇ ਲੰਮੇ ਪੰਧੋਂ ਆਏ ਓ!

ਚੌਧਰੀ ਘੋੜੀ ਤੋਂ ਉਤਰਦਾ ਹੋਇਆ—ਆਹੋ ਜੀ, ਵਾਹਵਾ ਦੂਰੋਂ ਆਏ ਆਂ, ਅੱਜ ਮੁਰੀਦਕਿਆਂ ਤੋਂ ਤੁਰੇ ਆਂ।

ਨੰਬਰਦਾਰ—ਠੀਕ ਏ, ਪਹਿਲਾਂ ਲੌਢੇ ਵੇਲਾ ਕਰੋ! ਫਿਰ ਗੱਲਾਂ ਕਰਨੇ ਆਂ। ਰਹਿਮਤਾ! ਮੱਝਾਂ ਨੂੰ ਬੰਨ੍ਹ ਕੇ ਅੱਗੇ ਪੱਠੇ ਪਾ ਦੇ, ਘੋੜੀ ਨੂੰ ਤੂੜੀ ਦਾਣਾ! ਬਸ਼ੀਰਿਆ! ਜਾ ਚੋਧਰੀਆਂ ਲਈ ਦੁੱਧ ਕਢਾ ਲਿਆ।....

ਹੁਣ ਦੱਸੋ ਚੌਧਰੀ ਸਾਹਬ ਕਿਡੀ ਕੁ ਦੂਰੋਂ ਔਣੇ ਹੋਏ ਨੇ, ਲੱਤਾਂ ਦੀ ਧੂੜ ਲੰਮੇ ਪੰਧ ਦੀ ਹਾਮੀ ਭਰਦੀ ਏ।

ਚੌਧਰੀ—ਕਲ੍ਹ ਸ਼ਾਮੀ ਚੂਹੜਕਾਣੇ ਮੰਡੀਓਂ ਮੱਝਾਂ ਖਰੀਦੀਆਂ-ਰਾਤ ਮੁਰੀਦਕੀ ਸ. ਸੁਰੈਣ ਸਿੰਘ ਹੋਰਾਂ ਕੋਲ ਕੱਟੀ। ਸਵੇਰ ਤੁਰਨ ਲਗਿਆਂ ਓਹਨਾਂ ਆਖਿਆ, ਅਗਲਾ ਪੜਾ ਹਿੰਦੂ ਚੱਕ, ਨੰਬਰਦਾਰ ਕੋਲ ਕਰ ਲਿਆ ਜੇ। ਅਸਾਂ ਸੋਚਿਆ, ਪਰੋਜ ਵਾਲੇ ਡਿਪਟੀਆਂ ਕੋਲ ਅੱਪੜ ਈ ਜਾਵਾਂਗੇ-ਪਰ ਹੁਣ ਤੇ ਮੱਝਾਂ ਈ ਜਵਾਬ ਦੇ ਗਈਆਂ ਨੇ... ਵੇਖੋ! ਪੱਠੇ ਵੀ ਨਹੀਂ ਖਾਧੇ ਚੱਜ ਨਾਲ ਤੇ ਬਹਿ ਗਈਆਂ ਨੇ।

ਨੰਬਰਦਾਰ—ਚੌਧਰੀ ਸਾਹਬ! ਸੁਣਾਓ ਸਾਡੇ ਭਰਾ ਸੁਰੈਣ ਸਿੰਘ ਹੋਰਾਂ ਦਾ ਕੀ ਹਾਲ ਚਾਲ ਏ... ਬੜੇ ਦਿਨ ਹੋ ਗਏ ਨੇ, ਕੋਈ ਆਇਆ ਈ ਨਹੀਂ ਓਹਨਾਂ ਚੋਂ।

ਚੌਧਰੀ—ਨੰਬਰਦਾਰ ਜੀ! ਉਹਨਾਂ ਦੀਆਂ ਕਿਆ ਬਾਤਾਂ ਨੇ, ਸੁੱਖ ਨਾਲ ਆਰ ਬੁਖ਼ਾਰ ਭਰੇ ਪਏ ਨੇ, ਰਿਜਕ ਤੇ ਜਿਵੇਂ ਰੱਬ ਨੇ ਛੱਪਰ ਪਾੜ ਕੇ ਸੁੱਟਿਆ ਹੋਵੇ।

ਔਣ ਵਾਲੇ ਦੋਵੇਂ ਆਪੋ ਵਿਚ ਅੱਖ ਰਲਾ ਕੇ—ਨੂਰਿਆ ਕਿਵੇਂ ਕਰਨਾ ਏ ਹੁਣ। ਉਠਾ ਮੱਝਾਂ ਨੂੰ ਦਿਨ ਕੇਹੜਾ ਰਹਿ ਗਿਆ ਏ। ਚਲ ਕੇ ਟਿੱਕੀਆਂ ਦੇ ਸਿਰ ਹੋਈਏ।

ਨੰਬਰਦਾਰ—ਚੋਧਰੀਓ! ਟਿੱਕੀਆਂ ਤੇ ਰੁੱਖੀਆਂ ਮਿੱਸੀਆਂ ਏਥੇ ਵੀ ਮਿਲ ਈ ਜਾਣਗੀਆਂ, ਰਾਤ ਆਰਾਮ ਕਰੋ...ਦਿਨੇ ਛਾਹ ਵੇਲਾ ਖਾ ਕੇ ਚਲੇ ਜਾਣਾ.... ਤੇ ਅੱਗੇ ਜਾਣਾ ਕਿਡੀ ਕੁ ਦੂਰ ਜੇ?

ਚੋਧਰੀ—ਜਾਣਾ ਤੇ ਅਸਾਂ ਚੱਕ ਰਮਦਾਸ ਏ, ਪਰ ਜੇ ਇਕ ਕਰਮ ਹੋਰ ਕਰੋ, ਤੁਹਾਡੀ ਬੜੀ ਮੇਹਰਬਾਨੀ ਹੋਵੇਗੀ।

ਨੰਬਰਦਾਰ—ਹਾਂ ਹਾਂ ਦੱਸੋ, ਝਿਜਕੋ ਨਾ... ਅਸੀਂ ਤੁਹਾਡੀ ਕੀ ਖ਼ਿਦਮਤ ਕਰ ਸਕਨੇ ਆਂ?

ਚੋਧਰੀ—ਸਰਦਾਰ ਜੀ! ਖ਼ਿਦਮਤ ਵਲੋਂ ਤਾਂ ਅਗੇ ਈ ਕੋਈ ਥੋੜ ਨਹੀਂ, ਪਰ ਅਸੀਂ ਆਂ ਖਾਣ ਪੀਣ ਵਾਲੇ ਬੰਦੇ... ਤੁਸੀਂ ਹੋਏ ਨਾਮਧਾਰੀਏ, ਜੇ ਰਾਤ ਭਰ ਸਾਡੀਆਂ ਮੱਝਾਂ ਦਾ ਧਿਆਨ ਰੱਖੋ, ਤਾਂ ਡਿਪਟੀਆਂ ਕੋਲ ਰੈਣ ਗੁਜ਼ਾਰ ਕੇ, ਸਵੇਰੇ ਆ ਕੇ ਲੈ ਜਾਵਾਂਗੇ।

ਨੰਬਰਦਾਰ—ਓਹ ਤੇ ਕੋਈ ਗੱਲ ਨਹੀਂ-ਡਿਪਟੀ ਵੀ ਤੇ ਆਪਣੇ ਈ ਬੰਦੇ ਨੇ ਓਥੇ ਕੀ, ਤੇ ਏਥੇ ਕੀ, ਸਵੇਰੇ ਆਪਣੀ ਅਮਾਨਤ ਸਾਂਭ ਲਿਓ!

ਚੋਧਰੀ—ਸ਼ਾਵਾਸ਼ੇ ਸਰਦਾਰੋ! ਤੁਹਾਡੀ ਬੜੀ ਮੇਹਰਬਾਨੀ, ਸਾਡੀ ਏਹ ਅਮਾਨਤ ਹੈ ਬੜੀ ਮਹਿੰਗੀ, ਉਚੇਚਾ ਧਿਆਨ ਰੱਖਿਓ!

ਨੰਬਰਦਾਰ—ਰੱਬੋਂ ਨਾ ਕੋਈ ਐਹੋ ਜਹੀ ਗੱਲ ਹੋ ਜਾਇ, ਕਲ੍ਹ ਨੂੰ ਆਪਣੀ ਚੀਜ਼ ਸਹੀ ਸਲਾਮਤ ਲੈ ਜਾਇਓ।

ਚੌਧਰੀ (ਆਪੋ ਵਿਚ) ਚੱਲ ਨੂਰਿਆ! ਮੱਝਾਂ ਵਧੀਆ ਟਿਕਾਣੇ ਤੇ ਬੱਝ ਗਈਆਂ ਨੇ ਰਾਤ ਆਰਾਮ ਕਰ ਲੈਣਗੀਆਂ-* ਦਿਨੇ ਜੋ ਮੌਲਾ ਕਰੇ। ਦੋਵੇਂ ਘੋੜੀ ਤੇ ਚੜ੍ਹਨ ਲੱਗੇ ਸਾਹਬ ਸਲਾਮਤ ਕਰਦੇ ਨੇ।

ਅਗਲੇ ਦਿਨ ਦੁਪੈਹਰਾ ਹੋਣ ਨੂੰ ਆ ਗਿਆ, ਮੱਝਾਂ ਵਾਲੇ ਬਹੁੜੇ ਈ ਨਾ। ਕੁਦਰਤੋਂ ਸਹਿਸਰੇ ਵਲੋਂ ਘੋੜੀ ਤੇ ਚੜ੍ਹਿਆ ਚੌਧਰੀ ਅਬਦੁਲ ਆ ਗਿਆ। ਉੱਤਰ ਕੇ ਸਾਹਬ ਸਲਾਮਤ ਕਰਦਿਆਂ, ਕਹਿਦਾ ਏ— ਭਰਾ ਜੀ! ਮੱਝਾਂ ਕਿਤੋਂ ਅੱਜ ਕਲ੍ਹ ਈ ਆਂਦੀਆਂ ਜੇ?

ਨੰਬਰਦਾਰ—ਸਤਿ ਸ੍ਰੀ ਅਕਾਲ ਅਬਦੁਲਾ! ਆਂਦੀਆਂ ਕਿਥੋਂ ਨੇ, ਆਪੇ ਈ ਆ ਗਈਆਂ ਨੇ, ਤੇ ਅੱਗੋਂ ਕੱਲ ਵਾਲੀ ਸਾਰੀ ਗੱਲ ਸੁਣਾ ਦਿੱਤੀ। ਸੁਣ ਕੇ ਅਬਦੁਲ ਕਹਿੰਦਾ—ਭਰਾ ਜੀ! ਤੁਸੀਂ ਵੀ ਬੜੇ ਭੋਲੇ ਓ! ਓਹ ਨਾ ਆਏ ਹੁਣ—ਏਹ ਮੱਝਾਂ ਨੇ ਚੋਰੀ ਦੀਆਂ, ਓਹਨਾਂ ਨੂੰ ਪਤਾ ਏ-ਮੱਝਾਂ ਦਾ ਖੁਰਾ ਦੱਬੀ ਵਾਹਰ ਆ ਰਹੀ ਹੋਵੇਗੀ, ਆਹ ਵੇਖੋ! ਮੱਝਾਂ ਨੂੰ ਡਾਂਗਾਂ ਦੇ ਨਿਸ਼ਾਨ, ਐਹੋ ਜਹੇ ਘਰਦੇ, ਜਾਂ ਮੁੱਲ ਦੇ ਮਾਲ ਨੂੰ, ਕੋਈ ਇੰਜ ਕੁੱਟਦਾ ਏ? ਮੈਂ ਸ਼ਾਮ ਤੱਕ ਏਥੇ ਈ ਆਂ, ਵਾਹਰ ਕਿਸੇ ਵੇਲੇ ਵੀ ਆਈ ਜਾਣੈ। ਕੁਝ ਮੁੰਡੇ ਨੇੜੇ ਤੇੜੇ ਵਾਜ ਮਾਰ ਲਈਏ। ਚੋਰ ਵੀ ਕਿਤੇ ਐਥੇ ਈ ਸੂਹ ਲੈਂਦੇ ਹੋਣਗੇ। ਜੇ ਮਾਲਕ ਨਾ ਆਏ, ਰਾਤ ਨੂੰ ਚੋਰ ਮੱਝਾਂ ਲੈ ਜਾਣਗੇ।

ਨੰਬਰਦਾਰ—ਵੀਰ ਅਬਦੁਲਾ! ਗੱਲ ਤੇਰੀ ਠੀਕ ਲੱਗਦੀ ਏ, ਪਰ ਓਹ ਬੰਦੇ ਚੰਗੇ ਭਲੇ ਤੇ ਵਧੀਆ ਗੱਲ ਵਾਲੇ ਜਾਪਦੇ ਸਨ। ਨਾਲੇ ਮੁਰੀਦਕਿਆਂ ਵਾਲੇ ਭਰਾ ਸੁਰੈਣ ਸਿੰਘ ਦਾ ਨਾਂ ਲੈ ਲਿਆ, ਇਕ ਚੰਗੀ ਘੋੜੀ ਤੇ ਗਏ ਨੇ ਓਹ ਪਰੋਜਵਾਲੇ ਨੂੰ। ਓਹਨਾਂ ਡਿਪਟੀਆਂ ਦਾ ਨਾਂ ਲਿਆ ਸੀ ਪਈ ਰਾਤ ਓਥੇ ਕੱਟ



Namdhari Elibrary NamdhariElibrary@gmail.com

ਆਵਾਂਗੇ। ਡਿਪਟੀਆਂ ਨੂੰ ਬੰਦਾ ਘੱਲ ਵੇਹਨੇ ਆਂ, ਕੋਈ ਪਤਾ ਤੇ ਲੱਗੇਗਾ ਈ।

ਅਬਦੁੱਲ—ਭਰਾ ਜੀ! ਘੋੜੀ ਵੀ ਚੋਰੀ ਦੀ ਹੋਵੇਗੀ। ਕੋਈ ਕਾਠੀ ਵਗੈਰਾ ਹੈ ਸੀ?

ਕੋਲੋਂ ਮਹਿਰ ਚਰਾਗ ਦਾ ਛੋਟਾ ਪੁੱਤਰ 'ਯਾਕੂਬ', ਪਟਾਕ ਪਿਆ— ਬਾਬੂ ਜੀ ਮੈਂ ਵੇਖਿਆ ਸੀ, ਘੋੜੀ ਤੇ ਚੜ੍ਹਨ ਲੱਗਿਆਂ, ਓਹਨਾਂ ਚਾਦਰ ਤੈਹ ਕਰਕੇ ਈ ਸੁੱਟੀ ਸੀ ਉੱਤੇ, ਕਾਠੀ ਕੋਈ ਨਹੀਂ ਸੀ।

ਓਹੋ ਗੱਲ ਹੋਈ, ਜੋ ਚੌਧਰੀ ਅਬਦੁਲ ਨੇ ਆਖੀ ਸੀ। ਪਿਛਲੇ ਪਹਿਰ ਪੰਦਰਾਂ ਵੀਹ ਬੰਦੇ, ਕੁਝ ਘੋੜੀਆਂ ਤੇ ਕੁਝ ਪੈਦਲ, ਨਾਲ ਦੋ ਖੋਜੀ, ਹਰਲ-ਹਰਲ ਕਰਦੇ ਆ ਗਏ। ਪੈਦਲਾਂ ਹੱਥੀਂ ਡਾਂਗਾਂ ਕੁਹਾੜੀਆਂ, ਔਂਦਿਆਂ ਮੱਝਾਂ ਦੁਆਲੇ ਘੇਰਾ ਪਾ ਕੇ ਖਲੋ ਗਏ। ਸਵਾਰਾਂ ਵਿਚੋਂ ਦੋ ਕੁ ਅਬਦੁਲ ਤੇ ਨੰਬਰਦਾਰ ਦੇ ਜਾਣੂ ਸਿਆਣੂ ਨਿਕਲ ਪਏ। ਨੰਬਰਦਾਰ ਨੇ ਮੰਜੀਆਂ ਡੁਹਾ ਕੇ ਜਲ ਪਾਣੀ ਪੁੱਛਿਆ। ਇਕ ਕਾਹਲੇ ਨੇ ਆਖਿਆ— ਪਹਿਲਾਂ ਸਾਡੀ ਘੋੜੀ ਦਾ ਪਤਾ ਦਿਓ। ਪਾਣੀ ਪੁਣੀ ਫੇਰ ਈ ਪੀਆਂਗੇ। ਨੰਬਰਦਾਰ ਤੋਂ ਪਹਿਲਾਂ ਹੀ ਅਬਦੁਲ ਨੇ ਗੱਲ ਦੀ ਡੋਰ ਆਪਣੇ ਹੱਥ ਕਰ ਲਈ। ਕਹਿੰਦਾ, ਆਰਾਮ ਨਾਲ ਬਹਿ ਜਾਓ! ਮੱਝਾਂ ਲੱਭ ਗਈਆਂ ਨੇ, ਘੋੜੀ ਦਾ ਪਤਾ ਵੀ ਲੱਗ ਜਾਇਗਾ।

ਔਣ ਵਾਲੀ ਵਾਹਰ ਵਿਚੋਂ ਕੁਝ ਬੰਦੇ 'ਗਰਮੂਲੇ' ਦੇ ਸਨ। ਜੇਹੜੇ ਨੰਬਰਦਾਰ ਦੇ ਵਿਰੋਧੀ ਧੜੇ-ਸ਼ਰਾਬੀਆਂ ਦੇ ਯਾਰ ਬੇਲੀ ਸਨ-ਓਹ ਪਿੰਡ ਵਿਚੋਂ ਆਪਣੇ ਸੱਜਣਾਂ ਨੂੰ ਸੱਦ ਲਿਆਏ। ਏਹਨਾਂ ਸੋਚਿਆ-ਅੱਜ ਨੰਬਰਦਾਰ ਕਾਬੂ ਆਇਆ ਏ, ਜੇਹੜਾ ਸਾਨੂੰ ਚੋਰੀਆਂ ਨਹੀਂ ਕਰਨ ਦੇਂਦਾ-ਅੱਜ ਆਪ ਚੋਰੀ ਦੇ ਮਾਲ ਸਣੇ ਫਸਿਆ ਖੜਾ ਏ, ਸਾਰੇ ਲੇਖੇ ਪੂਰੇ ਕਰ ਲਈਏ।

ਸਾਰੀ ਗੱਲ ਅਬਦੁਲ ਕੋਲੋਂ ਸੁਣ ਸਮਝ ਕੇ, ਮਾਲਕਾਂ ਦੀ ਮਰਜੀ ਸੀ ਮਾਲ ਮਿਲ ਗਿਆ ਏ... ਚੋਰ ਤੇ ਘੋੜੀ ਵੀ ਮਿਲ ਜਾਣਗੇ, ਮੱਝਾਂ ਲੈ ਕੇ ਪਿਛਾਂ ਮੁੜ ਚੱਲੀਏ। ਪਰ ਮਾਲਿਕ ਥੋੜੇ ਤੇ ਮੂਰਖ ਸੱਜਣ ਹਿਮਾਇਤੀ ਬਹੁਤੇ, ਓਹਨਾਂ ਗੱਲ ਨੂੰ ਇਜ ਦਾ ਮੋੜਾ ਦੇ ਲਿਆ, ਕਿ ਥਾਣੇ ਪਰਚਾ ਦੇ ਕੇ, ਮਾਲ ਮੌਕਿਆ ਤੇ ਫੜਾ ਕੇ, ਨੰਬਰਦਾਰ ਤੇ ਕੇਸ ਬਣਾ ਕੇ ਹੀ ਦਮ ਲੈਣਾ ਏ। ਥੋੜੇ ਮੱਝਾਂ ਦੀ ਰਾਖੀ ਬਹਿ ਗਏ, ਬਹੁਤੇ ਕੁਝਰਾਂਵਾਲੇ ਸਦਰ ਥਾਣੇ ਚਲੇ ਗਏ। ਅਗੋ ਥਾਣੇਦਾਰ ਨੰਬਰਦਾਰ ਦਾ ਚੰਗਾ ਜਾਣੂੰ ਸੀ, ਓਸ ਆਖਿਆ, ਮੌਕਿਆ ਤੇ ਜਾ ਕੇ, ਸਾਰੀ ਗੱਲ ਸੁਣ ਸਮਝ ਕੇ, ਪਰਚਾ ਦਰਜ ਕਰਾਂਗਾ। ਪਰ ਏਹ ਆਖਣ ਨੰਬਰਦਾਰ ਤੇ ਪਰਚਾ ਕੱਟ ਕੇ, ਸਾਡੇ ਨਾਲ ਚੱਲ, ਅਸੀਂ ਨਾਲ ਫੜਾਨੇ ਆਂ।

ਬੜਾ ਚਿਰ ਖੱਪ ਪਈ ਰਹੀ, ਦੋਹਾਂ ਧਿਰਾਂ ਚੋਂ ਕੋਈ ਨਾ ਮੰਨਿਆ। ਥਾਣੇ ਵਿਚੋਂ ਦੀ ਇਕ ਨੇ ਆਖਿਆ, ਅੰਗ੍ਰੇਜ ਐਸ. ਪੀ. ਕੋਲ ਕੂਕ ਪੁਕਾਰ ਕਰੋ, ਸਾਰੇ ਸ਼ਾਮ ਦੇ ਘੁਸ ਮੁਸੇ ਵਿਚ ਓਥੇ ਚਲੇ ਗਏ। ਅਗੋ ਸ਼ਰਾਬ ਦਾ ਦੌਰ ਚੱਲ ਰਿਹਾ ਸੀ। ਚੋਖੇ ਬੰਦਿਆਂ ਦਾ ਰੌਲਾ ਸੁਣ ਕੇ, ਗੋਰੇ ਨੇ ਥਾਣੇਦਾਰ ਨੂੰ ਸੱਦ ਕੇ ਹੁਕਮ ਕੀਤਾ— ਜਾ ਕੇ ਮਾਲ ਦੀ ਰਾਖੀ ਕਰੋ, ਸੁਬ੍ਹਾ ਮੈਂ ਖੁਦ ਮੌਕਿਆਂ ਤੇ ਜਾ ਕੇ ਫੈਸਲਾ ਕਰਾਂਗਾ। ਸ਼ਰਾਬੀ ਧੜਾ ਕੱਛਾ ਵਜਾਂਦਾ ਵਾਪਸ ਮੁੜਿਆ।

ਨੰਬਰਦਾਰ ਬਾਰੇ ਨਵੀਂ ਗੱਲ, ਤੇ ਅੰਗਰੇਜ਼ ਐਸ. ਪੀ. ਦਾ ਔਣਾ ਸੁਣ ਕੇ ਅਗਲੇ ਦਿਨ ਏਨਾ ਹਜੂਮ ਕੱਠਾ ਹੋ ਗਿਆ ਜਿਵੇਂ ਛਿੰਝ ਪੈਣੀ ਹੋਵੇ। ਉਧਰ ਡਿਪਟੀ, ਬੜੇ ਬੰਦੇ ਲੈ ਕੇ ਆ ਗਏ, ਜਿਨ੍ਹਾਂ ਵਿਚ ਮੱਝਾਂ ਬੰਨ੍ਹ ਕੇ ਜਾਣ ਵਾਲੇ ਵੀ ਸਨ। ਓਹਨਾਂ ਨੂੰ ਪਿਛੇ ਲੁਕਾ ਕੇ ਰੱਖਿਆ ਗਿਆ। ਨੰਬਰਦਾਰ ਨੇ ਆਪਣੇ ਗੁਰਦੁਆਰੇ ਲੋਹਾਂ ਤਪਾ ਦਿੱਤੀਆਂ। ਹਰ ਇਕ ਨੂੰ ਲੰਗਰ ਵਰਤਾਣਾ ਸ਼ੁਰੂ ਹੋ ਗਿਆ। ਦੁਪੈਹਰਾਂ ਨੇੜੇ ਵੱਡੇ ਲਾਲ ਘੋੜੇ ਤੇ ਸਵਾਰ, ੬ ਫੁੱਟਾ, ਲਾਲ ਸੂਹਾ, ਬਾਘੜ ਬਿਲੇ ਵਰਗਾ, ਅੰਗਰੇਜ਼ ਅਫ਼ਸਰ, ਚਾਰ ਪੰਜ ਘੋੜ ਸਵਾਰਾਂ, ੮-੭ ਪੈਦਲ ਪੁਲਸੀਆਂ (ਜਿਵੇਂ ਕਿਸੇ ਬੜੀ ਮੁਹਿਮ ਤੇ ਚੱਲੇ ਹੋਣ) ਨਾਲ ਆ ਉਤਰੇ।

ਡਿਪਟੀਆਂ ਤੇ ਕਈ ਹੋਰਨਾਂ ਸਿਰ ਨਿਵਾ ਕੇ ਕੁਰਨਿਸ਼ ਕੀਤੀ, ਜਦੋਂ ਕਿ ਨੰਬਰਦਾਰ ਤੇ ਹੋਰ ਕੂਕਿਆਂ, ਖੜੋਤਿਆਂ ਈ ਸਤਿ ਸ੍ਰੀ ਅਕਾਲ ਆਖੀ। ਗੋਰੇ ਨੇ ਏਹਨਾਂ ਵੱਲ ਬੜੇ ਗੌਰ ਨਾਲ ਵੇਖ ਕੇ, ਅੰਗਰੇਜ਼ੀ ਵਿਚ ਥਾਣੇਦਾਰ ਨਾਲ ਗੱਲ ਕੀਤੀ। ਅਗੋਂ ਓਹਨੇ ਵੀ ਅੰਗਰੇਜ਼ੀ ਵਿਚ ਹੀ ਕੁੱਝ ਦੱਸਿਆ। ਪਰ ਦੋ ਕੁ ਵਾਰ ਕੂਕੇ, ਕਹਿਣ ਤੋਂ ਪਤਾ ਲੱਗਾ, ਗੱਲ ਸਾਡੇ ਬਾਰੇ ਈ ਹੋਈ ਏ। ਸਾਹਬ ਨੇ ਲੰਮੀ ਹੂੰ.... ਕਹਿ ਕੇ ਹੇਠਾਂ ਉਤਾਂਹ ਨੂੰ ਸਿਰ ਹਿਲਾਇਆ। ਐਸ. ਪੀ. ਥਾਣੇਦਾਰ ਡਿਪਟੀਆਂ 'ਚੋਂ ਫਿਰੋਜ਼ ਮੁਹੰਮਦ, ਕੁਰਸੀਆਂ ਤੇ, ਬਾਕੀ ਮੰਜੀਆਂ ਤੇ ਬਹਿ ਗਏ।

ਸਾਹਬ ਦੇ ਇਸ਼ਾਰੇ ਤੇ, ਥਾਣੇਦਾਰ ਨੇ ਉੱਠ ਕੇ ਗੱਲ ਸ਼ੁਰੂ ਕੀਤੀ— ਔਹ ਮਾਲਕ ਨੇ (ਖੜੇ ਕਰਕੇ) ਏਹਨਾਂ ਦੀਆਂ ਦੋ ਮੱਝਾਂ, ਇਕ ਘੋੜੀ, ਚੋਰ ਲੈ ਗਏ। ਏਹ, ਖੁਰੇ ਲੱਭ ਕੇ, ਦੂਜੇ ਦਿਨ ਏਥੇ ਆ ਗਏ। ਏਹ ਕਹਿੰਦੇ ਹਨ ਨੰਬਰਦਾਰ ਸਾਡਾ ਚੋਰ ਹੈ, ਮੱਝਾਂ ਮਿਲ ਗਈਆਂ ਹਨ ਸਾਡੀ ਘੋੜੀ ਵੀ ਏਹਦੇ ਕੋਲ ਹੈ। ਪਰਚਾ ਦਰਜ ਕਰ ਕੇ ਨੰਬਰਦਾਰ ਤੇ ਕੇਸ ਚਲਾਇਆ ਜਾਇ। ਸਾਡਾ ਮਾਲ ਸਾਨੂੰ ਦਵਾਇਆ ਜਾਇ।

ਔਹ ਨੰਬਰਦਾਰ ਕਹਿੰਦਾ ਹੈ (ਹੱਥ ਕਰਕੇ) ਨਾ ਮੈਂ ਚੋਰ ਹਾਂ, ਨਾ ਕਿਸੇ ਚੋਰ ਦਾ ਭਾਈਵਾਲ ਹਾਂ, ਦੋ ਭਲੇ ਆਦਮੀ-ਮੱਝਾਂ ਮੇਰੇ ਕੋਲ ਅਮਾਨਤ ਛੱਡ ਗਏ ਹਨ-ਤੇ ਘੋੜੀ ਲੈ ਗਏ ਹਨ... ਏਹ ਮੱਝਾਂ, ਓਹਨਾਂ ਬਿਨਾਂ ਕਿਸੇ ਹੋਰ ਨੂੰ ਨਹੀਂ ਦਿਆਂਗਾ, ਭਾਵੇਂ ਕੁਝ ਹੋ ਜਾਇ।

ਜੇ ਮਾਲਕ ਧੜੇ ਨੇ ਦੋ ਕੁ ਵਾਰ ਵਿਚੋਂ ਟੋਕਣ ਦਾ ਜਤਨ ਕੀਤਾ, ਸਾਹਬ ਦੀ ਖਰ੍ਹਵੀ ਹੂੰ ਹੂੰ ਨੇ ਚੁੱਪ ਕਰਾ ਦਿੱਤਾ। ਫਿਰ ਉਸ ਨੇ ਲੋਕਾਂ ਵੱਲ ਵੇਖ ਕੇ ਇਸ਼ਾਰਾ ਕੀਤਾ— ਕੋਈ ਔਰ...।

ਡਿਪਟੀਆਂ ਚੋਂ ਫਿਰੋਜ਼ ਮੁਹੰਮਦ ਦੇ ਇਸ਼ਾਰੇ ਨਾਲ, ਇਕ ਅਧਕੜ ਜਿਹਾ ਆਦਮੀ ਅੱਗੇ ਆਇਆ। ਪਹਿਲਾਂ ਉਸ ਨੇ ਦੋ ਵਾਰ ਨੰਬਰਦਾਰ ਦੀ ਗੋਡੀਂ ਹੱਥ ਲਾਇਆ। ਫੇਰ ਚੌਧਰੀ ਅਬਦੁਲ ਨਾਲ ਬਗ੍ਹਲਗੀਰ ਹੋਇਆ। ਅਖੀਰ ਤੇ, ਸਾਹਬ ਨੂੰ ਸਲਾਮ ਕਰ ਕੇ, ਗੱਲ ਕਰਨ ਵਾਸਤੇ ਖੜ੍ਹਾ. ਹੋ ਗਿਆ ਤਾਂ ਮਾਲਕ ਧੜੇ ਵਿਚ ਖੁਸਰ ਫੁਸਰ ਸ਼ੁਰੂ ਹੋ ਗਈ। ਸਾਹਬ ਨੇ ਅੰਗਰੇਜ਼ੀ ਵਿਚ



Namdhari Elibrary NamdhariElibrary@gmail.com

ਕੁਝ ਖਰਵਾ ਜਿਹਾ ਆਖਿਆ, ਸਾਰੇ ਚੁੱਪ ਹੋ ਗਏ।

ਉਸਨੇ ਬੜੀ ਸ਼ਾਇਸਤਾ ਉਰਦੂ ਵਿਚ ਸਾਹਬ ਨੂੰ ਮੁਖ਼ਾਤਬ ਹੋ ਕੇ ਗੱਲ ਸ਼ੁਰੂ ਕੀਤੀ। ਜੇ ਕਿਸੇ ਗੱਲ ਦੀ ਸਮਝ ਨਾ ਔਂਦੀ, ਸਾਹਬ ਥਾਣੇਦਾਰ ਵੱਲ ਵੇਂਹਦਾ, ਤਾਂ ਓਹ ਅਗੋਂ ਅੰਗਰੇਜ਼ੀ ਵਿਚ ਸਮਝਾ ਦੇਂਦਾ। ਸਾਰੇ ਇੰਝ ਚੁੱਪ ਵਰਤ ਗਈ, ਜਿਵੇਂ ਏਥੇ ਇਕੱਲਾ ਅੱਲਾ ਰੱਖਾ ਈ ਹੋਵੇ।

ਸਾਹਬ ਜੀ! ਮੇਰਾ ਨਾਂ ਅੱਲਾ ਰੱਖਾ ਹੈ। ਏਹ ਮੱਝਾਂ ਮੈਂ ਤੇ ਮੇਰੇ ਭਤੀਜੇ ਨੂਰੇ ਨੇ ਆਂਦੀਆਂ ਨੇ। (ਨੂਰਾ ਉੱਠ ਕੇ ਖੜਾ ਹੋ ਗਿਆ) ਏਹ ਮੱਝਾਂ ਏਹਨਾਂ ਦੀਆਂ ਨਹੀਂ ਸਾਡੀਆਂ ਹਨ। ਚੋਰ ਅਸੀਂ ਨਹੀਂ, ਚੋਰ ਤੇ ਦਗੇਬਾਜ਼ ਧੋਖੇਬਾਜ਼ ਏਹ ਨੇ। ਅਸਾਂ ਏਹਨਾਂ, ਨਾਲ ਰਲ ਕੇ ਮੰਡੀਓਂ ਮਾਲ ਖਰੀਦਿਆ। ਰਕਮ ਅੱਧੋ ਅੱਧ ਤਾਰੀ। ਸ਼ਾਮ ਵੇਲੇ ਮਾਲ ਏਹਨਾਂ ਦੇ ਘਰ ਬੰਨ੍ਹਿਆ। ਰਾਤ ਰੋਟੀ ਖਾ ਕੇ ਸ਼ਰਾਬ ਪੀਂਦਿਆਂ ਸਾਡਾ ਬੋਲ ਬਕਾਰਾ ਹੋ ਗਿਆ। ਏਹਨਾਂ ਧੱਕੇ ਮਾਰ ਕੇ ਸਾਨੂੰ ਘਰੋਂ ਕੱਢ ਦਿੱਤਾ। ਅਸੀਂ ਰੱਬੋਂ ਈ ਕਿਸੇ ਸਰਦਾਰ ਦੇ ਘਰ ਜਾ ਸੁੱਤੇ। ਦਿਨੇ ਓਸੇ ਸਰਦਾਰ ਨੂੰ ਲੈ ਕੇ ਅਸੀਂ ਮਾਲ ਮੰਗਣ ਗਏ। ਏਹਨਾਂ ਠੋਕ ਕੇ ਜਵਾਬ ਦੇ ਦਿੱਤਾ, ਕਿ ਤੁਸੀਂ ਕੌਣ ਹੋਂਦੇ ਓ ਮਾਲ ਮੰਗਣ ਵਾਲੇ, ਅਸੀਂ ਤੇ ਤੁਹਾਨੂੰ ਜਾਣਦੇ ਈ ਨਹੀਂ। ਵਿਚੋਂ ਇਕ ਨੇ ਆਖਿਆ, ਮੈਂ ਤੁਹਾਨੂੰ ਰਾਤੀਂ ਈ ਆਖਿਆ ਸੀ, ਏਹਨਾਂ ਦਾ ਫਸਤਾ ਵੱਢ ਦੇਈਏ, ਨਾ ਰਹੇ ਬਾਂਸ ਨਾ ਵੱਜੇ ਬੰਸਰੀ, ਅਸੀਂ ਖੌਰੇ ਉਲਝ ਪੈਂਦੇ, ਉਹ ਭਲਾ ਸਰਦਾਰ ਸਾਨੂੰ ਮੋੜ ਲਿਆਇਆ। ਪੈਸੇ ਗਏ ਨੇ, ਮਾਲ ਗਿਆ ਏ, ਜਾਨ ਕਿਓਂ ਗਵਾਂਦੇ ਓ! ਪਰ ਸਾਨੂੰ ਚੈਨ ਕਿੱਥੇ। ਦਿਨ ਪਾ ਕੇ, ਨਾਲ ਦੋ ਬੰਦੇ ਤੇ ਹਥਿਆਰ ਲੈ ਕੇ ਅਸੀਂ ਜਾ ਲੁੱਕੇ... ਸੋਚਿਆ ਜੇ ਕੋਈ ਬੰਦਾ ਹੱਥ ਲੱਗਾ, ਮਾਰ ਦੇਣਾ ਏਂ, ਤੇ ਏਹਨਾਂ ਮਿੱਤਰ ਮਾਰਾਂ ਨੂੰ ਪੂਰਾ ਮਜ਼ਾ ਚਖਾਣਾ ਏਂ। ਰੱਬੋਂ ਘਰ ਕੋਈ ਨਹੀਂ ਮਿਲਿਆ, ਦੋ ਝੋਟੀਆਂ ਤੇ ਘੋੜੀ ਲੈ ਕੇ ਅਸੀਂ ਮੁੜ ਆਏ। ਸਾਡੀਆਂ ਦੋ ਮੱਝਾਂ ਅਜੇ ਏਹਨਾਂ ਵੱਲ ਨੇ, ਓਹ ਦੇ ਜਾਣ, ਤੇ ਘੋੜੀ ਲੈ ਜਾਣ।

ਹੁਣ ਇਕ ਗੱਲ ਨੰਬਰਦਾਰ ਜੀ ਮੁਤੱਲਕ, ਅਸੀਂ ਏਹਨਾਂ ਵਲੋਂ ਸਰਾਸਰ ਝੂਠੇ ਆਂ, ਸ਼ਰਮਸਾਰ ਤੇ ਦੇਣਦਾਰ ਵੀ ਆਂ। ਏਹਨਾਂ ਸਾਡੇ ਚੋਰੀ ਵਰਗੇ ਮਾਲ ਦੀ ਅਮਾਨਤ ਵਰਗੀ ਰਾਖੀ ਕੀਤੀ ਏ। ਸੁਣਿਆ ਸੀ, ਲੋਕ ਏਹਨਾਂ ਨੂੰ 'ਸਿੰਘ ਜੀ' ਆਂਹਦੇ ਨੇ! ਅਸਾਂ ਪਰਤਾ ਕੇ ਵੇਖ ਲਿਆ ਏ, ਏਹ ਸੱਚ ਮੁੱਚ ਦੇ 'ਸਿੰਘ ਜੀ' ਨੇ। ਏਨੀ ਦਲੇਰੀ, ਏਨਾ ਜਿਗਰਾ, ਏਨਾਂ ਹੌਂਸਲਾ ਕੋਈ ਆਮ ਆਦਮੀ ਨਹੀਂ ਕਰ ਸਕਦਾ। ਸਾਨੂੰ ਮੁਰੀਦਕਿਆਂ ਵਾਲਿਆਂ ਆਖਿਆ ਸੀ, ਰਾਤ ਏਥੇ ਕੱਟਿਓ! ਅਸੀਂ ਸ਼ਰਾਬ ਖਰਾਬ ਦੇ ਲਾਲਚ ਨੂੰ ਅਗਾਂ ਚਲੇ ਗਏ। ਅੱਜ ਅਸੀਂ ਭਰੀ ਪੰਚੈਤ ਵਿਚ ਸ਼ਰਾਬ ਤੋਂ ਤੋਬਾ ਕਰਨੇ ਆਂ ਤੇ ਅਗੋਂ ਅਸੀਂ ਤਾ-ਜ਼ਿੰਦਗੀ, ਸਿੰਘ ਜੀ ਦੇ ਬਿਨਾਂ ਦੰਮਾਂ ਦੇ ਗ਼ੁਲਾਮ ਹੋ ਗਏ ਆਂ।

ਇੰਜ ਲੱਗਿਆ, ਸਾਹਬ ਨੇ ਸਾਰੀ ਗੱਲ ਚੰਗੀ ਤਰਾਂ ਸਮਝ ਲਈ ਹੋਵੇ। ਮਾਲਕ ਧੜੇ ਵਲ ਵੇਖ ਕੇ ਕਹਿਣ ਲੱਗਾ, 'ਅਬ ਟੁਮ ਬੋਲੋ!'

ਓਹਨਾਂ ਅਗੋਂ ਰੌਲਾ ਪਾ ਦਿੱਤਾ, ਜਨਾਬ ਏਹ ਝੂਠ ਬੋਲਦੇ ਨੇ! ਮਾਲ ਸਾਡਾ ਏ ਤੇ ਏਹ ਸਾਡੇ ਚੋਰ ਨੇ। ਸਾਹਬ ਨੇ ਗੱਲ ਅਨਸੁਣੀ ਕਰਕੇ, ਥਾਣੇਦਾਰ ਤੇ ਫਿਰੋਜ਼ ਮੁਹੰਮਦ ਨਾਲ ਅੰਗਰੇਜ਼ੀ ਵਿਚ ਮਸ਼ਵਰਾ ਕੀਤਾ। ਜਿਸ ਨੂੰ ਥਾਣੇਦਾਰ ਨੇ ਇਸਤਰਾਂ ਸੁਣਾਇਆ—

ਏਹ ਮੱਝਾਂ ਤੇ ਘੋੜੀ ਡਿਪਟੀਆਂ ਦੀ ਸਪੁਰਦਾਰੀ ਵਿਚ ਰਹਿਣ ਗੀਆਂ। ਮਾਲਕਾਂ ਦੇ ਪਿੰਡੋਂ ਸੀ.ਆਈ. ਡੀ. ਰਾਹੀਂ ਰਪੋਟ ਮੰਗਾ ਕੇ ਫਿਰ ਦੇਖਾਂਗੇ ਕੀ ਫ਼ੈਸਲਾ ਕਰਨਾ ਹੈ।

ਅਤੇ ਨੰਬਰਦਾਰ ਜੀ ਨੂੰ ਨੇਕਨਾਮੀ ਦਾ ਸਰਟੀਫਿਕੇਟ ਦਿੱਤਾ ਜਾਇਗਾ। ਜੇਹੜਾ ਕਲ੍ਹ ਨੂੰ ਕੁਝਰਾਂਵਾਲਿਓਂ ਸਾਹਬ ਦੇ ਦਫਤਰੋਂ ਜਾ ਕੇ ਲੈ ਔਣ।

ਨੰਬਰਦਾਰ ਨੇ ਓਸੇ ਵੇਲੇ ਇਨਕਾਰ ਕਰ ਦਿੱਤਾ,— "ਮੈਨੂੰ ਗੋਰੀ ਸਰਕਾਰ ਤੋਂ ਕਿਸੇ ਸੜੇ ਸਾਟੀ ਫਿਟਕ ਦੀ ਲੋੜ ਨਹੀਂ; ਮੇਰਾ ਸਭ ਤੋਂ ਵੱਡਾ ਸਾਟੀਫਿਟਕ ਏਹੋ ਈ ਏ, ਮੇਰੇ ਸਤਿਗੁਰੂ ਦਾ ਬਾਣਾ, ਤੇ ਓਹਦੀ ਸਿੱਖਿਆ, ਸੁਰਖ਼ ਰੂ ਹੋ ਕੇ ਨਿਕਲੇ ਨੇ। ਧੰਨ ਸਤਿਗੁਰੂ ਰਾਮ ਸਿੰਘ ਜੀ, ਧੰਨ ਸਤਿਗੁਰੂ ਪਰਤਾਪ ਸਿੰਘ ਜੀ।

ਸਾਹਬ ਨੇ ਸਾਰਿਆਂ ਨੂੰ ਬੈਠੇ ਰਹਿਣ ਦਾ ਇਸ਼ਾਰਾ ਕੀਤਾ। ਆਪ ਉੱਠ ਕੇ ਅੰਗਰੇਜ਼ੀ ਉਰਦੂ ਪੰਜਾਬੀ ਦੀ ਖਿਚੜੀ ਪਕਾਂਦਾ ਹੋਇਆ— ਯੇ ਕੂਕਾ ਰਾਮ ਸਿੰਘ ਕਾ ਕੂਕਾ ਹਾਇ! ਹਮ ਨੇ ਬੁਕਸ ਮੇਂ ਡੇਖਾ ਹਾਇ। ਕੂਕਾ ਰੰਮ ਨਹੀਂ ਪੀਟਾ, ਕੂਕਾ ਝੂਠ ਕਿਆ ਕਹਿਣੇ ਹਾਇ ਨਹੀਂ ਬੋਲਦਾ। ਨੰਬਰਡਾਰ ਬਹੁਟ ਅਚਾ ਹੈ... ਹਮ ਇਸ ਸੇ ਹਾਟ ਮਿਲਾਨਾ ਮਾਂਗਟਾ।

ਸਾਹਬ ਨੇ ਹੱਥ ਅੱਗੇ ਕੀਤਾ, ਪਰ ਨੰਬਰਦਾਰ ਜੀ ਨੇ ਅੱਗੇ ਹੋ ਕੇ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਹੀ ਆਖੀ।

*ਵੀ. ਪੀ. ਓ ਬੁਢੀ ਮਾੜੀ*
*(ਰਾਮਪੁਰ) (ਸਰਸਾ) ਹਰਿਆਣਾ*

## ਕਮਜ਼ੋਰੀ

ਵਾਰਿਸ, ਡਾਢਿਆਂ ਦੇ ਸੌ ਸਤ ਵੀਹੀਂ,
ਹਾੜੇ ਰੱਬ ਅੱਗੇ ਕਮਜ਼ੋਰਿਆਂ ਦੇ।

*ਵਾਰਿਸ ਸ਼ਾਹ*

ਜੇਕਰ ਜੱਗ ਵਿਚ ਕੋਈ ਪਾਪ ਹੈ, ਤਾਂ ਉਹ ਹੈ ਕਮਜ਼ੋਰੀ। ਕਮਜ਼ੋਰੀ ਹੀ ਮੌਤ ਹੈ, ਕਮਜ਼ੋਰੀ ਹੀ ਪਾਪ, ਇਸ ਲਈ ਹਰ ਤਰ੍ਹਾਂ ਦੀ ਕਮਜ਼ੋਰੀ ਦਾ ਤਿਆਗ ਕਰੋ।

..................

ਕਮਜ਼ੋਰ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਲਈ ਕਦੇ ਵੀ ਕਮਜ਼ੋਰ ਨਾ ਬਣੋ। ਤੁਹਾਡੇ ਅੰਦਰ ਅਸੀਮ ਸ਼ਕਤੀ ਹੈ, ਤੁਸੀਂ ਸ਼ਕਤੀਸ਼ਾਲੀ ਬਣਨਾ ਹੈ। ਨਹੀਂ ਤਾਂ ਤੁਸੀਂ ਕਿਸੇ ਵੀ ਵਸਤੂਤੇ ਜਿੱਤ ਕਿਵੇਂ ਪ੍ਰਾਪਤ ਕਰੋਗੇ ?

*—ਸਵਾਮੀ ਵਿਵੇਕਾਨੰਦ*



Namdhari Elibrary NamdhariElibrary@gmail.com

Our Motto : Best Quality of the Day

*High Class Gun Manufacturers*

**Single & Double Barrels**

# 12-BORE GUNS

# Free India Gun Manufacturers

**Prop. S. KARTAR SINGH (Jammu-Wale)**

**6, Industrial Estate, Ashok Nagar,
Jammu Cantt-3
Ph. : 433810**

**Sister Concern :**

**M/s Kartar Singh
ARMS & AMMUNITION DEALERS**



Namdhari Elibrary NamdhariElibrary@gmail.com

# ਸ਼੍ਰੋਮਣੀ ਕਮੇਟੀ ਜਾਂ ਸਿੱਖ ਧਰਮ

*—ਤਰਲੋਚਨ ਸਿੰਘ*

ਬੜਾ ਅਜੀਬ ਸਿਰਲੇਖ ਹੈ, ਹਰ ਪੜ੍ਹਨ ਵਾਲਾ ਸੋਚੇਗਾ ਕਿ ਇਹ ਨਿਖੇੜਵਾਂ ਕਿਵੇਂ ਹੋ ਗਿਆ ਹੈ—ਆਮ ਕਰਕੇ ਇਹੋ ਧਾਰਨਾ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸਿੱਖ ਧਰਮ ਦੀ ਵੱਡੀ ਜਥੇਬੰਦੀ ਹੈ ਤੇ ਇਹ ਹਰ ਥਾਂ ਸਿੱਖਾਂ ਦੇ ਧਾਰਮਿਕ ਪੱਖ ਨੂੰ ਉਜਾਗਰ ਕਰਦੀ ਹੈ ਤੇ ਸਾਰੇ ਇਤਿਹਾਸਕ ਗੁਰਦੁਵਾਰਿਆਂ ਦੀ ਸੰਭਾਲ ਕਰਦੀ ਹੈ—ਪਰ ਜੋ ਅਸਲ ਵਿਚ ਹੋ ਰਿਹਾ ਹੈ, ਉਸ ਨੂੰ ਬੜੇ ਚਿਰ ਤੋਂ ਵੇਖਣ ਤੇ ਘੋਖਣ ਪਿੱਛੋਂ ਮੈਂ ਅੱਜ ਪਾਠਕਾਂ ਅੱਗੇ ਆਪਣੇ ਵਿਚਾਰ ਰੱਖ ਰਿਹਾ ਹਾਂ। ਮੈਂ ਗਲਤ ਮਤਲਬ ਕੱਢ ਸਕਦਾ ਹਾਂ ਤੇ ਹੋ ਸਕਦਾ ਹੈ ਕਿ ਸਮਰੱਥ ਸੱਜਨਾਂ ਦੀ ਭਾਵਨਾ ਇਹ ਨਾ ਹੋਵੇ। ਪਹਿਲਾਂ ਤਾਂ ਸਾਨੂੰ ਇਹ ਭਲੀ ਪ੍ਰਕਾਰ ਜਾਣ ਲੈਣਾ ਚਾਹੀਦਾ ਹੈ ਕਿ ਹੋਰ ਕਿਸੇ ਧਰਮ ਵਿਚ ਇਸ ਤਰ੍ਹਾਂ ਦੀ ਕੋਈ ਸੰਸਥਾ ਨਹੀਂ ਹੈ—ਨਾ ਹੀ ਕੋਈ ਧਰਮ ਸਵਾਏ ਸਿੱਖਾਂ ਦੇ ਆਪਣੇ ਧਾਰਮਿਕ ਸੰਸਥਾਵਾਂ ਦੇ ਪ੍ਰਬੰਧ ਲਈ ਕਮੇਟੀ ਦੀ ਵੋਟਾਂ ਪਾ ਕੇ ਚੋਣ ਕਰਦਾ ਹੈ—ਸਾਡੀ ਆਬਾਦੀ ਬਾਕੀ ਧਰਮਾਂ ਤੋਂ ਬਹੁਤ ਘੱਟ ਹੈ—ਈਸਾਈ, ਮੁਸਲਮਾਨ, ਹਿੰਦੂ, ਬੁੱਧ ਆਦਿ ਸਾਡੇ ਤੋਂ ਕਈ ਗੁਣਾਂ ਵੱਧ ਹਨ। ਉਨ੍ਹਾਂ ਦੇ ਚਰਚ, ਮਸੀਤਾਂ, ਮੰਦਰ ਆਦਿ ਲੱਖਾਂ ਕਰੋੜਾਂ ਦੀ ਗਿਣਤੀ ਵਿਚ ਹਨ। ਉਨ੍ਹਾਂ ਦੀ ਆਮਦਨ ਦਾ ਵੀ ਕੋਈ ਅੰਤ ਨਹੀਂ ਹੈ। ਮਸੀਤ ਵਿਚ ਤਾਂ ਕੋਈ ਚੜ੍ਹਾਵਾ ਹੁੰਦਾ ਹੀ ਨਹੀਂ—ਕੇਵਲ ਇਬਾਦਤ ਹੀ ਹੁੰਦੀ ਹੈ। ਹਿੰਦੂਆਂ ਦੇ ਮੰਦਰ ਤ੍ਰਿਪਤੀ ਤੋਂ ਵੈਸ਼ਨੋ ਦੇਵੀ ਵਿਚ ਲੱਖਾਂ ਰੁਪਏ ਰੋਜ਼ ਦਾ ਚੜ੍ਹਾਵਾ ਹੈ। ਚਰਚ ਗਿਰਜਿਆਂ ਵਿਚ ਵੀ ਚੜ੍ਹਾਵਾ ਨਹੀਂ ਹੈ। ਮੈਂ ਦੁਨੀਆਂ ਭਰ ਵਿਚ ਘੁੰਮ ਕੇ ਸਭ ਧਰਮ ਅਸਥਾਨਾਂ ਦੀ ਯਾਤਰਾ ਕੀਤੀ ਹੈ, ਇਸ ਲਈ ਇਹ ਦੱਸ ਰਿਹਾ ਹਾਂ ਕਿ ਕੇਵਲ ਸਿੱਖਾਂ ਨੇ ਹੀ ਇਹ ਨਿਵੇਕਲਾ ਫ਼ੈਸਲਾ ਕਰ ਲਿਆ ਕਿ ਲੋਕਤੰਤਰ ਅਨੁਸਾਰ ਗੁਰਦੁਆਰਿਆਂ ਦੀ ਚੋਣ ਹੋਵੇ। ਅੰਗਰੇਜ਼ ਸਰਕਾਰ ਨੇ ਸਿੱਖਾਂ ਨੂੰ ਗੁਰਦੁਆਰਾ ਐਕਟ ਦੇ ਕੇ ਸਾਰੀ ਉਮਰ ਲਈ ਇਕ ਐਸੇ ਚੱਕਰ ਵਿਚ ਪਾ ਦਿੱਤਾ ਹੈ ਕਿ ਉਥੋਂ ਬਚ ਕੇ ਨਿਕਲਣ ਦੀ ਰਸਤਾ ਵੀ ਨਹੀਂ ਹੈ। ਹੁਣ ਸ਼੍ਰੋਮਣੀ ਕਮੇਟੀ ਵਾਂਗ ਹਰ ਗੁਰਦੁਆਰਾ ਭਾਰਤ ਵਿਚ ਜਾਂ ਵਿਦੇਸ਼ ਵਿਚ ਚੋਣਾਂ ਵਿਚ ਫਸ ਚੁੱਕਾ ਹੈ। ਇਥੋਂ ਤੱਕ ਅਖ਼ਬਾਰਾਂ ਵਿਚ ਛਪਦਾ ਹੈ ਕਿ ਕੈਨੇਡਾ ਵਿਚ ਜਦ ਕਿਸੇ ਵੱਡੇ ਗੁਰਦੁਆਰੇ ਵਿਚ ਚੋਣ ਹੁੰਦੀ ਹੈ ਤਾਂ ਉਪਰ ਹੈਲੀਕਾਪਟਰ ਘੁੰਮਦੇ ਹਨ ਤੇ ਪੁਲਿਸ ਦਾ ਪੂਰਾ ਪਹਿਰਾ ਹੁੰਦਾ ਹੈ। ਸਾਲਾਂ ਬੱਧੀ ਕਚਿਹਰੀ ਵਿਚ ਸਿੱਖ ਮੁਕਦਮੇ ਲੜਦੇ ਹਨ, ਲੱਖਾਂ ਡਾਲਰ ਕੌਮ ਦੇ ਵਕੀਲਾਂ ਦੀ ਜੇਬ ਵਿਚ ਜਾਂਦੇ ਹਨ। ਇਹ ਸਭ ਕੁਝ ਅਸੀਂ ਵੇਖ ਰਹੇ ਹਾਂ ਤੇ ਇਹ ਜਵਾਬ ਦਿੰਦੇ ਹਾਂ ਕਿ ਅਸੀਂ ਹੀ ਹਾਂ ਸਾਰੇ ਵਿਸ਼ਵ ਵਿਚ ਜੋ ਲੋਕਤੰਤਰ ਨੂੰ ਮੰਨ ਕੇ ਵੋਟਾਂ ਪਾਉਣ ਨੂੰ ਵਧੇਰੇ ਪਿਆਰ ਕਰਦੇ ਹਾਂ, ਭਾਵੇਂ ਅਸੀਂ ਸਿੱਖੀ ਧਾਰਨਾ ਨੂੰ ਸੱਟ ਮਾਰ ਰਹੇ ਹਾਂ। ਏਕਤਾ ਨਾਂ ਦਾ ਤਾਂ ਹੁਣ ਸਾਡੀ ਡਿਕਸ਼ਨਰੀ ਵਿਚ ਅੱਖਰ ਹੀ ਖ਼ਤਮ ਹੋ ਚੁੱਕਾ ਹੈ। ਵੋਟਿੰਗ ਪ੍ਰਣਾਲੀ ਅਨੁਸਾਰ ਸਿੱਖ ਸਮਾਜ ਵਿਚ ਜਿਹੜੀ ਪਾਰਟੀਬਾਜ਼ੀ ਤੇ ਧੜੇਬੰਦੀ ਅੱਜ ਆ ਚੁੱਕੀ ਹੈ, ਉਹ ਸਿੱਖ ਧਰਮ ਵਿਚ ਕੈਂਸਰ ਦੀ ਬੀਮਾਰੀ ਵਾਂਗੂ ਹੈ। ਪੱਗਾਂ ਦਾਹੜੀਆਂ ਤੇ ਹੱਥ ਫਿਰ ਕਿਰਪਾਨਾਂ ਦੀ ਵਰਤੋਂ ਆਮ ਨਜ਼ਰ ਆ ਰਹੀ ਹੈ। ਸ਼ਰਾਬ ਤੇ ਪੈਸੇ ਦੀ ਜੋ ਵਰਤੋਂ ਇਨ੍ਹਾਂ ਚੋਣਾਂ ਵਿਚ ਸਿੱਖ ਕਰ ਰਹੇ ਹਨ, ਉਹ ਕਿਸੇ ਤੋਂ ਛੁਪਿਆ ਹੋਇਆ ਨਹੀਂ ਹੈ। ਦਿੱਲੀ ਗੁਰਦੁਆਰਾ ਕਮੇਟੀ ਪੜ੍ਹੇ-ਲਿਖੇ ਸਿੱਖਾਂ ਤੇ ਸ਼ਹਿਰੀਆਂ ਦੀ ਚੁਣੀ ਹੋਈ ਹੈ। ਇਥੇ ਪ੍ਰਧਾਨ ਦੀ ਚੋਣ ਲਈ ਹਰ ਇਕ ਕਮੇਟੀ ਮੈਂਬਰ ਦੀ ਵੋਟ ਦਾ ਕੀ ਮੁੱਲ ਹੈ, ਆ ਕੇ ਆਪ ਵੇਖ ਲਵੋ। ਪ੍ਰਧਾਨ ਸਾਹਿਬ ਆਪਣੇ ਗਰੁੱਪ ਦੇ ਮੈਂਬਰਾਂ ਨੂੰ ਇਕ ਜਾਂ ਦੋ ਸਕੂਲ-ਕਾਲਜ ਰਿਸ਼ਵਤ ਵਜੋਂ ਦਿੰਦੇ ਹਨ ਕਿ ਜੋ ਕਮਾਈ ਕਰਨੀ ਹੈ ਕਰੋ ਪਰ ਵੋਟ ਮੈਨੂੰ ਪਾਵੋ।

ਮੈਂ ਜੋ ਲਿਖ ਰਿਹਾ ਹਾਂ ਉਹ ਕੀ ਦਰਸਾਉਂਦਾ ਹੈ ਕਿ ਸਾਨੂੰ ਸਿੱਖ ਸਿਧਾਂਤ ਦੀ ਸ਼ਰਧਾ ਨਹੀਂ ਕੇਵਲ ਗੁਰਦੁਆਰਾ ਕੰਟਰੋਲ ਪਿਆਰਾ ਹੈ—ਭਾਵ ਸਿੱਖ ਧਰਮ ਵੱਡਾ ਨਹੀਂ ਗੁਰਦੁਆਰਾ ਪ੍ਰਬੰਧ ਦੀ ਵਧੇਰੇ ਪਕੜ ਹੈ।

ਦੂਜਾ ਮਸਲਾ ਜੋ ਹੋਰ ਵੀ ਖ਼ਤਰਨਾਕ ਹੈ, ਉਸ ਨੂੰ ਸਮਝਣ ਦੀ ਲੋੜ ਹੈ। ਸ਼੍ਰੋਮਣੀ ਗੁਰਦੁਆਰਾ ਕਮੇਟੀ ਲਈ ਵੋਟਰ ਸੂਚੀ ਬਣਦੀ ਹੈ। ਇਸ ਦੇ ਆਧਾਰ ਤੇ ਚੋਣ ਹੁੰਦੀ ਹੈ। ਸਾਡੇ ਲੀਡਰ ਹਰ ਵਕਤ ਇਸ ਡਰ ਵਿਚ ਰਹਿੰਦੇ ਹਨ ਕਿ ਕਿਧਰੇ ਗੈਰ ਸਿੱਖ ਗੁਰਦੁਆਰੇ ਤੇ ਕਾਬਜ਼ ਨਾ ਹੋ ਜਾਣ। ਹਰ ਵਕਤ ਇਸ ਡਰ ਨਾਲ ਇਹ ਸਿੱਖ ਹੋਣ ਦੀ ਜੋ ਪ੍ਰਣਾਲੀ ਨੂੰ ਛੋਟਾ ਕਰਨ ਵਿਚ ਲੱਗੇ ਰਹਿੰਦੇ ਹਨ। ਹਰ ਵਾਰ ਕੋਈ ਵੱਡਾ ਤਬਕਾ ਸਿੱਖੀ ਤੋਂ ਖਾਰਜ ਕਰਨ ਦਾ ਇਨ੍ਹਾਂ ਦਾ ਉਪਰਾਲਾ ਰਿਹਾ ਹੈ। ਕਦੇ ਵਕਤ ਸੀ ਕਿ ਗੁਰੂ ਮਹਾਰਾਜ ਨੇ ਸਾਰੇ ਦੇਸ਼ ਵਿਚ ਆਪ ਜਾ ਕੇ ਆਮ ਲੋਕਾਂ ਤਕ ਨਾਮ ਦੀ ਦਾਤ ਦਿੱਤੀ—ਮੰਜੀਆਂ ਸਥਾਪਿਤ ਕੀਤੀਆਂ। ਸਾਰੇ ਭਾਰਤ ਵਿਚ ਤੇ ਅਫਗਾਨਿਸਤਾਨ ਵਿਚ ਗੁਰੂ ਨਾਨਕ ਨਾਮ ਲੇਵਾ ਵਧਣ ਲੱਗ ਪਏ ਸਨ। ਸਾਰਾ ਸਿੰਧ ਗੁਰੂ ਨਾਨਕ ਦਾ ਉਪਾਸ਼ਕ ਬਣ ਗਿਆ ਸੀ। ਬਿਨਾਂ ਕੇਸ਼ਧਾਰੀ ਤੋਂ ਵੀ ਗੁਰੂ ਨਾਨਕ ਦੇਵ ਜੀ ਨੂੰ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੇ ਕਰੋੜਾਂ ਲੋਕ ਸਨ। ਹਰ ਮਨੁੱਖ ਨੂੰ ਧਾਰਮਿਕ ਆਜ਼ਾਦੀ ਹੈ। ਹਰ ਕੋਈ ਆਪਣਾ ਇਸ਼ਟ ਆਪ ਚੁਣਦਾ ਹੈ। ਉਸਨੂੰ ਏਦਾਂ ਕਰਨ ਲਈ ਕਿਸੇ ਤੋਂ ਆਗਿਆ ਲੈਣ ਦੀ ਲੋੜ ਨਹੀਂ। ਸਿੱਖ ਗੁਰਦੁਆਰੇ ਦੇ ਚਾਰ ਦਰਵਾਜ਼ੇ ਇਸੇ ਸਿਧਾਂਤ ਨੂੰ ਦਰਸਾਉਂਦੇ ਹਨ। ਪਰ ਜਦ ਸ਼੍ਰੋਮਣੀ ਕਮੇਟੀ ਵਾਲੇ ਵੇਖਦੇ ਹਨ ਕਿ ਸੰਗਤ ਵਧ ਰਹੀ ਹੈ ਤਾਂ ਉਹ ਹੁਕਮ ਕੱਢ ਦਿੰਦੇ ਹਨ ਕਿ ਉਹ ਵੀ ਸਿੱਖ ਨਹੀਂ, ਉਸ ਨੂੰ ਵੀ ਸਿੱਖ ਅਖਵਾਉਣ ਦਾ ਹੱਕ



Namdhari Elibrary NamdhariElibrary@gmail.com

ਨਹੀਂ। ਮੈਨੂੰ ਤਾਂ ਇਹ ਡਰ ਹੈ ਕਿ ਕਿਧਰੇ ਭਾਈ ਨੰਦ ਲਾਲ ਦੀਆਂ ਕਵਿਤਾਵਾਂ ਤੇ ਵੀ ਪਾਬੰਦੀ ਨਾ ਲੱਗਾ ਦੇਣ ਕਿ ਉਹ ਭਾਈ ਨੰਦ ਸਿੰਘ ਕਿਉਂ ਨਹੀਂ ਬਣਿਆ। ਸਹਿਜਧਾਰੀ ਸਿੱਖ ਸਦੀਆਂ ਤੋਂ ਸਿੱਖ ਧਰਮ ਦਾ ਅਟੁੱਟ ਅੰਗ ਰਿਹਾ ਹੈ। ਮਾਸਟਰ ਤਾਰਾ ਸਿੰਘ ਹਰ ਸਾਲ ਸਹਿਜਧਾਰੀ ਸਿੱਖਾਂ ਦੀ ਕਾਨਫਰੰਸ ਕਰਵਾਉਂਦੇ ਸਨ। ਪਰ ਅੱਜ ਸ਼੍ਰੋਮਣੀ ਕਮੇਟੀ ਆਪਣੇ ਅਖੌਤੀ ਡਰ ਕਾਰਨ ਇਨ੍ਹਾਂ ਨੂੰ ਸਿੱਖ ਅਖਵਾਉਣ ਤੇ ਪਾਬੰਦੀ ਲਗਾ ਰਹੀ ਹੈ। ਰਬਾਬੀ ਮੁਸਲਮਾਨ ਦਰਬਾਰ ਸਾਹਿਬ ਕੀਰਤਨ ਕਰਦੇ ਸਨ, ਉਸ ਤੇ ਵੀ ਹੁਣ ਪਾਬੰਦੀ ਹੈ। ਇਹ ਅਧਿਕਾਰ ਕਿ ਕੋਈ ਮਨੁੱਖ ਕਿਸ ਧਰਮ ਵਿਚ ਹੈ, ਸ਼੍ਰੋਮਣੀ ਕਮੇਟੀ ਕੋਲ ਕਿਵੇਂ ਆ ਗਿਆ ਹੈ। ਮਨੁੱਖੀ ਆਜ਼ਾਦੀ ਦਾ ਅਸੀਂ ਘਾਣ ਕਰ ਰਹੇ ਹਾਂ। ਜਦ ਗੁਰਦੁਆਰਾ ਕਮੇਟੀ ਬਣੀ ਸੀ ਤਾਂ ਸਿੰਧੀਆਂ ਨੇ ਆਪਣੇ ਗੁਰਦੁਆਰੇ ਵੱਖਰੇ ਕੀਤੇ ਤੇ ਉਹ ਵੀ ਡਰ ਗਏ, ਕਿਧਰੇ ਕਮੇਟੀ ਉਨ੍ਹਾਂ ਤੇ ਕਬਜ਼ਾ ਨਾ ਕਰ ਲਵੇ। ਨਿਰਮਲੇ ਵੀ ਇਸੇ ਡਰ ਨਾਲ ਵੱਖਰੇ ਗਿਣੇ ਗਏ। ਨਾਮਧਾਰੀ ਹਰ ਸਮੇਂ ਕੀਰਤਨ ਵਿਚ ਮਗਨ ਰਹਿੰਦੇ ਹਨ, ਉਨ੍ਹਾਂ ਤੇ ਵੀ ਕਿੰਤੂ ਹੈ। ਰਾਧਾਸੁਆਮੀ ਪਹਿਲਾਂ ਗੁਰੂ ਗ੍ਰੰਥ ਦਾ ਪ੍ਰਕਾਸ਼ ਕਰਕੇ ਸ਼ਬਦ ਪੜ੍ਹਦੇ ਤੇ ਉਸ ਤੇ ਕਥਾ ਹੁੰਦੀ, ਉਹ ਅਸੀਂ ਬੰਦ ਕਰਵਾ ਦਿੱਤਾ—ਉਹ ਵੀ ਸਾਡੀ ਪਰਿਭਾਸ਼ਾ ਵਿਚ ਨਹੀਂ ਹਨ। ਮੇਰਾ ਲਿਖਣ ਦਾ ਭਾਵ ਹੈ ਕਿ ਸਿੱਖ ਧਰਮ ਦੀ ਪਕੜ ਕੋਈ ਨਾ ਕਰੇ ਕੇਵਲ ਸ਼੍ਰੋਮਣੀ ਕਮੇਟੀ ਦੇ ਆਦੇਸ਼ ਮੰਨੇ। ਮੈਂ ਪਿੱਛੇ ਜਿਹੇ ਇਕ ਬਿਆਨ ਦਿੱਤਾ ਸੀ ਕਿ ਸਿੱਖਾਂ ਬਾਰੇ ਫ਼ੈਸਲਾ ਜੱਜ ਤੇ ਕਚਿਹਰੀ ਕਿਵੇਂ ਕਰ ਸਕਦੀ ਹੈ। ਅਸੀਂ ਆਪਣੀ ਦਾੜ੍ਹੀ ਉਨ੍ਹਾਂ ਹੱਥ ਫੜਾ ਦਿੱਤੀ ਹੈ। ਜਿਵੇਂ ਅੱਜ ਇਹ ਵਿਚਰ ਰਹੇ ਹਨ, ਦਿਨ ਦੂਰ ਨਹੀਂ ਸਾਡੀ ਗਿਣਤੀ ਹੋਰ ਘਟ ਜਾਵੇਗੀ। ਸਾਰੇ ਧਰਮ ਫ਼ੈਲ ਰਹੇ ਹਨ ਤੇ ਉਹ ਹੋਰ ਵੱਧਣ ਵਿਚ ਲੱਗੇ ਹੋਏ ਹਨ। ਅਸੀਂ ਹਾਂ ਘੱਟ ਰਹੇ ਹਾਂ ਤੇ ਹਰ ਵਾਰ ਹੋਰ ਘੱਟਣ ਦੇ ਆਪ ਯਤਨ ਕਰ ਰਹੇ ਹਾਂ। ਇਹ ਖ਼ੁਦਕਸ਼ੀ, ਆਤਮ-ਹੱਤਿਆ ਕਦ ਤੱਕ ਸਿੱਖ ਸਮਾਜ ਬਰਦਾਸ਼ਤ ਕਰੇਗਾ। ਸਭ ਤੋਂ ਵੱਧ ਧਾਰਮਿਕ ਉਪਦੇਸ਼ ਗੁਰੂ ਨਾਨਕ ਦੇਵ ਜੀ ਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਵਰਗਾ ਕੋਈ ਨਹੀਂ। ਫਿਰ ਲੋਕ ਸਿੱਖ ਕਿਉਂ ਨਹੀਂ ਬਣਦੇ। ਪੰਜਾਬ ਵਿਚ ਵੀ ਈਸਾਈ ਵਧ ਰਹੇ ਹਨ—ਮੁਸਲਮਾਨਾਂ ਦੀ ਆਬਾਦੀ ਭਾਰਤ ਵਿਚ ਬੜੀ ਤੇਜ਼ੀ ਨਾਲ ਵਧੀ ਹੈ, ਇਸ ਦੇ ਮੁਕਾਬਲੇ ਅਸੀਂ ਘਟੇ ਹਾਂ। ਪਹਿਲਾਂ ਦੋ ਕਰੋੜ ਤੋਂ ਵੱਧ ਸਾਂ ਹੁਣ ਇਕ ਕਰੋੜ ਪਚੱਤਰ ਲੱਖ ਰਹਿ ਗਏ ਹਾਂ।

ਮੈਂ ਵਿਚਾਰ ਰੱਖ ਰਿਹਾ ਹਾਂ ਕਿ ਇਸ 'ਤੇ ਸਾਰੇ ਮਿਲ ਕੇ ਹੱਲ ਲੱਭਣ। ਗੁਰਦੁਆਰਾ ਕਮੇਟੀ ਵੱਡੀ ਨਹੀਂ ਸਿੱਖ ਧਰਮ ਵੱਡਾ ਹੈ—ਇਸ ਅਸੂਲ ਨੂੰ ਅਪਨਾਉ ਤੇ ਗੁਰੂ ਦੀਆਂ ਖੁਸ਼ੀਆਂ ਲਵੋ।

*ਬੀ-੫, ਜ਼ਾਕਰ ਹੁਸੈਨ ਮਾਰਗ*
*ਨਵੀਂ ਦਿੱਲੀ*

# ਰੁੱਤ ਬਸੰਤ ਹੈ ਆਈ !

*—ਬਲਦੇਵ ਮਾਧੋਪੁਰੀ*

ਸਾਇੰਸ ਦੇ ਇਸ ਜੁਗ ਵਿਚ ਮਸ਼ੀਨਰੀ ਬਹੁਤ ਹੋ ਗਈ ਹੈ, ਸਾਇੰਸਦਾਨਾਂ ਨੇ ਤੇਲ-ਪੈਟਰੋਲ ਦੇ ਦੱਬੇ ਹੋਏ ਖਜ਼ਾਨੇ ਲੱਭ ਲਏ ਹਨ। ਹੁਣ ਇਨ੍ਹਾਂ ਦਾ ਮਸ਼ੀਨਰੀ ਕਰਕੇ ਬਹੁਤ ਜ਼ਿਆਦਾ ਇਸਤੇਮਾਲ ਹੋਣ ਲੱਗ ਪਿਆ ਹੈ। ਤੇ ਇਸਦੇ ਨਾਲ ਪ੍ਰਦੂਸ਼ਣ ਬਹੁਤ ਵਧ ਗਿਆ ਹੈ। ਜਿਥੇ ਇਸ ਗੰਦੇ ਪ੍ਰਦੂਸ਼ਣ ਨੇ ਇਨਸਾਨਾਂ ਉਤੇ ਮਾੜੂ ਅਸਰ ਕੀਤਾ ਹੈ, ਉਥੇ ਇਸਨੇ ਕੁਦਰਤ ਨਾਲ ਵੀ ਦਸਤ-ਪੰਜਾ ਲਿਆ ਹੈ। ਅਖਬਾਰਾਂ ਵਿਚ ਰੋਜ਼ ਖਬਰਾਂ ਆ ਰਹੀਆਂ ਹਨ—ਕਿ ਠੰਢੇ ਮੁਲਕ ਗਰਮ ਹੋ ਰਹੇ ਹਨ, ਸਦੀਆਂ ਤੋਂ ਜੰਮੀ ਹੋਈ ਬਰਫ ਪਿਘਲ ਰਹੀ ਹੈ, ਗਰਮ ਮੁਲਕ ਹੋਰ ਗਰਮ ਹੋ ਰਹੇ ਹਨ, ਸਮੁੰਦਰ ਦਾ ਪਾਣੀ ਗਰਮ ਹੋ ਰਿਹਾ ਹੈ। ਰੁੱਤਾਂ ਵਿਚ ਵੀ ਪਰਿਵਰਤਨ ਹੋ ਰਿਹਾ ਹੈ।—ਕਈ ਸਿਆਣਿਆਂ ਦਾ ਅਨੁਮਾਨ ਹੈ ਕਿ ਜੇ ਇਸੇ ਤਰ੍ਹਾਂ ਹੀ ਪ੍ਰਦੂਸ਼ਣ ਵਿਚ ਵਾਧਾ ਹੁੰਦਾ ਗਿਆ, ਕਿਤੇ ਇਹ ਰੁੱਤਾਂ ਅੱਗੇ-ਪਿੱਛੇ ਹੀ ਨਾ ਹੋ ਜਾਣ।

ਪਰ ਇਉਂ ਹੋਣਾ ਸੰਭਵ ਨਹੀਂ, ਕਿਉਂਕਿ "ਉਹ ਸਭ ਦਾ ਮਾਲਕ-ਸਭ ਪਾਸੇ ਮੌਜੂਦ ਹੈ!" ਤੇ ਸਭ ਪਾਸੇ ਖਿਆਲ ਰੱਖਦਾ ਹੈ। ਉਹ ਕੁਦਰਤ ਦਾ ਸਮਤੋਲ ਵਿਗੜਨ ਨਹੀਂ ਦਿੰਦਾ। ਸਮੇਂ ਦੇ ਚੱਕਰ ਨੇ ਆਪਣੀ ਚਾਲੇ ਚੱਲੀ ਹੀ ਜਾਣਾ ਹੈ। ਧਰਤੀ ਨੇ ਚੌਵੀ ਘੰਟੇ ਵਿਚ ਸੂਰਜ ਦੁਆਲੇ ਚੱਕਰ ਕੱਟਣਾ ਹੀ ਕੱਟਣਾ ਹੈ। ਸਵੇਰ ਤੋਂ ਸ਼ਾਮ ਹੋਣੀ ਹੀ ਹੋਣੀ ਹੈ। ਤੇ ਫਿਰ ਸਵੇਰਾ ਜ਼ਰੂਰ ਹੀ ਆਉਣਾ ਹੈ। ਇਸੇ ਤਰ੍ਹਾਂ ਹੀ ਇਹ ਰੁੱਤਾਂ ਵੀ ਆਪਣੇ ਸਮੇਂ ਦੇ ਨਾਲ ਵਾਰੀ-ਵਾਰੀ ਆਉਣੀਆਂ ਹੀ ਹਨ। ਗਰਮੀ ਤੋਂ ਬਾਅਦ ਬਰਸਾਤ, ਬਰਸਾਤ ਤੋਂ ਬਾਅਦ ਖੁਸ਼-ਗਵਾਰ ਮੌਸਮ, ਤੇ ਫਿਰ ਸਰਦੀ। ਇਸ ਤੋਂ ਬਾਅਦ ਸੁਹਾਵਣਾ ਮੌਸਮ 'ਬਸੰਤ-ਰੁੱਤ' ਆਉਂਦਾ ਹੈ।

ਬਸੰਤ ਰੁੱਤ ਨੂੰ ਬਾਕੀ ਰੁੱਤਾਂ ਨਾਲੋਂ ਜ਼ਿਆਦਾ ਅਹਿਮੀਅਤ ਦਿੱਤੀ ਜਾਂਦੀ ਹੈ। ਇਸ ਰੁੱਤ ਵਿਚ ਬਨਸਪਤੀ ਫਲਦੀ-ਫੁੱਲਦੀ ਹੈ ਤੇ ਹਰ ਪਾਸੇ ਹਰਿਆਲੀ ਅਤੇ ਫੁੱਲਾਂ ਦਾ ਖੇੜਾ ਆਉਂਦਾ ਹੈ। ਦਰਖਤ ਮੌਲਦੇ ਹਨ ਤੇ ਫੁੱਲਾਂ ਵਿਚੋਂ ਤਰ੍ਹਾਂ ਤਰ੍ਹਾਂ ਦੀਆਂ ਖੁਸ਼ਬੋਆਂ ਮਨ ਨੂੰ ਮੁਗਧ ਕਰਦੀਆਂ ਹਨ। ਵੈਸੇ ਤਾਂ ਅੱਜਕਲ੍ਹ ਬਾਜ਼ਾਰਾਂ ਵਿਚੋਂ ਬਨਾਉਟੀ ਫੁੱਲ ਬੜੇ ਬੜੇ ਸੋਹਣੇ ਮਿਲ ਜਾਂਦੇ ਹਨ, ਪਰ ਕਿਸੇ ਨੇ ਲਿਖਿਆ ਹੈ—"ਸੱਚਾਈ ਛੁੱਪ ਨਹੀਂ ਸਕਦੀ ਬਨਾਵਟ ਕੇ ਅਸਲੋਂ ਨੇ...ਖ਼ੁਸ਼ਬੂ ਆ ਨਹੀਂ ਸਕਤੀ ਕਭੀ ਕਾਗਜ਼ ਕੇ ਫੂਲੋਂ ਸੇ!" ਵਾਕਿਆ ਈ ਬਾਜ਼ਾਰੀ ਫੁੱਲ ਭਾਵੇਂ ਕਿੰਨੇ ਵੀ ਵਧੀਆ ਹੋਣ, ਪਰ ਉਹ ਖ਼ੁਸ਼ਬੂ ਨਹੀਂ ਦੇ ਸਕਦੇ। ਇਹ ਮਹਿਕਾਂ ਤਾਂ ਕੁਦਰਤੀ ਫੁੱਲਾਂ ਨੇ ਹੀ ਬਖੇਰਨੀਆਂ ਹਨ। ਏਸੇ ਕਰਕੇ ਬਾਗ-ਬਗੀਚਿਆਂ ਵਿਚ ਹਰ ਤਰ੍ਹਾਂ ਦੇ ਫੁੱਲ ਲਗਾਏ ਜਾਂਦੇ ਹਨ। ਜਦੋਂ ਬੰਦਾ ਇਹਨਾਂ ਨੂੰ ਦੇਖਣ ਜਾਂਦਾ ਹੈ ਤਾਂ ਮਹਿਕਾਂ ਨਾਲ ਭਰਪੂਰ ਹੋ ਜਾਂਦਾ ਹੈ ਤੇ ਮਨ ਖੁਸ਼ੀਆਂ ਨਾਲ ਭਰ ਜਾਂਦਾ ਹੈ।



Namdhari Elibrary NamdhariElibrary@gmail.com

ਜੋ ਖਾਇਆ ਸਭ ਹਜ਼ਮ-ਇਹ ਮੌਸਮ ਐਸਾ ਹੈ, ਜਿੰਨੀ ਮਰਜ਼ੀ ਭਾਰੀ ਚੀਜ਼ (ਯਾਨੀ ਘਿਓ ਵਗੈਰਾ) ਖਾ ਲਓ, ਹਜ਼ਮ ਹੋ ਜਾਂਦੀ ਹੈ। ਇਸੇ ਕਰਕੇ ਲੋਕ ਦੇਸੀ ਘਿਓ ਦੀਆਂ ਪਿੰਨੀਆਂ ਬਣਾ ਕੇ, ਵਿਚ ਖੁਸ਼ਕ ਮੇਵੇ ਪਾ ਕੇ ਬੜੇ ਚਾਵਾਂ ਨਾਲ ਖਾਂਦੇ ਹਨ। ਤੇ ਇਹ ਪਿੰਨੀਆਂ ਆਪਣਾ ਰੰਗ ਵੀ ਵਿਖਾਉਂਦੀਆਂ ਹਨ। ਬੰਦੇ ਦਾ ਸਰੀਰ ਸੁਡੌਲ ਬਣਦਾ ਹੈ ਤੇ ਤਾਕਤ ਪੈਦਾ ਹੁੰਦੀ ਹੈ। ਇਸ ਮੌਸਮ ਵਿਚ ਹਰ ਤਰ੍ਹਾਂ ਦਾ ਫਰੂਟ ਹੁੰਦਾ ਹੈ, ਜੂਸ ਪੀਣ ਨਾਲ ਬੰਦੇ ਦੇ ਖੂਨ ਵਿਚ ਲਾਲੀ ਆਉਂਦੀ ਹੈ ਤੇ ਖੂਨ ਦੀ ਮਾਤਰਾ ਵਿਚ ਵਾਧਾ ਹੁੰਦਾ ਹੈ। ਸਰਦੀਆਂ ਦੀਆਂ ਸਬਜ਼ੀਆਂ ਵਿਟਾਮਿਨ ਭਰਪੂਰ ਹੁੰਦੀਆਂ ਹਨ। ਸਾਰੀਆਂ ਸਬਜ਼ੀਆਂ, ਜਿਵੇਂ ਗਾਜਰ-ਆਲੂ-ਮਟਰ-ਗੋਭੀ ਇਕੱਠਿਆਂ ਕਰਕੇ ਸਬਜ਼ੀ ਚਾੜ੍ਹੀ ਜਾਵੇ ਤਾਂ ਇਹ ਖਾਣ ਨੂੰ ਬਹੁਤ ਸਵਾਦਲੀ ਹੁੰਦੀ ਹੈ...ਜੇ ਕਿਤੇ ਵਿਚ ਦੇਸੀ ਘਿਓ ਰਲਾ ਕੇ ਖਾਧੀ ਜਾਵੇ ਤਾਂ ਮਜ਼ਾ ਹੀ ਆ ਜਾਂਦਾ ਹੈ। ਇਸ ਮੌਸਮ ਵਿਚ ਹਰੀਆਂ ਸਬਜ਼ੀਆਂ ਦਾ ਜ਼ਿਆਦਾ ਸੇਵਨ ਕਰਨਾ ਚਾਹੀਦਾ ਹੈ। ਦੁਨੀਆਂ ਭਰ ਵਿਚ ਮਸ਼ਹੂਰ ਸਰ੍ਹੋਂ ਦਾ ਸਾਗ ਇਸ ਰੁੱਤ ਦਾ ਤੋਹਫ਼ਾ ਹੈ...ਤੇ ਮੱਕੀ ਦੀ ਰੋਟੀ ਤੇ ਉਪਰ ਮੱਖਣ ਦਾ ਪੇੜਾ-ਕਯਾ ਕਹਿਣੇ!

ਲੋਹੜੀ ਗਈ ਤੇ ਮਾਘੀ ਆਈ,ਲੋਕਾਂ ਰਲ ਕੇ ਖੂਬ ਮਨਾਈ।
ਸਰਦੀ ਗਈ ਤੇ ਆਈ ਬਸੰਤ ਪਾਲਾ ਸਮਝੋ ਹੋਇਆ ਉਡੰਤ।

ਸਰਦੀ ਦੀ ਠੁਰ-ਠੁਰ ਤੋਂ ਬਾਅਦ ਇਹ ਬਸੰਤ ਦਾ ਮੌਸਮ ਵੱਡੇ ਦਿਨਾਂ ਦੀ ਆਮਦ ਲੈਕੇ ਆਉਂਦਾ ਹੈ। ਇਸ ਮੌਸਮ ਵਿਚ ਮੇਲੇ ਬਹੁਤ ਲੱਗਦੇ ਹਨ। ਲੋਕ ਬੜੇ ਚਾਵਾਂ ਨਾਲ ਧਾਰਮਕ ਅਸਥਾਨਾਂ ਅਤੇ ਗੁਰ-ਧਾਮਾਂ ਨੂੰ ਜਾਂਦੇ ਹਨ ਤੇ ਉਥੇ ਕਈ-ਕਈ ਦਿਨ ਰਹਿ ਕੇ ਆਪਣੀ ਆਬੋ-ਹਵਾ ਬਦਲਦੇ ਹਨ। ਤੇ ਪ੍ਰਸੰਨ-ਚਿਤ ਹੋ ਕੇ ਘਰਾਂ ਨੂੰ ਪਰਤਦੇ ਹਨ। ਪਰ ਇਹ ਸਭ ਹੈ—ਮੇਲਾ ਮੇਲੀਆਂ ਦਾ ਪੈਸਾ ਧੇਲੀਆਂ ਦਾ। ਗੁਰਬਾਣੀ ਵਿਚ ਬਸੰਤ ਰੁੱਤ ਦੀ ਬੜੀ ਉਸਤਤ ਕੀਤੀ ਗਈ ਹੈ। ਇਨ੍ਹਾਂ ਦਿਨਾਂ ਵਿਚ ਰਾਗੀ 'ਬਸੰਤ ਰਾਗ' ਬਹੁਤ ਗਾਉਂਦੇ ਹਨ—"ਬਸੰਤ ਚੜਿਆ ਫੂਲੀ ਬਨਰਾਇ॥ ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ॥" ਜਦੋਂ ਬਸੰਤ ਆਪਣੇ ਪੂਰੇ ਜੋਬਨ ਤੇ ਹੁੰਦੀ ਹੈ, ਉਦੋਂ ਹਰ ਪਾਸੇ ਹਰਿਆਲੀ ਹੀ ਹਰਿਆਲੀ ਅਤੇ ਪੀਲੇ ਫੁੱਲਾਂ ਨਾਲ ਲੱਦੇ ਸਰ੍ਹੋਂ ਦੇ ਬੂਟੇ ਬਹੁਤ ਮਨਮੋਹਣੇ ਲੱਗਦੇ ਹਨ। ਮਾਲੀ ਬਗੀਚਿਆਂ ਵਿਚ ਤਰ੍ਹਾਂ ਤਰ੍ਹਾਂ ਦੇ ਫੁੱਲ ਬੀਜਦਾ ਹੈ, ਤੇ ਜਦੋਂ ਫੁੱਲ ਖਿੜਦੇ ਹਨ, ਦੇਖ ਕੇ ਬਾਗ-ਬਾਗ ਹੋ ਜਾਂਦਾ ਹੈ।

ਬਸੰਤ ਦੇ ਦਿਨਾਂ ਵਿਚ ਅਗਰ ਪਤੰਗਾਂ ਦੇ ਉਡਾਉਣ ਦੀ ਗੱਲ ਨਾ ਕਰੀਏ ਤਾਂ ਠੀਕ ਨਹੀਂ ਹੋਵੇਗਾ। ਨਿਆਣੇ ਭਾਵੇਂ ਪਤੰਗ ਚੜ੍ਹਾਉਣ ਨਾ ਵੀ ਜਾਣਦੇ ਹੋਣ, ਪਰ ਮਾਪਿਆਂ ਕੋਲੋਂ ਜ਼ਿੱਦ ਨਾਲ ਪੈਸੇ ਲੈ ਕੇ ਪਤੰਗ ਜ਼ਰੂਰ ਹੱਟੀਓਂ ਲਿਆਉਂਦੇ ਹਨ। ਪਤੰਗਬਾਜ਼ੀ ਤਾਂ ਹੁਣ ਸ਼ਾਇਦ ਅੰਮ੍ਰਿਤਸਰ ਤੇ ਲਾਹੌਰ ਵਿਚ ਹੀ ਰਹਿ ਗਈ ਹੈ। ਬਗੈਰ ਟਰਿੱਕ ਤੋਂ ਤਾਂ ਬੋਅ-ਕਾਟਾ ਵੀ ਨਹੀਂ ਹੁੰਦਾ। ਫਿਰ ਵੀ ਪਿੰਡਾਂ-ਸ਼ਹਿਰਾਂ ਵਿਚ ਉਚੇ ਪਤੰਗ ਉਡਦੇ ਦਿਖਾਈ ਦਿੰਦੇ ਹਨ।

ਇਤਿਹਾਸਕ ਪੱਖੋਂ ਬਸੰਤ ਦੇ ਇਨ੍ਹਾਂ ਦਿਨਾਂ ਵਿਚ ਵੀਰ ਹਕੀਕਤ ਰਾਏ ਵਰਗੇ ਸੂਰਬੀਰ ਨੂੰ ਮਜ਼ਹਬੀ ਝੇੜਿਆਂ ਕਰਕੇ ਮਾਮੂਲੀ ਗੱਲ ਬਦਲੇ ਕੁਰਬਾਨੀ ਦੇਣੀ ਪਈ ਸੀ। ਸ. ਭਗਤ ਸਿੰਘ ਨੇ ਵੀ ਕਿਹਾ ਸੀ-ਮੇਰਾ ਰੰਗ ਦੇ ਬਸੰਤੀ ਚੋਲਾ, ਮਾਏ ਮੇਰਾ ਰੰਗ ਦੇ ਬਸੰਤੀ ਚੋਲਾ। ਉਨ੍ਹਾਂ ਵੀ ਮੌਤ ਨੂੰ ਆਪਣੀ ਲਾੜੀ ਸਮਝਿਆ ਤੇ ਦੇਸ਼ ਅਜ਼ਾਦ ਕਰਾਉਣ ਬਦਲੇ ਹੱਸ ਹੱਸ ਕੇ ਕੁਰਬਾਨੀ ਦਿੱਤੀ।

ਸਿਆਣਿਆਂ ਦਾ ਕਥਨ ਹੈ-ਜਦੋਂ ਏਸ ਧਰਤੀ ਉਤੇ ਜ਼ੁਲਮਾਂ ਦੀ ਇੰਤਹਾ ਹੋ ਜਾਂਦੇ, ਫਿਰ ਅਕਾਲ-ਪੁਰਖ ਕੋਈ ਨਾ ਕੋਈ ਗੁਰੂ-ਪੀਰ-ਅਵਤਾਰ-ਔਲੀਆਂ ਇਥੇ ਭੇਜਦਾ ਹੈ, ਜਿਹੜਾ ਕਿ ਹੋ ਰਹੇ ਜ਼ੁਲਮਾਂ ਦਾ ਨਾਸ਼ ਕਰਦਾ ਹੈ। ਬਾਬਰ ਦੇ ਰਾਜ ਵੇਲੇ ਗੁਰੂ ਨਾਨਕ ਨੇ ਅਵਤਾਰ ਧਾਰ ਕੇ ਉਸਦੇ ਜ਼ੁਲਮਾਂ ਦਾ ਨਾਸ਼ ਕੀਤਾ। ਔਰੰਗਜ਼ੇਬ ਦੇ ਰਾਜ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਅਕਾਲ-ਪੁਰਖ ਨੇ ਭੇਜਿਆ। ਉਨ੍ਹਾਂ ਨੇ ਧਰਮ ਦੀ ਖਾਤਰ ਅਤੇ ਹੋ ਰਹੇ ਜ਼ੁਲਮਾਂ ਦਾ ਡਟ ਕੇ ਮੁਕਾਬਲਾ ਕੀਤਾ ਤੇ ਸਰਬੰਸ ਵਾਰ ਦਿੱਤਾ। ਇਸ ਤੋਂ ਬਾਅਦ ਅੰਗਰੇਜ਼ ਕੌਮ ਹਿੰਦੋਸਤਾਨ ਵਿਚ ਦਾਖਲ ਹੋ ਗਈ। ਉਸਨੇ ਸਾਰੇ ਹਿੰਦੋਸਤਾਨ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਤੇ ਆਪਣੀਆਂ ਮਨ-ਆਈਆਂ ਕਰਨ ਲੱਗ ਪਏ। ਤੇ ਜ਼ੁਲਮਾਂ ਦੀ ਹੱਦ ਕਰ ਦਿੱਤੀ। ਉਨ੍ਹਾਂ ਦਾ ਰਾਜ ਪੂਰੇ ਜੋਬਨ ਤੇ ਸੀ। ਉਦੋਂ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਦੀ ਧਰਤੀ-ਪਿੰਡ ਭੈਣੀ ਵਿਖੇ ਬਸੰਤ ਵਾਲੇ ਦਿਨ ਅਵਤਾਰ ਧਾਰਿਆ। ਏਸੇ ਕਰਕੇ ਉਨ੍ਹਾਂ ਨੂੰ ਬਸੰਤ ਦਾ ਅਵਤਾਰ ਕਹਿੰਦੇ ਹਨ। ਉਨ੍ਹਾਂ ਨੇ ਨਾਮਧਾਰੀ ਪੰਥ ਚਲਾਇਆ। ਅਲੋਪ ਹੋ ਰਹੀ ਸਿੱਖੀ ਨੂੰ ਮੁੜ ਤੋਂ ਸੁਰਜੀਤ ਕੀਤਾ। ਅੰਗਰੇਜ਼ਾਂ ਦਾ ਕਹਿਣਾ ਨਹੀਂ ਮੰਨਿਆ, ਸਗੋਂ ਆਪਣਾ ਹੀ ਸਾਰਾ ਪ੍ਰਬੰਧ ਕੀਤਾ। ਏਸ ਪ੍ਰਬੰਧ ਤੋਂ ਗੋਰੀ ਸਰਕਾਰ ਬਹੁਤ ਔਖੀ ਸੀ। ਹੁਕਮ-ਅਦੂਲੀ ਕਰਨ ਵਾਲੇ ਬਹੁਤ ਸਾਰੇ ਨਾਮਧਾਰੀਆਂ ਨੂੰ ਗੋਲੀਆਂ ਨਾਲ ਭੁੰਨਿਆ, ਫਾਂਸੀਆਂ ਦਿੱਤੀਆਂ, ਤੇ ਤੋਪਾਂ ਨਾਲ ਉਡਾਏ ਗਏ। ਆਖਰ ਕੋਈ ਵਾਹ-ਪੇਸ਼ ਨਾ ਜਾਂਦੀ ਵੇਖ ਕੇ ਅੰਗਰੇਜ਼ਾਂ ਨੇ ਸਤਿਗੁਰੂ ਜੀ ਨੂੰ ਦੇਸ਼ ਨਿਕਾਲਾ ਦੇ ਦਿੱਤਾ ਤੇ ਰੰਗੂਨ ਜ਼ੇਲ੍ਹ ਵਿਚ ਡੱਕ ਦਿੱਤਾ। ਤੇ ਫਿਰ ਲਾਪਤਾ ਕਰ ਦਿੱਤਾ। ਨਾਮਧਾਰੀ ਪੰਥ ਦਾ ਵਿਸ਼ਵਾਸ ਹੈ ਕਿ ਸਤਿਗੁਰੂ ਰਾਮ ਸਿੰਘ ਕਿਸੇ ਨਾ ਕਿਸੇ ਜਾਮੇ ਵਿਚ ਆ ਕੇ—ਉਡੀਕ ਕਰਦੀ ਸੰਗਤ ਨੂੰ-ਜ਼ਰੂਰ ਦਰਸ਼ਨ ਦੇਣਗੇ। ਨਾਮਧਾਰੀ ਬਸੰਤ ਦੇ ਦਿਨ ਨੂੰ-ਸਤਿਗੁਰਾਂ ਦਾ ਜਨਮ-ਦਿਨ ਮੰਨ ਕੇ ਬਹੁਤ ਖੁਸ਼ੀਆਂ ਨਾਲ ਮਨਾਉਂਦੇ ਹਨ, ਪਰ ਇਕ ਨਾਮਧਾਰੀ ਕਵੀ ਨੇ ਆਪਣੀ ਕਵਿਤਾ ਵਿਚ ਸਤਿਗੁਰੂ ਜੀ ਦੇ ਵਿਛੋੜੇ ਦੇ ਸੱਲ ਵਿਚੋਂ ਬਸੰਤ ਇਓਂ ਬਿਆਨ ਕੀਤੀ ਹੈ :-

"ਰੰਗ-ਬਰੰਗੀ ਸਾੜ੍ਹੀ ਪਾ ਕੇ, ਰੁੱਤ ਬਸੰਤ ਹੈ ਆਈ।
ਹਰ ਪੱਤ ਡਾਲ੍ਹੀ ਜੀਵ ਜੰਤ ਤੇ, ਜੋਬਨ ਨਵਾਂ ਲਿਆਈ।
ਰੁੱਤਾਂ ਵਿਚੋਂ ਰੁੱਤ ਅਨੋਖੀ, ਜਿਸਨੇ ਸਭ ਨੂੰ ਮੋਹਿਆ;
ਪਰ ਓਸ ਚੀਨੀ ਵਾਲੇ ਬਾਝੋਂ, ਗੁਰਦੀਪ ਦੇ ਮਨ ਨਾ ਭਾਈ।"



Namdhari Elibrary NamdhariElibrary@gmail.com

# "ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ" ਇਕ ਦਸਤਾਵੇਜ਼ੀ ਪੁਸਤਕ

*—ਡਾ. ਮਨਜੀਤ ਸਿੰਘ ਐਮ.ਪੀ.*

'ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ' ਤਾਰਾ ਸਿੰਘ ਅਨਜਾਣ ਹੁਰਾਂ ਦੀ ਸੰਨ ੨੦੦੮ ਵਿਚ ਪ੍ਰਕਾਸ਼ਿਤ ਹੋਈ ਇਕ ਮਹੱਤਵਪੂਰਨ ਇਤਿਹਾਸ-ਪੁਸਤਕ ਹੈ। ਪੁਸਤਕ ਦੇ ਸਿਰਲੇਖ ਦੇ ਐਨ ਅਨੁਕੂਲ ਇਸ ਵਿਚ ਭਾਰਤ ਦੀ ਜੰਗ-ਏ-ਆਜ਼ਾਦੀ ਦੇ ਮਹਾਨਾਇਕ ਅਤੇ ਧਾਰਮਕ ਅਧਿਆਤਮਕ ਆਗੂ ਸਤਿਗੁਰੂ ਰਾਮ ਸਿੰਘ ਜੀ ਦੀ ਕਥਨੀ, ਕਰਨੀ, ਉਪਦੇਸ਼ਾਂ ਅਤੇ ਉਨ੍ਹਾਂ ਦੁਆਰਾ ਅਰੰਭ ਕੀਤੀ ਗਈ ਕੂਕਾ ਲਹਿਰ ਦੇ ਉਦੇਸ਼ਾਂ, ਪ੍ਰਭਾਵਾਂ ਤੇ ਸੰਘਰਸ਼ਾਂ ਦਾ ਜਗਦਾ-ਮੱਘਦਾ ਬਿੰਬ ਸਿਰਜਿਆ ਗਿਆ ਹੈ। ਗੌਰਤਲਬ ਹੈ ਕਿ ਇਸ ਦਸਤਾਵੇਜ਼ੀ ਪੁਸਤਕ ਦਾ ਪ੍ਰਕਾਸ਼ਨ, ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੇ ਪ੍ਰਕਾਸ਼ਨ ਵਿਭਾਗ ਨੇ ਬੜੀ ਸ਼ਿੱਦਤ ਨਾਲ ਕੀਤਾ ਹੈ। ਲੋੜ ਮੁਤਾਬਕ, ਸਤਿਗੁਰੂ ਰਾਮ ਸਿੰਘ ਜੀ ਦੀਆਂ ਜੀਵਨ ਝਲਕੀਆਂ ਨੂੰ ਪੇਸ਼ ਕਰਨ ਵਾਲੀਆਂ ਬਹੁ-ਰੰਗਦਾਰ ਤਸਵੀਰਾਂ ਅਤੇ ਕੁਝ ਜ਼ਰੂਰੀ ਦਸਤਾਵੇਜ਼ਾਂ ਦੀਆਂ ਫ਼ੋਟੋ-ਕਾਪੀਆਂ ਵੀ ਇਥੇ ਦਰਜ ਕੀਤੀਆਂ ਗਈਆਂ ਹਨ। ਕੂਕਾ ਲਹਿਰ ਦਾ ਸਿਆਸੀ-ਸਮਾਜਕ ਤੇ ਅਧਿਆਤਮਕ ਯੋਗਦਾਨ ਅਨਜਾਣ ਹੁਰਾਂ ਦਾ ਸ਼ੁਰੂ ਤੋਂ ਹੀ ਪਸੰਦੀਦਾ ਵਿਸ਼ਾ ਰਿਹਾ ਹੈ। 'ਸਭਹਨ ਕੇ ਸਿਰਮੌਰ', 'ਸਾਹਿਬ ਗੁਣੀ ਗਹੇਰਾ', 'ਸ਼ਹੀਦ ਬਾਬਾ ਲਹਿਣਾ ਸਿੰਘ' ਅਤੇ 'ਨਾਮਧਾਰੀ ਇਤਿਹਾਸ : ਸੰਖੇਪ' ਆਦਿ ਪੁਸਤਕਾਂ ਤੋਂ ਇਸ ਵਿਚਾਰ ਦੀ ਸਹਿਜੇ ਹੀ ਪੁਸ਼ਟੀ ਹੋ ਜਾਂਦੀ ਹੈ। ਅਨਜਾਣ ਹੁਰਾਂ ਦੀਆਂ ਇਨ੍ਹਾਂ ਪੁਸਤਕਾਂ ਨੂੰ ਘੋਖਣ-ਪਰਖਣ ਦਾ ਮੌਕਾ ਮੈਨੂੰ ਅਕਸਰ ਮਿਲਦਾ ਰਿਹਾ ਹੈ। ਘੋਖਣ-ਪਰਖਣ ਦੀ ਇਸ ਪ੍ਰਕਿਰਿਆ ਵਿਚ ਅਚੇਤੇ-ਸੁਚੇਤੇ ਇਸ ਵਿਸ਼ੇ ਵਿਚ ਮੇਰੀ ਰੁਚੀ ਵੀ ਨਿਰੰਤਰ ਵੱਧਦੀ ਰਹੀ ਹੈ। ਸ਼ੰਕਾ ਨਵਿਰਤੀ ਲਈ 'ਵਰਤਮਾਨ ਹਿੰਦੁਸਤਾਨ' ਪਤ੍ਰਿਕਾ ਦੇ ਸੰਪਾਦਕ ਸ. ਸਰਬ ਸ਼ਕਤੀਮਾਨ ਜੀ ਅਕਸਰ ਬਹੁੜਦੇ ਰਹੇ ਹਨ ਅਤੇ ਮੈਨੂੰ ਇਸ ਵਿਸ਼ੇ ਉਪਰ ਹੋਰ ਪੁਸਤਕਾਂ ਪੜ੍ਹਨ ਲਈ ਪ੍ਰੇਰਦੇ ਰਹੇ ਹਨ।

ਖ਼ੈਰ! ਚਰਚਾ ਅਧੀਨ ਪੁਸਤਕ ਜਦੋਂ ਮੇਰੇ ਹੱਥ ਲੱਗੀ ਤਾਂ ਪਹਿਲਾਂ ਪ੍ਰਭਾਵ ਇਹੀ ਪਿਆ ਕਿ ਇਹ ਪੁਸਤਕ ਅਨਜਾਣ ਹੁਰਾਂ ਦੀਆਂ ਇਸ ਵਿਸ਼ੇ ਨਾਲ ਸਬੰਧਤ ਪਹਿਲੀਆਂ ਪੁਸਤਕਾਂ ਦਾ ਹੀ ਵਿਸਤਾਰ ਮਾਤਰ ਹੋਵੇਗੀ। ਪਰ, ਪੁਸਤਕ ਦੇ ਡੂੰਘੇ ਅਧਿਐਨ ਨਾਲ ਮੇਰੇ ਇਸ ਪ੍ਰਭਾਵ ਦੇ ਟੁੱਟਣ ਵਿਚ ਰਤਾ ਵੀ ਢਿੱਲ ਨਾ ਲੱਗੀ। ਸਬੰਧਤ ਵਿਸ਼ੇ ਉਪਰ ਭਿੰਨ ਭਿੰਨ ਸਰੋਤਾਂ ਤੋਂ ਪ੍ਰਾਪਤ ਹੋਈ ਸਮੱਗਰੀ ਨੂੰ ਆਧਾਰ ਬਣਾਉਂਦਿਆਂ ਖੋਜ-ਵਿਧੀ (Research Methodology) ਦਾ ਅਨੁਸਰਣ ਕਰਦਿਆਂ ਅਤੇ ਤੱਥਾਂ ਦੀ ਪੁਣ-ਛਾਣ ਕਰਦਿਆਂ ਅਨਜਾਣ ਹੁਰਾਂ ਨੇ ਇਥੇ ਕੂਕਾ ਲਹਿਰ ਦੇ ਇਤਿਹਾਸ ਦਾ ਬਾਖੂਬੀ ਨਿਰਮਾਣ ਕੀਤਾ ਹੈ। ਉਹ ਇਸ ਕਾਰਜ ਵਿਚ ਕਿੱਥੋਂ ਤੀਕ ਸਫਲ ਹੋਏ ਹਨ, ਇਹ ਆਪਣੇ ਆਪ ਵਿਚ ਵਿਚਾਰਯੋਗ ਇਕ ਅਹਿਮ ਮਸਲਾ ਹੈ।

ਇਸ ਮਸਲੇ ਦੇ ਰੂਬਰੂ ਹੋਣ ਤੋਂ ਪਹਿਲਾਂ, ਇਤਿਹਾਸ ਦੀ ਪ੍ਰਕਿਰਤੀ, ਪ੍ਰਯੋਜਨ ਅਤੇ ਇਸਦੇ ਹੋਰ ਸਿਧਾਂਤਕ ਪਹਿਲੂਆਂ ਨਾਲ ਜੁੜਨਾ ਲਾਜ਼ਮੀ ਮਹਿਸੂਸ ਹੋ ਰਿਹੈ। ਸੰਸਾਰ ਪ੍ਰਸਿੱਧ ਇਤਿਹਾਸ-ਸ਼ਾਸਤਰੀ ਸਰ ਈ. ਐਚ. ਕਾਰ (E. H. Carr) ਨੇ ਆਪਣੀ ਪੁਸਤਕ What is History ? ਵਿਚ ਇਤਿਹਾਸ ਦੇ ਸਿਧਾਂਤਕ ਪਹਿਲੂਆਂ ਅਤੇ ਇਤਿਹਾਸਕਾਰ ਦੀ ਭੂਮਿਕਾ ਉਪਰ ਟਿੱਪਣੀਆਂ ਕਰਦਿਆਂ ਸਪੱਸ਼ਟ ਕੀਤਾ ਹੈ ਕਿ "it is (history) a continous process of interaction between the historian and his facts, as unending dialouge between the present and the past (P.30) ਭਾਵ ਇਤਿਹਾਸ ਇਕ ਤਰਫ, ਇਤਿਹਾਸਕਾਰ ਤੇ ਉਸਦੇ ਤੱਥਾਂ ਵਿਚਾਲੇ ਇਕ ਨਿਰੰਤਰ ਅੰਤਰ-ਕਿਰਿਆ ਹੈ ਅਤੇ ਦੂਸਰੀ ਤਰਫ ਵਰਤਮਾਨ ਅਤੇ ਅਤੀਤ ਵਿਚਕਾਰ ਕਦੇ ਨਾ ਖਤਮ ਹੋਣ ਵਾਲਾ ਸੰਵਾਦ ਹੈ। ਇਸ ਸਬੰਧ ਵਿਚ ਡਾ. ਤਰਲੋਕ ਸਿੰਘ ਕੰਵਰ ਹੁਰਾਂ ਦਾ ਇਹ ਪ੍ਰਸਤਾਵ ਵੀ ਖਾਸਾ ਮਾਅਨਾਖੇਜ਼ ਹੈ ਕਿ 'ਇਤਿਹਾਸਕਾਰ ਦਾ ਕੰਮ ਕੇਵਲ ਅਤੀਤ-ਕਾਲ ਨਾਲ ਸਬੰਧਤ ਤੱਥਾਂ ਤੇ ਘਟਨਾਵਾਂ ਨੂੰ ਲੜੀਬੱਧ ਕਰਨਾ ਹੀ ਨਹੀਂ ਸਗੋਂ ਉਨ੍ਹਾਂ ਨੂੰ ਜੀਵੰਤ ਤੇ ਗਤੀਸ਼ੀਲ ਰੂਪਾਂਤਰਣ ਵਿਚ ਉਜਾਗਰ ਕਰਨਾ ਵੀ ਹੈ। ਇਸੇ ਰੂਪਾਂਤਰਣ ਵਿਧੀ ਦੁਆਰਾ ਹੀ ਇਤਿਹਾਸਕਾਰ ਬੀਤ ਚੁੱਕੇ ਨੂੰ ਸਮਕਾਲੀਨਤਾ ਦਾ ਹਾਣੀ ਬਣਾਉਂਦਾ ਹੈ। (ਸਾਹਿਤ ਅਧਿਐਨ ਦੇ ਬਦਲਦੇ ਪਰਿਪੇਖ (੧੯੯੮) ਪੰਨਾ ੧੪੦), ਇਸ ਸਬੰਧ ਵਿਚ ਉਨ੍ਹਾਂ ਦਾ ਇਹ ਕਹਿਣਾ ਵੀ ਠੀਕ ਹੈ ਕਿ ਇਤਿਹਾਸਕਾਰ ਰਚੈਤਾ ਹੁੰਦਾ ਹੈ। ਤੱਥ (Facts) ਤੇ ਘਟਨਾਵਾਂ, ਉਸਦੀ ਸਮੱਗਰੀ ਹਨ। ਇਉਂ ਉਹ ਬੀਤ ਚੁੱਕੇ ਜ਼ਮਾਨੇ ਦੇ ਤੱਥਾਂ ਤੇ ਘਟਨਾਵਾਂ ਨੂੰ ਵਰਤਮਾਨ ਨਾਲ ਜੋੜ ਕੇ, ਉਨ੍ਹਾਂ ਨੂੰ ਇਕ ਜੀਵੰਤ ਤੇ ਗਤੀਸ਼ੀਲ ਰੂਪਾਂਤਰਣ ਵਿਚ ਉਜਾਗਰ ਕਰਨ ਵੱਲ ਰੁਚਿਤ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਤਾਰਾ ਸਿੰਘ ਅਨਜਾਣ ਹੁਰਾਂ ਦੀ ਚਰਚਾ ਅਧੀਨ ਇਤਿਹਾਸ-ਪੁਸਤਕ ਨੂੰ ਸਹਿਜੇ ਹੀ ਇਕ ਸਫਲ ਤਜਰਬਾ ਕਿਹਾ ਜਾ ਸਕਦਾ ਹੈ। ਇਸ ਵਿਚ ਸੰਦੇਹ ਵਾਲੀ ਕੋਈ ਗੱਲ ਨਹੀਂ ਕਿ ਉਨ੍ਹਾਂ ਨੇ ਪੂਰੀ ਸ਼ਰਧਾ-ਭਾਵਨਾ ਨਾਲ, ਆਪਣੇ



Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨਗਤ-ਵੇਰਵਿਆਂ, ਸ਼ਖ਼ਸੀਅਤ ਦੇ ਭਿੰਨ ਭਿੰਨ ਪਹਿਲੂਆਂ ਸੰਘਰਸ਼ਾਂ ਨਾਲ ਜੁੜੇ ਤੱਥਾਂ ਤੇ ਘਟਨਾਵਾਂ ਨੂੰ ਅਤੇ ਕੂਕਾ ਲਹਿਰ ਦੇ ਉਦੇਸ਼ਾਂ, ਪ੍ਰਾਪਤੀਆਂ ਤੇ ਸੰਘਰਸ਼ਾਂ ਨੂੰ ਬਾਖ਼ੂਬੀ ਰੂਪਾਂਤਰਣ ਦੇ ਕੇ ਇਸ ਲਹਿਰ ਦਾ ਭਰਵਾਂ ਬਿੰਬ ਉਸਾਰਣ ਦਾ ਯਤਨ ਕੀਤਾ ਹੈ। ਸਿਰਫ ਇੱਥੇ ਹੀ ਬੱਸ ਨਹੀਂ ਪੁਸਤਕ ਦੇ ਪਹਿਲੇ ਅਧਿਆਏ 'ਪੂਰਵ ਪ੍ਰਸਥਿਤੀਆਂ ਵਿਚ ਇਸ ਸਿਆਸੀ ਸਮਾਜਕ ਤੇ ਅਧਿਆਤਮਕ ਲਹਿਰ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਦੀਆਂ ਪ੍ਰਸਥਿਤੀਆਂ ਉਪਰ ਬੜੇ ਸੰਖੇਪ ਰੂਪ ਵਿਚ, ਪਰ ਬੜੇ ਅਰਥ ਭਰਪੂਰ ਤਰੀਕੇ ਨਾਲ ਸੰਕਲਪਸ਼ੀਲ-ਟਿੱਪਣੀਆਂ ਕੀਤੀਆਂ ਗਈਆਂ ਹਨ। ਮਿਸਾਲ ਦੇ ਤੌਰ ਤੇ ਇਸ ਅਧਿਆਇ ਦੀਆਂ ਇਨ੍ਹਾਂ ਮੁੱਢਲੀਆਂ ਪੰਕਤੀਆਂ ਨੂੰ ਹੀ ਲਉ :-

'ਭਾਰਤ ਪ੍ਰਕਿਰਤਿਕ ਸਾਧਨਾ ਨਾਲ ਭਰਪੂਰ ਅਮੀਰ ਦੇਸ਼ ਹੈ। ਏਥੇ ਚਾਂਦੀ ਵਰਗੇ ਪਾਣੀ ਦੇ ਦਰੀਆ ਵਗਦੇ ਹਨ ਤੇ ਸੋਨਾ ਉਗਲਦੀ ਧਰਤੀ ਹੈ। ਇਸਦਾ ਇਤਿਹਾਸ ਮੁੱਢ ਕਦੀਮੀ ਸਭਿਅਤਾ ਤੱਕ ਜਾਂਦਾ ਹੈ। ਇਸਦੇ ਪ੍ਰਕਿਰਤਿਕ ਸਾਧਨਾਂ ਨੇ ਜਿਥੇ ਏਥੋਂ ਦੇ ਲੋਕਾਂ ਨੂੰ ਧਨਵਾਨ ਬਣਾਇਆ, ਓਥੇ ਦੂਰ ਦੇਸ਼ ਦੇ ਹਮਲਾਵਰਾਂ ਨੂੰ ਵੀ ਲਲਚਾਇਆ। ਸੈਂਕੜੇ ਹਜ਼ਾਰਾਂ ਵਰ੍ਹਿਆਂ ਤੋਂ ਹਮਲਾਵਰ ਆਉਂਦੇ ਰਹੇ, ਏਸ ਦੇਸ਼ ਨੂੰ ਲੁੱਟਦੇ ਰਹੇ ਅਤੇ ਤੇਗ ਤਲਵਾਰ ਦੇ ਜ਼ੋਰ ਨਾਲ ਸਰਕਾਰਾਂ ਬਣਾਉਂਦੇ ਰਹੇ। ਉਹਨਾਂ ਦਾ ਰਾਹ ਉੱਤਰ-ਪੱਛਮ ਵਲੋਂ ਹੀ ਸੀ।' (ਪੰਨਾ ੧)

ਇਸ ਟਿੱਪਣੀ ਮਗਰੋਂ ਅਨਜਾਣ ਹੁਰੀਂ ਸਪੱਸ਼ਟ ਕਰਦੇ ਹਨ ਕਿ ਸੋਲ੍ਹਵੀਂ ਸਦੀ ਤੋਂ ਭਾਰਤੀ ਉਪ ਮਹਾਂਦੀਪ ਵਿਚ ਦੱਖਣ ਪੂਰਬ ਵਲੋਂ ਵਿਦੇਸ਼ੀਆਂ ਦੇ ਆਉਣ ਦਾ ਸਿਲਸਿਲਾ ਅਰੰਭ ਹੋਇਆ। ਇਹ ਯੂਰਪ ਦੇ ਗੋਰੇ ਫ਼ਿਰੰਗੀ ਸਨ। ਵਿਉਪਾਰ ਤੇ ਧਰਮ-ਪ੍ਰਚਾਰ ਦੀ ਆੜ ਵਿਚ ਫ਼ਿਰੰਗੀਆਂ ਨੇ ਆਪਣੀ ਕੂਟਨੀਤੀ ਨਾਲ ਸਾਡੇ ਦੇਸ਼ ਨੂੰ ਗੁਲਾਮ ਬਣਾ ਲਿਆ। ਭਾਵ, ਇਕ ਸ਼ਕਤੀਸ਼ਾਲੀ ਰਾਜ ਕਾਇਮ ਕਰਕੇ, ਸਾਡੇ ਮੁਲਕ ਨੂੰ ਆਪਣੀ ਬਸਤੀ ਬਣਾ ਲਿਆ। ਗੌਰ ਤਲਬ ਹੈ ਕਿ ਭਾਰਤ ਦੀ ਧਰਤੀ ਉਪਰ ਵਿਦੇਸ਼ੀ ਹਮਲਿਆਂ ਦਾ ਇਹ ਸਿਲਸਿਲਾ ੭੧੨ ਈ. ਵਿਚ ਮੁਹੰਮਦ ਬਿਨ ਕਾਸਿਮ ਦੁਆਰਾ ਆਪਣੇ ਚੰਦ ਸਿਪਾਹੀਆਂ ਦੀ ਮਦਦ ਨਾਲ ਸਿੰਧ ਪ੍ਰਾਂਤ (ਜੋ ਇਸ ਵਕਤ ਪਾਕਿਸਤਾਨ 'ਚ ਹੈ) ਨੂੰ ਜਿੱਤਣ ਨਾਲ ਅਰੰਭ ਹੋ ਚੁੱਕਿਆ ਹੋਇਆ ਸੀ। ਇਸ ਮਗਰੋਂ ਸਬੁਕਤਗੀਨ, ਮੁਹੰਮਦ ਗਜ਼ਨਵੀ, ਮੁਹੰਮਦ ਗੌਰੀ, ਕੁਤੁਬਦੀਨ ਐਬਕ, ਮੁਹੰਮਦ ਬਖਤਿਆਰ ਖਿੱਲਜੀ, ਇਲਾਉਦਦੀਨ ਖਿੱਲਜੀ, ਫ਼ੀਰੋਜ਼ਸ਼ਾਹ ਤੁੱਗਲਕ, ਸਿਕੰਦਰ ਲੋਧੀ, ਬਾਬਰ ਦੇ ਮੁਗਲ ਖ਼ਾਨਦਾਨ ਦੇ ਹਮਲਿਆਂ ਦਾ ਨਿਰੰਤਰ ਸਿਲਸਿਲਾ ਬਣਿਆ। ਆਪਣੀ ਪੁਸਤਕ 'ਸਾਹਿਤ-ਸੰਰਚਨਾ : ਸਿਸਟਮ ਅਤੇ ਪ੍ਰਵਚਨ' (੨੦੦੩) ਵਿਚ ਦਰਜ 'ਖ਼ਾਲਸਾ ਪੰਥ ਦੀ ਸਿਰਜਣਾ : ਸਭਿਆਚਾਰਕ ਕ੍ਰਾਂਤੀ ਦਾ ਐਲਾਨ' (ਪੰਨੇ ੩੭-੪੪) ਸਮੀਖਿਆ-ਨਿਬੰਧ ਵਿਚ ਮੈਂ ਇਸ ਤੱਥ ਨੂੰ ਬਾਖ਼ੂਬੀ ਉਭਾਰਿਆ ਹੈ। ਪਰ, ਅਨਜਾਣ ਹੁਰੀਂ ਆਪਣੀ ਗੱਲ, ਭਾਰਤ ਵਿਚ ਅੰਗਰੇਜ਼ੀ-ਰਾਜ ਦੀ ਸਥਾਪਤੀ ਤੋਂ ਅਰੰਭ ਕਰਦੇ ਹਨ। ਉਹ ਪੂਰੀ ਤਫ਼ਸੀਲ ਨਾਲ ਦੱਸਦੇ ਹਨ ਕਿਵੇਂ ੧੫੦੫ ਈ. ਵਿਚ ਪੁਰਤਗਾਲੀਆਂ ਨੇ ਅਰਬਾਂ ਨੂੰ ਹਰਾ ਕੇ, ਕਾਲੀਕਟ ਰਾਹੀਂ ਭਾਰਤ ਵਿਚ ਪੈਰ ਪਸਾਰਨੇ ਸ਼ੁਰੂ ਕੀਤੇ ਅਤੇ ਗੋਆ, ਦਮਨ ਤੇ ਦਿਓ ਨੂੰ ਜਿੱਤਿਆ, ਕਿਵੇਂ ਅੰਗਰੇਜ਼ਾਂ ਨੇ ਵੀ ੧੬ਵੀਂ ਸਦੀ ਦੇ ਆਖਰੀ ਵਰ੍ਹੇ ਈਸਟ ਇੰਡੀਆ ਕੰਪਨੀ ਬਣਾ ਕੇ ਭਾਰਤ ਵੱਲ ਮੂੰਹ ਕੀਤਾ ਅਤੇ ਸਹਿਜੇ-ਸਹਿਜੇ ਸਮੁੱਚੇ ਭਾਰਤ ਨੂੰ ਉਨ੍ਹਾਂ ਨੇ ਆਪਣੀ ਬਸਤੀਵਾਦੀ ਸੋਚ ਦੇ ਅਧੀਨ ਕਰ ਲਿਆ, ਕਿਵੇਂ ਫਰਾਂਸੀਸੀਆਂ ਨੇ ਵੀ ਅੰਗਰੇਜ਼ਾਂ ਦੀ ਰੀਸ ਕਰਦਿਆਂ ਭਾਰਤ ਨੂੰ ਆਪਣੀ ਬਸਤੀ ਬਣਾਉਣ ਦਾ ਸੁਫ਼ਨਾ ਲਿਆ, ਕਿਵੇਂ ਮੁਗਲਾਂ ਦੀ ਅੱਯਾਸ਼ੀ ਦੀ ਸੂਹ, ਮੁਹੰਮਦ ਸ਼ਾਹ ਰੰਗੀਲੇ ਦੇ ਸਮੇਂ ਨਾਦਰਸ਼ਾਹ ਈਰਾਨੀ ਨੂੰ ਲੱਗੀ ਤੇ ਉਸ ਨੇ ਵੀ ਆਪਣੇ ਹਮਲਿਆਂ ਨਾਲ ਭਾਰਤ ਦੀ ਅਜ਼ਮਤ ਨੂੰ ਪੈਰਾਂ ਹੇਠ ਰੋਲਿਆ, ਸਿੱਖ ਲਹਿਰ ਦੀ ਚੜ੍ਹਤ ਨੂੰ ਵੇਖਦਿਆਂ, ਨਾਦਰਸ਼ਾਹ ਦੀਆਂ ਕੀਤੀਆਂ ਪੇਸ਼ੀਨਗੋਈਆਂ ਕਿ ਇਹ ਇਕ ਦਿਨ ਰਾਜ ਕਰਨਗੇ, ਕਿਵੇਂ ਸਿੱਖ ਮਿਸਲਾਂ ਹੋਂਦ ਵਿਚ ਆਈਆਂ ਅਤੇ ਮਗਰੋਂ ਸੰਨ ੧੮੦੧ ਦੇ ਦੌਰਾਨ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਤ ਹੋਇਆ, ਕਿਵੇਂ ਮਹਾਰਾਜੇ ਦੇ ਰਾਜ ਦੀਆਂ ਸਰਹੱਦਾਂ ਫੈਲੀਆਂ ਅਤੇ ਕਿਵੇਂ ਉਸ ਦੀਆਂ ਅੰਗਰੇਜ਼ਾਂ ਨਾਲ ਸੰਧੀਆਂ ਹੋਈਆਂ-ਟੁੱਟੀਆਂ, ਕਿਵੇਂ ਇਸੇ ਦੌਰਾਨ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਹੋਣਾ ਅਤੇ ਕਿਵੇਂ ਉਨ੍ਹਾਂ ਦੁਆਰਾ ਆਪਣੇ ਤੱਤਕਾਲੀਨ ਸਮਾਜਕ, ਧਾਰਮਕ, ਸਦਾਚਾਰਕ ਤੇ ਰਾਜਨੀਤਕ ਜੀਵਨ ਵਿਚ ਕ੍ਰਾਂਤੀ ਦੀ ਚਿੰਣਗ ਲਾਉਣੀ, ਕਿਵੇਂ ਲਾਹੌਰ ਵਿਚ ਵੀ ਗੋਰਿਆਂ ਦੇ ਵਾਜੇ ਵੱਜਣਗੇ।' ਪੇਸ਼ੀਨਗੋਈ ਕਰਨ 'ਤੇ ਮਹਾਰਾਜੇ ਵਲੋਂ ਜੇਲ੍ਹ ਦੀ ਸਜ਼ਾ ਦਾ ਹੁਕਮ ਕਰਨਾ, ਜੇਲ੍ਹ ਤੋਂ ਮੁਕਤ ਹੋਣਾ, ਮਹਾਰਾਜੇ ਦੀ ਨੌਕਰੀ ਛੱਡਣੀ, ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਜਾਣਾ ਅਤੇ ਉਨ੍ਹਾਂ ਵਲੋਂ ਆਪ ਨੂੰ 'ਨਾਮ ਦੇ ਖਜ਼ਾਨੇ ਨੂੰ ਕੁੰਜੀ ਤੁਸਾਂ ਹੀ ਲਾਉਣੀ ਹੈ' ਆਦੇਸ਼ ਮਿਲਣਾ, ਲਾਹੌਰ ਦਰਬਾਰ ਵਿਚ ਅਰਾਜਕਤਾ ਦਾ ਵਧਣਾ, ਮਹਾਰਾਜੇ ਦੀ ਮੌਤ ਮਗਰੋਂ ਲਾਹੌਰ ਦਰਬਾਰ ਵਿਚ ਸਾਜ਼ਿਸ਼ਾਂ ਦਾ ਦੌਰ ਚੱਲਣਾ, ਸਿੱਖੀ ਦੇ ਪਤਨ ਨੂੰ ਠੱਲ੍ਹ ਪਾਉਣ ਲਈ ਪ੍ਰਚਾਰ ਦੀ ਮੁਹਿਮ ਨੂੰ ਤੇਜ਼ ਕਰਨਾ, ਕੂਕਾ ਲਹਿਰ ਪ੍ਰਚੰਡ ਹੋਣੀ ਤੇ ਸਤਿਗੁਰੂ ਰਾਮ ਸਿੰਘ ਜੀ ਦਾ ਅੰਗਰੇਜ਼ਾਂ ਦੀਆਂ ਅੱਖਾਂ ਵਿਚ ਰੜਕਣਾ ਆਦਿ ਵੇਰਵਿਆਂ ਦਾ ਇਥੇ ਭਰਪੂਰ ਜ਼ਿਕਰ ਹੋਇਆ



Namdhari Elibrary NamdhariElibrary@gmail.com

ਹੈ। ਗਿਆਨੀ ਗਿਆਨੀ ਸਿੰਘ ਜੀ ਰਚਿਤ ਗ੍ਰੰਥ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦੇ ਹਵਾਲੇ ਨਾਲ, ਅਨਜਾਣ ਹੁਰਾਂ ਨੇ, ਸਿੱਖੀ ਵਿਚ ਆਏ ਬੇਸ਼ੁਮਾਰ ਪਤਨ, ਉਨ੍ਹਾਂ ਦੀ ਅਣਖ ਦਾ ਮਰਨ ਅਤੇ ਮਾਨਸਿਕ ਤੌਰ 'ਤੇ ਉਨ੍ਹਾਂ ਦਾ ਢਹਿੰਦੀਆਂ ਕਲਾਂ ਵਿਚ ਚਲੇ ਜਾਣ ਦੇ ਮੰਜ਼ਰ ਨੂੰ ਬਾਖੂਬੀ ਪੇਸ਼ ਕੀਤਾ ਹੈ। ਇਸ ਸਾਰੀ ਪ੍ਰਸਥਿਤੀ ਨੂੰ ਉਹ ਕੂਕਾ ਲਹਿਰ ਨਾਲ ਇਉਂ ਜੋੜਦੇ ਹਨ :-

'ਸਤਿਗੁਰੂ ਰਾਮ ਸਿੰਘ ਦੀ ਭਾਵਨਾ ਸੀ ਇਹਨਾਂ ਵਿਚ ਨਵੀਂ ਰੂਹ ਫੂਕੀ ਜਾਏ। ਪਹਿਲਾਂ ਆਪਣਾ ਘਰ ਸੰਭਾਲਿਆ ਜਾਏ। ਸਿੱਖ, ਮਰਯਾਦਾਧਾਰੀ ਸੱਚੇ ਸੁੱਚੇ ਸਿੱਖ ਬਣਨ। ਉਹ ਆਪਣੇ ਅਸੂਲਾਂ 'ਤੇ ਪਹਿਰਾ ਦੇਣ। ਜੇ ਉਹ ਦ੍ਰਿੜ੍ਹ ਸੰਕਲਪ ਹੋਣ ਤਾਂ ਹੀ ਅੰਗਰੇਜ਼ਾਂ ਦੇ ਮਿਸ਼ਨਰੀਆਂ ਲਈ ਫੈਲਾਏ ਇਸਾਈਅਤ ਦੇ ਜਾਲ ਨੂੰ ਕੁਤਰਿਆ ਜਾ ਸਕਦਾ ਸੀ, ਉਹਨਾਂ ਦੀ ਸਿੱਖਿਆ ਨੀਤੀ ਦੀ ਮਾਰ ਤੋਂ ਬਚਿਆ ਜਾ ਸਕਦਾ ਸੀ। ਉਹਨਾਂ ਦੇ ਰਾਜਨੀਤਕ ਚੱਕਰਵਿਊ ਨੂੰ ਭੇਦਿਆ ਜਾ ਸਕਦਾ ਸੀ, ਉਹਨਾਂ ਦੇ ਵਪਾਰ ਨੂੰ ਢਾਹ ਲਾਈ ਜਾ ਸਕਦੀ ਸੀ। ਸਿੱਖਾਂ ਅੰਦਰ ਜਾਗਰਤੀ ਲਿਆਉਣ ਦੇ ਸੰਕਲਪ ਲਈ, ਵਿਉਂਤ ਕੀਤੇ ਕਾਰਜ-ਕ੍ਰਮ ਨੂੰ ਅਮਲੀ ਜਾਮਾ ਪਹਿਨਾਉਣ ਦਾ ਸਮਾਂ ਆ ਚੁੱਕਾ ਸੀ। ਇਹਨਾਂ ਪੂਰਣ ਪ੍ਰਸਥਿਤੀਆਂ ਅਨੁਸਾਰ, ਉਸ ਦੀ ਅਤਿਅੰਤ ਲੋੜ ਸੀ।' (ਪੰਨਾ ੧੯)

ਸੋ, ਜ਼ਾਹਿਰ ਹੈ ਕਿ ਇਹ ਪ੍ਰਸਥਿਤੀਆਂ, ਕੂਕਾ ਲਹਿਰ ਦੇ ਹੋਂਦ ਵਿਚ ਆਉਣ ਦਾ ਵੱਡਾ ਕਾਰਨ ਬਣਦੀਆਂ ਹਨ। ਪੁਸਤਕ ਦੇ ਅਗਲੇ ਅਧਿਆਵਾਂ ਦੇ ਅੰਤਰਗਤ, ਕੂਕਾ ਲਹਿਰ (ਬਨਾਮ 'ਸੰਤ ਖਾਲਸਾ' ਤੇ 'ਨਾਮਧਾਰੀ') ਦਾ ਜੱਥੇਬੰਦ ਹੋਣਾ, ਪੰਥ ਖ਼ਾਲਸੇ ਦੀ ਇਕ ਸ਼ਾਖ ਬਣ ਕੇ ਉਭਰਨਾ, ਭੈਣੀ ਸਾਹਿਬ ਕੂਕਾ ਲਹਿਰ ਦਾ ਕੇਂਦਰ ਬਣਨਾ, ਇਸਤਰੀ ਜਾਤੀ ਦੇ ਮਾਣ-ਸਤਿਕਾਰ ਨੂੰ ਮੁੜ ਬਹਾਲ ਕਰਨ ਦੇ ਉਪਰਾਲੇ ਕਰਨੇ, ਸਤਿਗੁਰੂ ਰਾਮ ਸਿੰਘ ਅਤੇ ਕੁੱਝ ਸਿਰਕਰਦਾ ਸਿੱਖਾਂ ਨੂੰ ਭੈਣੀ ਸਾਹਿਬ ਵਿਖੇ ਨਜ਼ਰਬੰਦ ਕਰਨ ਦੀ ਘਟਨਾ, ਉਨ੍ਹਾਂ ਵਲੋਂ ਨਜ਼ਰਬੰਦੀ ਦੇ ਦੌਰਾਨ ਰਹਿਤਨਾਮੇ ਤੇ ਹੁਕਮਨਾਮੇ ਜਾਰੀ ਕਰਨੇ, ਕੂਕਾ ਪੋਸਟਲ ਸਿਸਟਮ ਤੇ ਸੂਬੇ ਸਥਾਪਤ ਕਰਨੇ, ਉਚੀਆਂ ਉਡਾਣਾਂ ਲਈ ਪਰ ਤੋਲਣੇ, ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਲੋਕ-ਰਾਇ ਪ੍ਰਚੰਡ ਕਰਨੀ, ਕੂਕਿਆਂ ਦੀਆਂ ਕੌਮਾਂਤਰੀ (ਕਸ਼ਮੀਰ, ਨੇਪਾਲ, ਅਫ਼ਗਾਨਿਸਤਾਨ ਤੇ ਰੂਸ ਆਦਿ ਨਾਲ) ਸਾਂਝਾ ਬਣਨੀਆਂ, ਕੂਕਿਆਂ ਦਾ ਗਊਅਨ ਕੇ ਰਖਵਾਰੇ' ਬਿੰਬ ਸਥਾਪਤ ਹੋਣਾ, ਬਾਗਾਂ ਵਾਲੇ ਦੀ ਘਟਨਾ, ਰਾਏਕੋਟ ਦੀ ਘਟਨਾ, ਸੂਬਾ ਰਤਨ ਸਿੰਘ ਤੇ ਰਤਨ ਸਿੰਘ ਨਾਈ ਵਾਲਾ ਦੀ ਸ਼ਹੀਦੀ ਦੀ ਘਟਨਾ, ਸਾਕਾ ਮਲੇਰਕੋਟਲਾ, ਮਲੇਰਕੋਟਲਾ ਸਾਕੇ ਦੇ ਨਾਮਧਾਰੀ ਸ਼ਹੀਦਾਂ ਦੀ ਸੂਚੀ, ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨ ਹੋਣ ਤੇ ਕੂਕਿਆਂ ਉਪਰ ਬੇਇੰਤਹਾ ਤਸ਼ੱਦਦਾਂ ਦੀ ਗਾਥਾ, ਆਖ਼ਰ ਦੇਸ਼ ਦੇ ਆਜ਼ਾਦ ਹੋਣ ਦਾ ਸੁਫਨਾ ਸਾਕਾਰ ਹੋਣਾ ਆਦਿ ਘਟਨਾਵਾਂ ਨੂੰ ਇੱਥੇ ਤੱਥਾਂ ਸਹਿਤ ਪੇਸ਼ ਕੀਤਾ ਗਿਆ ਹੈ। ਇਸ ਸਾਰੀ ਸਮੱਗਰੀ ਵਿਚੋਂ ਕੂਕਾ ਲਹਿਰ ਦਾ ਭਰਵਾਂ ਤੇ ਜਗਦਾ-ਮੱਘਦਾ ਬਿੰਬ ਸਹਿਜੇ ਹੀ ਉਜਾਗਰ ਹੋ ਜਾਂਦਾ ਹੈ। ਉਸ ਦੌਰ ਦੇ ਕੂਕੇ ਜਿਤਨੇ ਕੱਟੜ ਦੇਸ਼ ਭਗਤ ਸਨ, ਉਤਨੇ ਹੀ ਪੱਕੇ ਪ੍ਰਭੂ ਭਗਤ ਵੀ ਸਨ। ਇਹ ਗੱਲ ਅੱਜ ਵੀ ਹੂਬਹੂ ਸੱਚ ਹੈ। ਕੂਕਿਆਂ (ਬਨਾਮ ਨਾਮਧਾਰੀਆਂ) ਦਾ ਕਿਰਦਾਰ ਇਤਨਾ ਉਚਾ-ਸੁੱਚਾ ਸੀ ਕਿ ਅੰਗਰੇਜ਼ਾਂ ਨੂੰ ਆਪਣੇ ਦਸਤਾਵੇਜ਼ਾਂ ਵਿਚ ਇਹ ਅੱਖਰ ਅੰਕਿਤ ਕਰਨ ਲਈ ਮਜਬੂਰ ਹੋਣਾ ਪਿਆ :

1. ਕੂਕਾ, ਝੂਠ ਨਹੀਂ ਬੋਲਦਾ
2. ਕੂਕਾ, ਸ਼ਰਾਬ ਨਹੀਂ ਪੀਂਦਾ
3. ਕੂਕਾ, ਅੰਗਰੇਜ਼ ਦਾ ਵਫ਼ਾਦਾਰ ਨਹੀਂ ਹੋ ਸਕਦਾ (ਪੰਨਾ ੧੬੧)

ਇਸ ਸਭ ਕੁੱਝ ਦਾ ਤਫ਼ਸੀਲ ਸਹਿਤ ਜ਼ਿਕਰ ਕਰਦਿਆਂ ਅਨਜਾਣ ਹੁਰੀਂ ਇਸ ਸਾਰੀ ਚਰਚਾ ਨੂੰ ਇਉਂ ਸਮੇਟਦੇ ਹਨ :

'ਦੇਸ਼ ਆਜ਼ਾਦ ਹੋਣ ਬਾਅਦ ਕੂਕਿਆਂ ਨੂੰ ਆਪਣੀ ਅਨਪੜ੍ਹਤਾ, ਪਿਛੜੇਪਨ, ਸਰਕਾਰੇ- ਦਰਬਾਰੇ ਪੁੱਛ-ਪ੍ਰਤੀਤ ਨਾ ਹੋਣ ਕਾਰਨ ਆਪਣੇ ਪ੍ਰਸ਼ਾਸਨਕ ਅਧਿਕਾਰੀ, ਫ਼ੌਜੀ ਅਫ਼ਸਰ ਤੇ ਹੋਰ ਉਚੇ ਅਹੁਦੇ 'ਤੇ ਨਾ ਹੋਣ ਦਾ ਝੋਰਾ ਜਾਂ ਪਛਤਾਵਾ ਨਹੀਂ ਸਗੋਂ ਮਾਣ ਹੈ ਕਿ ਉਹਨਾਂ ਨੇ ਦੇਸ਼ ਲਈ ਕੁਰਬਾਨੀਆਂ ਦਿੱਤੀਆਂ ਹਨ। ਹੁਣ ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਦੇਸ਼ ਦੀ ਤਰੱਕੀ ਦੇ ਹਿੱਸੇਦਾਰ ਹਨ ਤੇ ਜਿੱਥੇ ਵੀ ਜਾਂਦੇ ਹਨ, ਆਪਣੀ ਮਿਹਨਤ, ਸਿਦਕਦਿਲੀ ਨਾਲ ਭਜਨ-ਬੰਦਗੀ ਦੇ ਸੁਭਾਅ ਕਾਰਨ ਨਵੇਕਲੀ ਪਛਾਣ ਬਣਾ ਲੈਂਦੇ ਹਨ।' (ਪੰਨਾ ੧੬੧)

ਅਨਜਾਣ ਹੁਰਾਂ ਦਾ ਇਹ ਕਿਹਾ (Said) ਸਾਨੂੰ ਸਹਿਜੇ ਹੀ ਸਮਝ ਆ ਜਾਂਦਾ ਹੈ ਪਰ ਲੋੜ ਇਸ ਵਿਚਲੇ 'ਅਣਕਹੇ' (Unsaid) ਜਾਂ 'ਚੁੱਪਾਂ' (Silences) ਨੂੰ ਸਮਝਣ ਤੇ ਚਰਚਾ ਦਾ ਵਿਸ਼ਾ ਬਣਾਉਣ ਦੀ ਹੈ। ਅਨਜਾਣ ਹੁਰਾਂ ਦਾ ਇਹ ਕਹਿਣਾ ਠੀਕ ਹੈ ਕਿ 'ਸਤਿਗੁਰੂ ਰਾਮ ਸਿੰਘ ਜੀ ਨੇ ਕੂਕਾ ਲਹਿਰ ਦੀ ਸਿਰਜਣਾ ਬੀਤੇ 'ਤੇ ਗੰਭੀਰ ਝਾਤ ਪਾ ਕੇ ਲੰਮਾ ਸਮਾਂ ਚਿੰਤਨ ਤੇ ਸਿਮਰਨ ਬਾਅਦ ਕੀਤੀ ਸੀ। ਅੰਗਰੇਜ਼ਾਂ ਰਾਹੀਂ ਭਾਰਤੀਆਂ ਨੂੰ ਰਾਜਨੀਤਕ ਤੌਰ ਉਤੇ ਹੀ ਨਹੀਂ, ਧਾਰਮਕ, ਸਦਾਚਾਰਕ, ਆਰਥਕ ਤੇ ਵਿਦਿਅਕ ਤੌਰ 'ਤੇ ਵੀ ਗੁਲਾਮ ਬਣਾਇਆ ਜਾ ਰਿਹਾ ਸੀ। ਇਥੋਂ ਦੇ ਸਰਦੇ-ਪੁੱਜਦੇ ਲੋਕ ਜਾਗੀਰਾਂ ਬਦਲੇ ਜ਼ਮੀਰਾਂ ਵੇਚ ਰਹੇ ਸਨ। ਸਤਿਗੁਰੂ ਜੀ ਨੇ ਸੁੱਤੀ ਅਣਖ ਨੂੰ ਟੁੰਬ ਕੇ ਜਗਾਇਆ। (ਪੰਨਾ ੧੭੮), ਸ਼ਾਇਦ ਇਹੀ ਵਜ੍ਹਾ ਹੈ ਕਿ ਉਨ੍ਹਾਂ



Namdhari Elibrary NamdhariElibrary@gmail.com

ਦਾ ਸਾਰਾ ਪ੍ਰੋਗਰਾਮ ਇਹਨਾਂ ਬੁਨਿਆਦੀ ਨੁਕਤਿਆਂ ਉਪਰ ਹੀ ਕੇਂਦਰਤ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਦੇ ਦੌਰਾਨ ਸਿੱਖੀ ਵਿਚ ਆਏ ਪਤਨ ਨੂੰ ਉਨ੍ਹਾਂ ਨੇ ਪੂਰੀ ਸ਼ਿੱਦਤ ਨਾਲ ਮਹਿਸੂਸ ਕੀਤਾ। ਸਿੱਖੀ ਦੇ ਗੌਰਵ ਨੂੰ ਮੁੜ ਬਹਾਲ ਕਰਨ ਹਿੱਤ ਆਪਣੇ ਸਾਰੇ ਪ੍ਰੋਗਰਾਮ ਉਲੀਕੇ ਅਤੇ ਉਨ੍ਹਾਂ ਨੂੰ ਬਾਖੂਬੀ ਜਾਮਾ ਪਹਿਨਾਇਆ। 'ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ' ਪੁਸਤਕ ਵਿਚੋਂ ਇਸ ਸਭ ਕੁੱਝ ਦਾ ਭਰਵਾਂ ਤੇ ਗਤੀਸ਼ੀਲ ਬਿੰਬ ਉਜਾਗਰ ਹੁੰਦਾ ਸਾਫ਼ ਨਜ਼ਰ ਆਉਂਦਾ ਹੈ।

ਇਸ ਸਭ ਕੁੱਝ ਦੇ ਹੁੰਦਿਆਂ, ਇਸ ਵਿਚਲਾ ਇਕ ਅਹਿਮ 'ਖੱਪਾ' (Gap) ਸਾਨੂੰ ਬਹੁਤ ਅਖਰਦਾ ਹੈ। ਇਤਿਹਾਸ ਵਿਚ ਅਜਿਹੇ ਖੱਪਿਆਂ ਨੂੰ ਜਲਦੀ ਕੀਤਿਆਂ ਬਰਦਾਸ਼ਤ ਨਹੀਂ ਕੀਤਾ ਜਾਂਦਾ। ਇਥੇ ਅਨਜਾਣ ਹੁਰਾਂ ਨੇ ਇਕ ਦੋ ਵਾਰ ਬਾਬਾ ਰਾਮ ਸਿੰਘ ਜੀ ਦੀਆਂ ਸਤਿਗੁਰੂ ਬਾਲਕ ਸਿੰਘ ਜੀ ਨਾਲ ਹੋਈਆਂ ਮਿਲਣੀਆਂ ਅਤੇ ਉਨ੍ਹਾਂ ਵਲੋਂ ਮਿਲੀਆਂ ਬਖ਼ਸ਼ਿਸ਼ਾਂ ਦਾ ਸੰਕੇਤ ਮਾਤਰ ਜ਼ਿਕਰ ਜ਼ਰੂਰ ਕੀਤਾ ਹੈ, ਪਰ ਇਸ ਸਭ ਕੁੱਝ ਵਿਚੋਂ ਬਾਬਾ ਬਾਲਕ ਸਿੰਘ ਜੀ ਦਾ ਭਰਪੂਰ ਬਿੰਬ ਉਜਾਗਰ ਹੁੰਦਾ ਨਜ਼ਰ ਨਹੀਂ ਆਉਂਦਾ। ਉਨ੍ਹਾਂ ਦੀ ਪੁਸਤਕ 'ਨਾਮਧਾਰੀ ਇਤਿਹਾਸ : ਸੰਖੇਪ' ਦੇ ਰੀਵਿਊ ਵਿਚ ਵੀ ਮੈਂ ਇਸ ਸਬੰਧੀ ਕੁੱਝ ਸੰਕੇਤ ਕੀਤੇ ਸਨ। ਪਤਾ ਨਹੀਂ ਅਨਜਾਣ ਹੁਰੀਂ ਇਨ੍ਹਾਂ ਖੱਪਿਆਂ ਨੂੰ ਪੂਰਨ ਤੋਂ ਸੰਕੋਚ ਕਿਉਂ ਕਰਦੇ ਆ ਰਹੇ ਹਨ। ਭਾਵੇਂ ਅਮਰ ਭਾਰਤੀ ਹੁਰਾਂ ਨੇ ਆਪਣੀ ਮਹੱਤਵ ਪੂਰਨ ਪੁਸਤਕ 'ਸ੍ਰੀ ਦਸਮੇਸ਼ ਨੰਦੇੜ ਪਿੱਛੋਂ' ਵਿਚ ਇਸ ਮਸਲੇ ਉਪਰ ਕੁੱਝ ਚਰਚਾ ਜ਼ਰੂਰ ਛੇੜੀ ਹੈ। ਆਪਣੀ ਤਰਕ-ਵਿਤਰਕ ਦੀ ਵਿਧੀ ਨਾਲ ਅਤੇ ਭਿੰਨ ਭਿੰਨ ਸਰੋਤਾਂ ਤੋਂ ਹਵਾਲੇ ਇਕੱਤਰ ਕਰਕੇ ਉਹਨਾਂ ਨੇ ਇਸ ਬਹਿਸ ਨੂੰ ਕਾਫ਼ੀ ਮਘਾਇਆ ਹੈ, ਪਰ ਮਸਲਾ ਅਜੇ ਵੀ ਪੂਰੀ ਤਰ੍ਹਾਂ ਸੁਲਝਿਆ ਨਜ਼ਰ ਨਹੀਂ ਆਉਂਦਾ। ਮੈਨੂੰ ਆਸ ਹੈ ਕਿ ਨੇੜਲੇ ਭਵਿੱਖ ਵਿਚ ਕੂਕਾ ਲਹਿਰ (ਬਨਾਮ ਨਾਮਧਾਰੀ ਲਹਿਰ) ਉਪਰ ਖੋਜ ਕਰਨ ਵਾਲੇ ਵਿਦਵਾਨ, ਇਸ ਮਸਲੇ ਨੂੰ ਸੁਲਝਾਉਣ ਵਿਚ ਆਪਣੀ ਅਹਿਮ ਭੂਮਿਕਾ ਜ਼ਰੂਰ ਨਿਭਾਉਣਗੇ। ਇਨ੍ਹਾਂ ਸ਼ਬਦਾਂ ਨਾਲ ਮੈਂ ਤਾਰਾ ਸਿੰਘ ਅਨਜਾਣ ਹੁਰਾਂ ਦੀ ਇਸ ਪੁਸਤਕ ਦਾ ਦਿਲੋਂ ਸਵਾਗਤ ਕਰਦਾ ਹਾਂ।

'ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ' ਪੁਸਤਕ ਦੇ ਡੂੰਘੇ ਅਧਿਐਨ ਮਗਰੋਂ, ਅਸੀਂ ਨਿਰਸੰਕੋਚ ਹੋ ਕੇ, ਕੂਕਾ ਲਹਿਰ ਨੂੰ ਇਕ ਬਹੁ-ਆਯਾਮੀ (Multi-Dimensienal) ਲਹਿਰ ਕਹਿ ਸਕਦੇ ਹਾਂ। ਇਸ ਲਹਿਰ ਦੇ ਬੁਨਿਆਦੀ 'ਸੂਝ ਮਾਡਲ' (Model of intelligibility) ਸਿੱਖ-ਵਿਚਾਰਧਾਰਾ ਉਪਰ ਹੀ ਅਧਾਰਤ ਹਨ।

'ਵਿਸ਼ਵੀਕਰਨ : ਸਾਹਿਤਕ ਪ੍ਰਤਿਉੱਤਰ' (੨੦੦੭) ਪੁਸਤਕ ਵਿਚ ਦਰਜ ਆਪਣੇ ਇਕ ਸਮੀਖਿਆ-ਨਿਬੰਧ 'ਨਾਮਧਾਰੀ ਲਹਿਰ : ਇੱਕੀਵੀਂ ਸਦੀ ਤੇ ਵਿਸ਼ਵੀਕਰਨ ਦੀਆਂ ਚੁਣੌਤੀਆਂ' ਵਿਚ ਮੈਂ ਇਸ ਵਿਸ਼ੇ ਉਪਰ ਪੂਰੀ ਤਫ਼ਸੀਲ ਨਾਲ ਚਰਚਾ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਮੌਜੂਦਾ ਇੱਕੀਵੀਂ ਸਦੀ ਜਾਂ ਤੀਸਰੀ ਦਹਿਸਦੀ (ਮਿਲੇਨੀਅਮ) ਵਿਚ ਵੀ ਭਿੰਨ ਭਿੰਨ ਚੁਣੌਤੀਆਂ ਤੇ ਵੰਗਾਰਾਂ ਦਾ ਸਾਹਮਣਾ ਕਰਦਿਆਂ, ਨਾਮਧਾਰੀ ਭਾਈਚਾਰੇ ਨੇ ਆਪਣੀਆਂ ਅਮੀਰ ਪਰੰਪਰਾਵਾਂ ਨੂੰ ਪਹਿਲਾਂ ਦੀ ਤਰ੍ਹਾਂ ਹੀ ਬਰਕਰਾਰ ਰੱਖਿਆ ਹੋਇਆ ਹੈ ਅਤੇ ਆਪਣੀ ਨਵੇਕਲੀ ਪਛਾਣ ਵੀ ਕਾਇਮ ਕੀਤੀ ਹੋਈ ਹੈ। ਇਨ੍ਹਾਂ ਵਿਚੋਂ ਬਹੁਤੀਆਂ ਪਰੰਪਰਾਵਾਂ, ਗੁਰਮਤਿ ਦੇ ਅਸੂਲਾਂ ਦੇ ਐਨ ਅਨੁਕੂਲ ਹਨ। ਭਾਰਤ ਦੀ ਜੰਗ-ਏ-ਆਜ਼ਾਦੀ ਨੂੰ ਇਸ ਭਾਈਚਾਰੇ ਦੇ ਦਿੱਤੇ ਯੋਗਦਾਨ ਅਤੇ ਅੰਮ੍ਰਿਤਸਰ, ਰਾਏਕੋਟ ਤੇ ਮਲੇਰਕੋਟਲੇ ਦੇ ਦਿਲ ਕੰਬਾਊ ਸਾਕਿਆਂ ਸਦਕਾ ਕੂਕਾ ਲਹਿਰ, ਅੱਗੋਂ ਹੋਂਦ ਵਿਚ ਆਉਣ ਵਾਲੀਆਂ ਕਈ ਲਹਿਰਾਂ ਦਾ ਪ੍ਰੇਰਨਾ-ਸਰੋਤ ਬਣੀ ਸਵੀਕਾਰ ਕੀਤੀ ਜਾਂਦੀ ਹੈ। ਇੱਥੇ ਮੈਂ ਇਹ ਵੀ ਸਪੱਸ਼ਟ ਕੀਤਾ ਹੈ ਕਿ ਆਪਣੀ ਸਾਦਾ ਰਹਿਣੀ-ਬਹਿਣੀ ਕਰਕੇ ਨਾਮਧਾਰੀ-ਭਾਈਚਾਰਾ, ਖ਼ਾਸਾ ਮਸ਼ਹੂਰ ਹੈ। ਇਤਿਹਾਸਕ ਤੌਰ 'ਤੇ ਇਹ ਵੀ ਸੱਚ ਹੈ ਕਿ ਦੇਸ਼ ਦੀ ਆਜ਼ਾਦੀ ਲਈ ਜਿਹੜੇ ਪੈਂਤੜੇ ਪਹਿਲਾਂ ਬਾਬਾ ਰਾਮ ਸਿੰਘ ਜੀ ਨੇ ਅਪਣਾਏ, ਮਗਰੋਂ ਮਹਾਤਮਾ ਗਾਂਧੀ ਹੁਰਾਂ ਨੇ ਉਨ੍ਹਾਂ ਨੂੰ ਅਪਣਾ ਕੇ, ਜੰਗ-ਏ-ਆਜ਼ਾਦੀ ਨੂੰ ਹੋਰ ਪ੍ਰਚੰਡ ਕੀਤਾ। ਪਰ, ਅਫ਼ਸੋਸ ਹੈ ਕਿ ਭਾਰਤ ਦੀ ਜੰਗ-ਏ-ਆਜ਼ਾਦੀ ਦੇ ਇਤਿਹਾਸ ਵਿਚ ਇਸ ਲਹਿਰ ਨੂੰ ਉਹ ਥਾਂ ਹਾਸਿਲ ਨਹੀਂ ਹੋ ਸਕੀ, ਜਿਸਦੀ ਕਿ ਉਹ ਹੱਕਦਾਰ ਹੈ। ਖ਼ੈਰ! ਸ. ਤਾਰਾ ਸਿੰਘ ਅਨਜਾਣ ਅਤੇ ਅਜਿਹੇ ਹੋਰ ਵਿਦਵਾਨਾਂ ਵਲੋਂ ਇਸ ਖੇਤਰ ਵਿਚ ਕੀਤੇ ਜਾ ਰਹੇ ਖੋਜ-ਕਾਰਜ, ਭਵਿੱਖ ਵਿਚ ਜ਼ਰੂਰ ਰੰਗ ਲਿਆਉਣਗੇ। ਮੈਨੂੰ ਇਸ ਗੱਲ ਉਪਰ ਪੱਕਾ ਵਿਸ਼ਵਾਸ ਹੈ।


*ਰੀਡਰ ਪੰਜਾਬੀ ਵਿਭਾਗ*
*ਦਿੱਲੀ ਯੂਨੀਵਰਸਿਟੀ*


### ਕਲਪਨਾ

ਪਾਗਲ ਪ੍ਰੇਮੀ ਅਤੇ ਅਤੇ ਕਵੀ ਇਕੋ ਜਹੀ ਕਲਪਨਾ ਦੇ ਮਾਲਕ ਹੁੰਦੇ ਹਨ।

*—ਸ਼ੈਕਸਪੀਅਰ*

ਸੁਣਾਈ ਦੇਣ ਵਾਲਾ ਸੰਗੀਤ ਮਿੱਠਾ ਹੁੰਦਾ ਹੈ ਪਰ ਜਿਹੜਾ ਸੁਣਾਈ ਨਹੀਂ ਦਿੰਦਾ ਉਹ ਵਧੇਰੇ ਮਿੱਠਾ ਹੁੰਦਾ ਹੈ।

*—ਜਾਹਨ ਕੀਟਸ*




Namdhari Elibrary NamdhariElibrary@gmail.com

## ਨਾਮਧਾਰੀ ਸ਼ਹੀਦਾਂ ਦੇ ਪਿੰਡਾਂ 'ਚ ਸ਼ਾਨਦਾਰ ਯਾਦਗਾਰਾਂ ਬਣਾਉਣ ਦਾ ਐਲਾਨ

### *ਨਾਮਧਾਰੀ ਸ਼ਹੀਦਾਂ ਦੀ ਯਾਦ 'ਚ ਰਾਜ ਪੱਧਰੀ ਸਮਾਗਮ*

ਮਾਲੇਰਕੋਟਲਾ, ੧੭ ਜਨਵਰੀ – ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਅੱਜ ਇਥੇ ਨਾਮਧਾਰੀ ਸ਼ਹੀਦੀ ਸਮਾਰਕ ਵਿਖੇ ੧੭-੧੮ ਜਨਵਰੀ ੧੮੭੨ ਦੇ ੬੬ ਨਾਮਧਾਰੀ ਸ਼ਹੀਦਾਂ ਦੀ ਯਾਦ 'ਚ ਹੋਏ ਰਾਜ ਪੱਧਰੀ ਸ਼ਹੀਦੀ ਸਮਾਗਮ 'ਚ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਐਲਾਨ ਕੀਤਾ ਹੈ ਕਿ ਪੰਜਾਬ ਸਰਕਾਰ ਨਾਮਧਾਰੀ ਸ਼ਹੀਦਾਂ ਦੇ ਪਿੰਡਾਂ 'ਚ ਸ਼ਾਨਦਾਰ ਸ਼ਹੀਦੀ ਯਾਦਗਾਰਾਂ ਸਥਾਪਿਤ ਕਰੇਗੀ। ਇਸ ਤੋਂ ਪਹਿਲਾਂ ਸ. ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸ. ਸੁਖਦੇਵ ਸਿੰਘ ਢੀਂਡਸਾ, ਸਾਬਕਾ ਕੈਬਨਿਟ ਮੰਤਰੀ ਸ. ਗੋਬਿੰਦ ਸਿੰਘ ਕਾਂਝਲਾ ਤੇ ਵਿਧਾਇਕ ਸ. ਇਕਬਾਲ ਸਿੰਘ ਝੂੰਦਾਂ ਨੇ ਸ਼ਹੀਦੀ ਸਥਾਨ 'ਤੇ ਬਣੇ ੬੬ ਸੁਰਾਖਾਂ ਵਾਲੇ ੬੬ ਫੁੱਟ ਉੱਚੇ ਖੰਡੇ 'ਤੇ ਸ਼ਰਧਾ ਦੇ ਫੁੱਲ ਅਰਪਿਤ ਕਰਕੇ ਨਤਮਸਤਕ ਹੋਏ। ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ-ਛਾਇਆ ਹੇਠ ਹੋਏ ਮੁੱਖ ਸਮਾਗਮ 'ਚ ਦੇਸ਼-ਵਿਦੇਸ਼ ਤੋਂ ਪੁੱਜੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ. ਬਾਦਲ ਨੇ ਕਿਹਾ ਕਿ ਨਾਮਧਾਰੀ ਦਰਬਾਰ ਵੱਲੋਂ ਦਿੱਤੀ ਗਈ ਨਾਮਧਾਰੀ ਸ਼ਹੀਦ ਸਿੰਘਾਂ ਦੇ ਪਿੰਡਾਂ ਦੀ ਸੂਚੀ 'ਚ ਜਿਹੜੇ ਪਿੰਡ ਸ਼ਾਮਿਲ ਕੀਤੇ ਗਏ ਹਨ ਉਨ੍ਹਾਂ 'ਚ ਢੁੱਕਵੀਆਂ ਸ਼ਹੀਦੀ ਯਾਦਗਾਰਾਂ ਦੇ ਨਾਲ-ਨਾਲ ਮੰਗ ਮੁਤਾਬਿਕ ਸੜਕਾਂ ਤੇ ਸਟੇਡੀਅਮਾਂ ਦੀ ਉਸਾਰੀ ਵੀ ਕੀਤੀ ਜਾਵੇਗੀ। ਉਨ੍ਹਾਂ ਨਾਮਧਾਰੀ ਸ਼ਹੀਦੀ ਸਮਾਰਕ ਦੁਆਲੇ ਇਕੱਠੇ ਹੁੰਦੇ ਸ਼ਹਿਰ ਦੇ ਗੰਦੇ ਪਾਣੀ ਦੀ ਬਦਬੂ ਦਾ ਕੋਈ ਪੱਕਾ ਹੱਲ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਕੌਮ ਦੇ ਮਹਾਨ ਸ਼ਹੀਦਾਂ ਦੀ ਯਾਦਗਾਰ ਨੇੜੇ ਬਦਬੂ ਮਾਰਦੇ ਗੰਦੇ ਪਾਣੀ ਨੂੰ ਕਿਸੇ ਡਰੇਨ ਜਾਂ ਕੋਈ ਹੋਰ ਹੱਲ ਕਰਕੇ ਪੱਕਾ ਨਿਕਾਸੀ ਪ੍ਰਬੰਧ ਕੀਤਾ ਜਾਵੇਗਾ। ਸ. ਬਾਦਲ ਨੇ ਸਤਿਗੁਰੂ ਜਗਜੀਤ ਸਿੰਘ ਦੇ ਹਰ ਹੁਕਮ ਨੂੰ ਪਹਿਲਾਂ ਵਾਂਗ ਪ੍ਰਵਾਨ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਹਿਲਾਂ ਵੀ ਮੇਰੇ ਉਪਰ ਅਸ਼ੀਰਵਾਦ ਭਰਿਆ ਹੱਥ ਰਿਹਾ ਹੈ ਤੇ ਮੈਂ ਹਰ ਵਰ੍ਹੇ ਨਾਮਧਾਰੀ ਸ਼ਹੀਦੀ ਸਮਾਗਮ 'ਚ ਹਾਜ਼ਰੀ ਭਰਨ ਲਈ ਪੁੱਜਦਾ ਰਿਹਾ ਹਾਂ ਭਾਵੇਂ ਸਰਕਾਰ 'ਚ ਹੋਵਾ ਭਾਵੇਂ ਨਾ। ਸ. ਬਾਦਲ ਨੇ ਬੱਬਰ ਅਕਾਲੀ ਲਹਿਰ, ਕਾਮਾਗਾਟਾ ਮਾਰੂ ਤੇ ਹੋਰ ਆਜ਼ਾਦੀ ਲਹਿਰਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ੯੦ ਸਾਲ ਤੱਕ ਪੰਜਾਬੀਆਂ ਨੇ ਸੰਘਰਸ਼ ਲੜਿਆ ਤੇ ਫਾਂਸੀਆਂ 'ਤੇ ਚੜ੍ਹਨ ਵਾਲੇ ਤੇ ਜੇਲ੍ਹਾਂ 'ਚ ਰੁਲਣ ਵਾਲੇ ਕੁਲ ਹਿੰਦੁਸਤਾਨੀਆਂ 'ਚੋਂ ੮੦ ਫ਼ੀਸਦੀ ਪੰਜਾਬੀ ਸਨ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸ. ਸੁਖਦੇਵ ਸਿੰਘ ਢੀਂਡਸਾ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਨਾਮਧਾਰੀ ਦਰਬਾਰ ਵਲੋਂ ਜੋ ਵੀ ਮੰਗ ਕੀਤੀ ਹਮੇਸ਼ਾ ਪ੍ਰਵਾਨ ਕੀਤੀ ਹੈ। ਮੁੱਖ ਮੰਤਰੀ ਸਮੇਤ ਆਏ ਸਾਰੇ ਆਗੂਆਂ ਦਾ ਸਵਾਗਤ ਕਰਦਿਆਂ ਸ. ਸੁਰਿੰਦਰ ਸਿੰਘ ਨਾਮਧਾਰੀ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਸ੍ਰੀ ਵੀ. ਕੇ. ਓਹਰੀ ਸੰਗਰੂਰ ਵਲੋਂ ਨਾਮਧਾਰੀ ਸ਼ਹੀਦਾਂ ਦੇ ਚੁਣੇ ਗਏ ੭ ਪਿੰਡਾਂ ਦੀ ਜੋ ਸੂਚੀ ਸ. ਬਾਦਲ ਨੂੰ ਸੌਂਪੀ ਗਈ ਹੈ, ਉਸ 'ਚ ਸਕਰੌਦੀ, ਦਿਆਲਗੜ੍ਹ, ਰੂੜਗੜ੍ਹ, ਚੱਕ ਸੇਖੂਪੁਰਾ, ਫਰਵਾਹੀ, ਫਲੇੜਾ ਤੇ ਮੱਲ੍ਹਮਾਜਰਾ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਬਾਦਲ ਨੇ ਪਹਿਲਾਂ ਵੀ ਲੁਧਿਆਣਾ, ਰਾਏਕੋਟ ਤੇ ਅੰਮ੍ਰਿਤਸਰ ਵਿਖੇ ਨਾਮਧਾਰੀ ਸ਼ਹੀਦੀ ਯਾਦਗਾਰੀ ਲਈ ਜਿੰਨੀ ਵੀ ਜ਼ਮੀਨ ਮੰਗੀ ਗਈ ਤੁਰੰਤ ਪ੍ਰਵਾਨ ਕਰ ਦਿੱਤੀ।

## ਨਾਮਧਾਰੀ ਪੰਜਾਬੀ ਸਾਹਿਤ ਸਭਾ ਜੀਵਨ ਨਗਰ ਦੀ ਵਿਸ਼ੇਸ਼ ਇੱਕਤਰਤਾ

੨੫-੧੨-੨੦੦੮ ਨੂੰ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੀ ਵਿਸ਼ੇਸ਼ ਇੱਕਤਰਤਾ ਪ੍ਰਧਾਨ ਸ੍ਰੀ ਸਾਧੂ ਸਿੰਘ ਕਿਸਾਨ ਜੀ ਦੀ ਪ੍ਰਧਾਨਗੀ ਹੇਠ ਹੋਈ। ਸ੍ਰੀ ਗੁਰੂ ਹਰੀ ਸਿੰਘ ਕਾਲਜ ਵਿਚ ਸਭਾ ਦੇ ਅਟਲ ਪ੍ਰਤਾਪੀ ਪੁਸਤਕਾਲਿਆ ਵਿਚ ਹੋਈ ਇਸ ਮੀਟਿੰਗ ਵਿਚ ਹੇਠ ਲਿਖੇ ਮਤੇ ਪਾਸ ਕੀਤੇ ਗਏ।

ਅਜ਼ਾਦੀ ਸੰਗਰਾਮ ਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਸੰਸਦ ਭਵਨ ਵਿਚ ਲਗਣ ਦੀ ਖੁਸ਼ੀ ਵਿਚ ਸਭਾ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਅਤੇ ਭਾਰਤ ਸਰਕਾਰ ਦਾ ਦਿਲੋਂ ਧੰਨਵਾਦ ਕਰਦੀ ਹੈ।

ਅਤੇ ਨਾਲ ਹੀ ਇਹ ਅਫਸੋਸ ਵੀ ਹੋਇਆ ਹੈ ਕਿ ਭਾਰਤ ਸਰਕਾਰ ਵਲੋਂ ਨਾਮਧਾਰੀ ਇਤਿਹਾਸ ਨੂੰ ਨਾਮਧਾਰੀ ਦਰਬਾਰ ਦੀ ਸਹਿਮਤੀ ਅਨੁਸਾਰ ਨਹੀਂ ਛਾਪਿਆ ਗਿਆ। ਉਥੇ ਵੰਡੇ ਪੈਂਮਫਲਿਟ ਵਿਚ ਜੋ ਇਤਿਹਾਸਕ ਗਲਤੀਆਂ ਹੋਈਆਂ ਹਨ ਉਹ ਨਾਮਧਾਰੀ ਦਰਬਾਰ ਅਤੇ ਸਮਾਗਮ ਦੇ ਪ੍ਰਬੰਧਕਾਂ ਨੂੰ ਪਹਿਲਾਂ ਵੇਖ-ਘੋਖ ਲੈਣੀਆਂ ਚਾਹੀਦੀਆਂ ਸਨ।

ਪਰ ਹੁਣ ਵੀ ਨਾਮਧਾਰੀ ਪੰਜਾਬੀ ਸਾਹਿਤ ਸਭਾ ਨਾਮਧਾਰੀ ਦਰਬਾਰ ਅੱਗੇ ਬੇਨਤੀ ਕਰਦੀ ਹੈ ਕਿ ਉਹਨਾਂ ਗਲਤੀਆਂ ਨੂੰ ਸੋਧ ਕੇ ਮੀਡੀਆ ਵਿਚ ਛਪਵਾਇਆ ਜਾਵੇ ਤਾਂ ਕਿ ਆਮ



Namdhari Elibrary NamdhariElibrary@gmail.com

ਜਨਤਾ ਨੂੰ ਨਾਮਧਾਰੀ ਇਤਿਹਾਸ ਦੀ ਅਸਲੀਅਤ ਤੋਂ ਜਾਣੂ ਕਰਵਾਇਆ ਜਾ ਸਕੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਇਸ ਤੋਂ ਸਹੀ ਸੇਧ ਮਿਲਦੀ ਰਹੇ।

ਇਤਿਹਾਸਕ ਗਲਤੀਆਂ ਇਸ ਪ੍ਰਕਾਰ ਹਨ :-

ਜਨਮ ਦਾ ਸੰਨ ੧੮੧੬ ਦੀ ਬਜਾਏ ੧੮੨੬ ਲਿਖਿਆ ਹੈ।

ਮਲੇਰਕੋਟਲਾ ਦੇ ਸ਼ਹੀਦਾਂ ਨੂੰ ਤੋਪਾਂ ਨਾਲ ਬੰਨ ਕੇ ਉਡਾਇਆ ਲਿਖਿਆ ਹੈ ਜੋ ਗਲਤ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਨਿਧਨ ੨੯ ਨਵੰਬਰ ੧੮੮੫ ਵਿਚ ਲਿਖਿਆ ਹੈ ਜੋ ਗਲਤ ਹੈ।

*—ਲਖਵਿੰਦਰ ਬਾਜਵਾ*

## ਸ. ਬੇਅੰਤ ਸਿੰਘ ਸਰਹੱਦੀ ਦਾ ਸਨਮਾਨ

ਸ. ਬੇਅੰਤ ਸਿੰਘ ਸਰਹੱਦੀ ਐਡੀਟਰ ਵੀਕਲੀ ਸਿਮਰਨ ਜੋ ਕਿ ਪਿਛਲੇ ਪੂਰੇ ੬੦ ਸਾਲਾਂ ਤੋਂ ਸਾਹਿਤਕ, ਸਮਾਜਿਕ ਅਤੇ ਧਾਰਮਿਕ ਖੇਤਰ ਵਿਚ ਨਿਰੰਤਰ ਸੇਵਾ ਕਰਕੇ ਭਰਪੂਰ ਯੋਗਦਾਨ ਪਾ ਰਹੇ ਹਨ, ਨੂੰ ਉਰਦੂ ਪੰਜਾਬੀ ਕਲੱਬ ਜਲੰਧਰ ਅਤੇ ਭਾਟੀਆ ਹਸਪਤਾਲ ਜਲੰਧਰ ਵੱਲੋਂ ੨੧ ਦਸੰਬਰ ੨੦੦੮ ਨੂੰ ਇਕ ਵਿਸ਼ੇਸ਼ ਸਮਾਗਮ ਰਚ ਕੇ ਸਨਮਾਨਿਤ ਕੀਤਾ ਗਿਆ। ਇਸ ਦੀਆਂ ਬਹੁਤ ਬਹੁਤ ਵਧਾਈਆਂ ਹੋਣ।

## ਡੀ. ਆਰ. ਧਵਨ ਸਨਮਾਨਿਤ

*ਸਨਮਾਨ 'ਚ ੫੧,੦੦੦ ਰੁ. ਮਿਲੇ*

ਜਲੰਧਰ ਵਿਚ ਇਕ ਭਰਵੇਂ ਸਮਾਗਮ ਵਿਚ ਹਿੰਦ-ਪਾਕਿ ਦੋਸਤੀ ਮੰਚ (ਜਰਮਨ) ਵਲੋਂ ਪ੍ਰਸਿਧ ਕਵੀ ਡੀ. ਆਰ. ਧਵਨ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੁਬਾਰਕ ਮੌਕੇ 'ਤੇ ਸ੍ਰੀ ਧਵਨ ਨੂੰ ਇਕਵੰਜਾ ਹਜ਼ਾਰ ਰੁਪਏ ਨਕਦ, ਸ਼ਾਲ ਅਤੇ ਮੋਮੈਂਟੋ ਦੇ ਕੇ ਨਿਵਾਜਿਆ ਗਿਆ। ਤਿੰਨ ਭਾਸ਼ਾਵਾਂ ਵਿਚ ਸਮਾਨਅੰਤਰ ਲਿਖਣ ਵਾਲਾ ਡੀ. ਆਰ. ਧਵਨ ਹੁਣ ਤੱਕ ਆਪਣੀ ਸ਼ਾਇਰੀ ਦੀਆਂ ਕਈ ਪੁਸਤਕਾਂ ਸਾਹਿਤ ਦੀ ਝੋਲੀ ਵਿਚ ਪਾ ਚੁੱਕਿਆ ਹੈ। ਦੀਪਕ ਸਾਹਿਬ ਦੇ ਚੰਡੇ ਇਸ ਸ਼ਾਇਰ ਨੇ ਆਪਣੀ ਸ਼ਾਇਰੀ ਰਾਹੀਂ ਧਾਰਮਿਕ, ਸੱਭਿਆਚਾਰਕ ਅਤੇ ਸਮਾਜਿਕ ਖੇਤਰ 'ਚ ਲੋਕਾਈ ਨੂੰ ਨਵੀਂ ਸੇਧ ਦੇਣ ਦੇ ਜੋ ਉਪਰਾਲੇ ਕੀਤੇ ਹਨ, ਉਹ ਕੋਈ ਲੁਕੇ-ਛਿਪੇ ਨਹੀਂ ਹਨ। ਹਿੰਦ-ਪਾਕਿ ਦੋਸਤੀ ਮੰਚ (ਜਰਮਨ) ਵੱਲੋਂ ਕਰਵਾਏ ਗਏ ਇਸ ਵਿਸ਼ੇਸ਼ ਸਮਾਗਮ ਦਾ ਆਯੋਜਨ ਸੇਖੋਂ ਗ੍ਰੈਂਡ ਹੋਟਲ ਜਲੰਧਰ ਦੇ ਖੁੱਲ੍ਹੇ ਪੰਡਾਲ 'ਚ ਕੀਤਾ ਗਿਆ। ਇਸ ਸਮਾਗਮ ਵਿਚ ਸਭ ਤੋਂ ਵੱਡੀ ਮਾਣ ਵਾਲੀ ਗੱਲ ਇਹ ਸੀ ਕਿ ਸ੍ਰੀ ਡੀ. ਆਰ. ਧਵਨ ਦੀ ਧਰਮ ਪਤਨੀ ਨੂੰ ਵਿਸ਼ੇਸ਼ ਤੌਰ 'ਤੇ ਗਿਆਰਾਂ ਹਜ਼ਾਰ ਰੁਪਏ ਨਕਦ ਅਤੇ ਦੁਸ਼ਾਲਾ ਦੇ ਕੇ ਡਾ. ਦਲਜੀਤ ਸਿੰਘ ਚੀਮਾ ਸਲਾਹਕਾਰ ਅਕਾਲੀ ਦਲ ਬਾਦਲ ਅਤੇ ਜਰਮਨ ਸ਼ਾਖਾ ਦੇ ਪ੍ਰਧਾਨ ਗਿਆਨ ਸਿੰਘ ਭਾਨਾ ਦੇ ਮਾਤਾ ਜੀ ਨੇ ਸਨਮਾਨਿਤ ਕੀਤਾ। ਇਸ ਮੁਬਾਰਕ ਮੌਕੇ 'ਤੇ ਸ਼ਾਇਰੀ, ਪੱਤਰਕਾਰੀ ਅਤੇ ਸਮਾਜਸੇਵੀ ਜਥੇਬੰਦੀਆਂ ਦੀ ਦੁਨੀਆਂ ਵਿਚ ਹਿੰਦ-ਪਾਕਿ ਦੋਸਤੀ ਮੰਚ (ਜਰਮਨ) ਦੇ ਪ੍ਰਧਾਨ ਗਿਆਨ ਸਿੰਘ ਭਾਨਾ, ਜਨਰਲ ਸਕੱਤਰ ਸਤਨਾਮ ਮਾਣਕ (ਅਜੀਤ), ਸੁਖਦੇਵ ਜੋਸ਼ਨ, ਗੁਰਨਾਮ ਗਿੱਲ, ਬਾਬੂ ਤਰਸੇਮ ਸਿੰਘ, ਸ. ਹੁਕਮ ਸਿੰਘ ਉੱਪਲ (ਰਿਟਾ.) ਸੁਪਰਵਾਈਜ਼ਰ ਪੰਜਾਬ ਰੋਡਵੇਜ਼ ਜਲੰਧਰ, ਸ. ਨਰਿੰਦਰ ਸਿੰਘ ਮਾਨਵ, ਸ. ਹਰਕਿਸ਼ਨ ਸਿੰਘ, ਸ. ਅਜੀਤ ਸਿੰਘ, ਮੇਜਰ ਸਿੰਘ, ਪ੍ਰਦੀਪ ਬੱਸਰਾ, ਆਰ. ਐੱਨ. ਸਿੰਘ, ਸੁਰਿੰਦਰ ਸਿੰਘ ਸਬ-ਐਡੀਟਰ (ਜੱਗ ਬਾਣੀ), ਬਲਵਿੰਦਰ ਵਿੱਕੀ ਉਰਫ ਰੌਣਕੀ ਰਾਮ, ਰੂਪ ਲਾਲ ਦੂਰਦਰਸ਼ਨ, ਪਰਮਜੀਤ ਸਿੰਘ ਦੂਰਦਰਸ਼ਨ, ਸ. ਪਿਆਰਾ ਸਿੰਘ ਭੋਗਲ, ਦੀਪਕ ਜਲੰਧਰੀ, ਜਾਨਕੀਨਾਥ ਭਾਰਦਵਾਜ (ਠੰਡੂ ਰਾਮ), ਪੀ. ਸੀ. ਪੁਰੀ, ਪੀ. ਕੇ. ਮੁਕੇਸ਼, ਸੁਰਿੰਦਰ ਧਵਨ, ਰਮਨ ਧਵਨ ਤੇ ਕਰਨਵੀਰ ਧਵਨ ਤੋਂ ਇਲਾਵਾ ਬਹੁਤ ਸਾਰੇ ਪੱਤਰਕਾਰ, ਸ਼ਾਇਰ ਅਤੇ ਸਮਾਜ ਸੇਵੀ ਜਥੇਬੰਦੀਆਂ ਦੇ ਮੈਂਬਰ ਹਾਜ਼ਰ ਸਨ।

## ਸੰਤ ਸੁੰਦਰ ਸਿੰਘ ਜੀ ਨਮਿਤ ਮੇਲਾ

ਸੰਤ ਸੁੰਦਰ ਸਿੰਘ ਜੀ, ਵਾਸੀ ਪਿੰਡ ਗਦਾਈ ਪੁਰ, ਜਲੰਧਰ ਸ਼ਹਿਰ, ਆਪਣੀ ੧੦੨ ਵਰ੍ਹੇ ਦੀ ਲੰਮੀ ਉਮਰ ਭੋਗ ਕੇ ਸੋਮਵਾਰ ੮ ਦਸੰਬਰ ੨੦੦੮ ਨੂੰ ਚੜ੍ਹਾਈ ਕਰ ਗਏ। ਉਹ ਆਪਣੇ ਪਿੱਛੇ ਆਪਣੀ ਪਤਨੀ (ਮਾਤਾ ਸਵਰਨ ਕੌਰ), ੪ ਪੁੱਤਰ, ੨ ਧੀਆਂ, ਅਤੇ ਆਪਣੇ ਭਰਾਵਾਂ, ਸਰਵਸੰਤ ਸੋਹਣ ਸਿੰਘ, ਇੰਦਰ ਸਿੰਘ, ਮੰਗਲ ਸਿੰਘ ਅਤੇ ਪਿਆਰਾ ਸਿੰਘ ਦੇ ਪਰਿਵਾਰਾਂ ਦੇ ਪੁੱਤਰ, ਪੋਤਰੇ, ਦੋਹਤਰੇ, ਪੜਪੋਤੇ, ਪੜਦੋਹਤਰੇ ਦੇ ਵੱਡੇ ਪਰਿਵਾਰ ਨੂੰ ਅਲਵਿਦਾ ਕਹਿ ਗਏ। ਇਹਨਾਂ ਦੇ ਪਿਤਾ ਸਰਦਾਰ ਈਸ਼ਰ ਸਿੰਘ ਮਠਾੜੂ ਬੜੇ ਹੀ ਨੇਕ ਅਤੇ ਸਤਿਆਵਾਦੀ ਇਨਸਾਨ ਸਨ। ਸੰਤ ਸੁੰਦਰ ਸਿੰਘ ਜੀ ਦਾ ਜਨਮ ਪਿੰਡ ਬੁੱਢੇ ਲੰਗਾਹ ਤਹਿਸੀਲ ਸ਼ਕਰਗੜ੍ਹ ਜੋ ਕਿ ਹੁਣ ਪਾਕਿਸਤਾਨ ਵਿਚ ਹੈ, ਵਿਖੇ ਹੋਇਆ। ਭਾਵੇਂ ਆਪ ਪੜ੍ਹੇ ਹੋਏ ਨਹੀਂ ਸਨ ਪਰ ਆਪਣੇ ਪੁੱਤਰਾਂ ਨੂੰ ਔਕੜਾਂ ਸਮੇਂ ਵੀ ਪੜ੍ਹਾਉਣ ਦੇ ਯਤਨ ਕਰਦੇ ਰਹੇ। ਪੜ੍ਹੇ, ਲਿਖੇ ਅਤੇ ਪਤਵੰਤੇ ਸੱਜਣਾਂ ਵਿਚ ਇਹਨਾਂ ਦੀ ਵਜ਼ਨਦਾਰ ਗੱਲ ਨੂੰ ਵਿਚਾਰਿਆ ਜਾਂਦਾ ਸੀ ਜੋ ਕਿ ਫੈਸਲਾਕੁੰਨ ਹੁੰਦੀ ਸੀ। ੧੯੪੭ ਦੀ ਭਾਰਤ-ਪਾਕਿਸਤਾਨ ਦੀ ਵੰਡ ਮਗਰੋਂ ਕਰੀਬ ੧ ਸਾਲ ਪਿੰਡ ਪਰਾਚਾ (ਫਤਹਿਗੜ੍ਹ ਚੂੜੀਆਂ ਦੇ ਨਜ਼ਦੀਕ) ਵਿਖੇ ਰਹਿਣ ਮਗਰੋਂ ਪਿੰਡ ਗਦਾਈਪੁਰ ਆ ਗਏ। ਬਚਪਨ ਤੋਂ ਹੀ ਇਹਨਾਂ ਨੂੰ ਗਾਉਣ ਦਾ ਸ਼ੌਕ ਸੀ। ਉਚੀ ਅਤੇ ਸੁਰੀਲੀ ਆਵਾਜ਼ ਵਿਚ ਇਹ ਬੈਂਤ, ਹੀਰ, ਸੱਦ, ਛੰਦ ਅਤੇ ਮਿਰਜ਼ਾ ਆਦਿ ਬੜੀ ਨਿਪੁੰਨਤਾ ਨਾਲ ਗਾ ਲੈਂਦੇ ਸਨ। ਇਧਰ ਆ ਕੇ ਕਾਰਣਵੱਸ ਅਮੀਰ ਪਿਤਾ ਦੇ ਪੁੱਤਰ ਮਾਇਕ ਪੱਖੋਂ ਗਰੀਬ ਹੋ ਗਏ ਪਰ ਹੌਸਲਾ ਨਹੀਂ ਹਾਰਿਆ। ਜੀਵਨ ਦੀ ਐਸੀ ਸਥਿਤੀ ਨੂੰ ਖਿੜੇ ਮੱਥੇ ਝੇਲਦੇ ਰਹੇ ਅਤੇ ਅਣਖ ਨਾਲ ਜ਼ਿੰਦਗੀ ਜਿਊਣ ਦੀ ਜਾਂਚ ਆਪਣੇ ਪੁੱਤਰਾਂ ਨੂੰ ਵੀ ਦੱਸੀ। ਜਦੋਂ ਸੰਨ ੧੯੪੯ ਵਿਚ ਪਿੰਡ ਗਦਾਈਪੁਰ ਆਏ ਤਾਂ ਦੇਖਿਆ ਕਿ ਪਿੰਡ ਵਾਸੀਆਂ ਦੀ


Namdhari Elibrary NamdhariElibrary@gmail.com

ਰਹਿਣੀ-ਬਹਿਣੀ ਸਾਡੇ ਅਨੁਕੂਲ ਨਹੀਂ ਸੀ। ਮਾਸ-ਸ਼ਰਾਬ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ; ਸ਼ਰਾਬ ਕੱਢਦੇ, ਪੀਂਦੇ ਅਤੇ ਵੇਚਦੇ ਵੀ ਸਨ। ਐਸੀ ਸੰਗਤ ਨੇ ਸੰਤ ਸੁੰਦਰ ਸਿੰਘ ਨੂੰ ਵੀ ਇਧਰ ਹੀ ਲਗਾ ਦਿੱਤਾ ਅਤੇ ਘਰ ਵਿਚ ਬਹੁਤ ਮਾੜੇ ਹਾਲਾਤ ਪੈਦਾ ਹੋ ਗਏ। ਇਸ ਸਮੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਗੱਦੀ ਤੇ ਬਿਰਾਜਮਾਨ ਸਨ। ਕੀ ਹੋਇਆ ਕਿ ਇਹਨਾਂ ਦੇ ਵੱਡੇ ਭਰਾ ਦੇ ਪੁੱਤਰ ਸੰਤ ਰਤਨ ਸਿੰਘ ਨਾਮਧਾਰੀ ਬਣ ਗਏ। ਨਾਮਧਾਰੀ ਸੰਗਤ ਅਤੇ ਕੀਰਤਨ ਕਰਨ ਵਾਲੇ ਜੱਥੇਦਾਰ ਜਿਵੇਂ ਕਿ ਜੱਥੇਦਾਰ ਗਿਆਨ ਸਿੰਘ ਵੀਰੋਕੇ, ਕਰਤਾਰ ਸਿੰਘ ਬਿਜਲੀਵਾਲ, ਗਿਆਨਾ ਸਿੰਘ ਆਦਿ ਦੀ ਆਮਦ ਸ਼ੁਰੂ ਹੋ ਗਈ। ਜਲੰਧਰ ਸ਼ਹਿਰ ਦੀ ਸਥਾਨਕ ਸਾਧ ਸੰਗਤ ਦੇ ਵੀ ਚਰਨ ਪੈਣ ਲੱਗੇ। ਜੱਥੇਦਾਰ ਨੱਥਾ ਸਿੰਘ, ਜੱਥੇਦਾਰ ਹਜ਼ਾਰਾ ਸਿੰਘ, ਸੰਤ ਉਜਾਗਰ ਸਿੰਘ ਅਤੇ ਸੰਤ ਜਗਦੀਸ਼ ਸਿੰਘ ਦੇ ਨਾਮ ਵਰਨਣ ਯੋਗ ਹਨ। ਸਮੇਂ-ਸਮੇਂ ਸਵੇਰੇ ਆਸਾ ਦੀ ਵਾਰ ਅਤੇ ਸ਼ਾਮੀ ਦੀਵਾਨ ਲੱਗਣ ਲੱਗ ਪਏ। ਇਸ ਤਰ੍ਹਾਂ ਸਤਿਜੁਗੀ ਵਾਤਾਵਰਣ ਸਿਰਜਣਾ ਸ਼ੁਰੂ ਹੋ ਗਿਆ। ਪਿੰਡ ਵਾਲਿਆਂ ਨੇ ਮਾਸ-ਸ਼ਰਾਬ ਤਿਆਗ ਕੇ ਭਜਨ ਪੁੱਛ ਲਿਆ। ਪੜੋਸੀ ਪਿੰਡਾਂ ਵਿੱਚੋਂ ਗਦਾਈਪੁਰ ਸਭ ਤੋਂ ਘੱਟ ਆਬਾਦੀ ਵਾਲਾ ਪਿੰਡ ਸੀ। ਪਿੰਡ ਛੋਟਾ ਸੀ ਪਰ ਪਰਸਪਰ ਇਤਫਾਕ ਬਹੁਤ ਜ਼ਿਆਦਾ ਸੀ। ਮਾਸਟਰ ਕਰਤਾਰ ਸਿੰਘ, ਗਿਆਨੀ ਉਜਾਗਰ ਸਿੰਘ ਡੀ. ਐਸ. ਪੀ, ਸ. ਪ੍ਰੀਤਮ ਸਿੰਘ ਅਤੇ ਉਹਨਾਂ ਦੇ ਭਰਾਵਾਂ ਨਾਲ ਸੰਤ ਸੁੰਦਰ ਸਿੰਘ ਜੀ ਦਾ ਬਹੁਤ ਪਿਆਰ ਹੋ ਗਿਆ। ਸੰਗਤ ਦੇ ਪ੍ਰਭਾਵ ਨਾਲ ਪੜ੍ਹੇ-ਲਿਖਿਆਂ ਦੀ ਜ਼ਿੰਦਗੀ ਜਿਊਣ ਦੀ ਲਾਲਸਾ ਉਤਪੰਨ ਹੋਈ। ਸਤਿਗੁਰਾਂ ਦੀ ਕ੍ਰਿਪਾ ਨਾਲ ਘਰ ਵਿਚੋਂ ਬੇਟਾ ਤਰਲੋਕ ਸਿੰਘ ਨਾਮਧਾਰੀ ਬਣ ਗਏ ਅਤੇ ਸੋਧ ਵੀ ਰੱਖ ਲਈ।

ਇਕ ਵਾਰੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਲੰਧਰ ਸ਼ਹਿਰ ਵਿਖੇ ਮੇਲੇ ਦੀ ਬਖਸ਼ਿਸ਼ ਕੀਤੀ। ਦਮੋਰੀਆ ਪੁਲ ਵਿਖੇ ਮੇਲਾ ਹੋਇਆ। ਨਾਡੂ ਸ਼ਾਹ ਦੇ ਪਰਿਸਰ ਵਿਖੇ ਦੀਵਾਨ ਲੱਗੇ। ਰਾਤ ਨੂੰ ਪੰਡਿਤ ਗੋਪਾਲ ਸਿੰਘ ਜੀ ਨੇ ਦੀਵਾਨ ਲਾਇਆ ਹੋਇਆ ਸੀ; ਸੰਤ ਸੁੰਦਰ ਸਿੰਘ ਜੀ ਛੈਣੇ ਵਜਾ ਰਹੇ ਸਨ। ਸਮਾਪਤੀ ਸਮੇਂ ਮਾਸ-ਸ਼ਰਾਬ ਸੇਵਨ ਕਰਨ ਵਾਲਿਆਂ ਦੇ ਹੱਥ ਖੜੇ ਕਰਵਾਏ ਗਏ ਤਾਂ ਪਿਤਾ (ਸੰਤ ਸੁੰਦਰ ਸਿੰਘ) ਜੀ ਨੇ ਭਰੇ ਦੀਵਾਨ ਵਿਚ ਹੱਥ ਖੜੇ ਕਰ ਦਿੱਤੇ। ਪੰਡਿਤ ਜੀ ਹੈਰਾਨ ਰਹਿ ਗਏ ਉਹਨਾਂ ਨੇ ਪਿਤਾ ਜੀ ਦੇ ਕੰਨ ਵਿਚ ਭਜਨ ਦੱਸ ਦਿੱਤਾ। ਦੀਵਾਨਾਂ ਦਾ ਸਿਲਸਿਲਾ ਨਿਰੰਤਰ ਚਲ ਪਿਆ। ਘਰ ਵਿਚ ਸਾਧੂ-ਮਹਾਤਮਾ ਦੇ ਚਰਨ ਪੈਣ ਲੱਗੇ।

ਸੰਨ ੧੯੫੯ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੱਦੀ ਤੇ ਬਿਰਾਜਮਾਨ ਹੋਏ ਉਹਨਾਂ ਨੇ ਕ੍ਰਿਪਾ ਦੇ ਭੰਡਾਰੇ ਖੋਲ ਦਿੱਤੇ। ਔਕੜਾਂ ਦੂਰ ਹੋ ਗਈਆਂ। ਸੰਤ ਸੁੰਦਰ ਸਿੰਘ ਜੀ-ਮਾਤਾ ਸਵਰਨ ਕੌਰ ਜੀ ਦੇ ਪਰਿਵਾਰ ਵਿਚ ਚਹਿਲ-ਪਹਿਲ ਹੋ ਗਈ। ਜਥੇਦਾਰ ਹਜ਼ਾਰਾ ਸਿੰਘ ਰਾਹੀਂ ਨਾਮਧਾਰੀ ਪਰਿਵਾਰ. ਨਾਲ ਰਿਸ਼ਤਾ ਹੋ ਗਿਆ। ਸਤਿਗੁਰਾਂ ਦੇ ਚਰਨਾਂ ਨਾਲ ਹੋਰ ਜੁੜ ਗਏ। ਲਗਭਗ ਅੱਧੀ ਸਦੀ ਦਾ ਸਮਾਂ ਬੜਾ ਹੀ ਅਨੁਕੂਲ ਅਤੇ ਸਾਧ-ਸੰਗਤ ਨਾਲ ਸਤਿਗੁਰਾਂ ਨਾਲ ਸਬੰਧਤ ਸਾਖੀਆਂ ਭਰਿਆ ਹੈ। ਸੰਤ ਸੁੰਦਰ ਸਿੰਘ ਜੀ ਦੇ ਜੀਵਨ ਦੀਆਂ ਬਹੁਤ ਸਾਖੀਆਂ ਹਨ ਜੋ ਕਿ ਸਾਨੂੰ ਅੱਛਾ ਜੀਵਨ ਬਤੀਤ ਕਰਨ ਲਈ ਚਾਨਣ-ਮੁਨਾਰਾ ਹਨ। ਚੜ੍ਹਾਈ ਕਰਨ ਤੋਂ ਕੁਝ ਦਿਨ ਪਹਿਲਾਂ ਪਿਤਾ ਜੀ ਨੇ ਦੱਸਿਆ ਕਿ ਮੈਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦੇ ਕੇ ਆਖਿਆ ਸੀ ਕਿ ਮੈਂ ਤੇਰੇ ਸਾਰੇ ਔਗੁਣ ਬਖਸ਼ ਦਿੱਤੇ ਹਨ। ਉਹ ਸਤਿਗੁਰਾਂ ਨਾਲ ਅੰਦਰੋਂ-ਬਾਹਰੋਂ ਜੁੜੇ ਰਹੇ। ਅੰਤਲੇ ਸਮੇਂ ਉਹ ਲੱਤ ਤੇ ਸੱਟ ਲਗਣ ਕਾਰਨ ਚਲ-ਫਿਰ ਨਹੀਂ ਸਨ ਸਕਦੇ ਪਰ ਉਹਨਾਂ ਨੇ ਕਦੀ ਇਹ ਨਹੀਂ ਸੀ ਕਿਹਾ ਕਿ ਮੈਨੂੰ ਕੋਈ ਤਕਲੀਫ ਹੈ। ਇਕ ਦਿਨ ਵਿਚ ਸੱਤ-ਅੱਠ ਮਾਲਾ ਭਜਨ ਦੀਆਂ ਕਰ ਲੈਂਦੇ ਸਨ।

ਅਰਜ ਕਰਨ ਤੇ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਸੰਤਾਂ ਨਮਿੱਤ ਮੇਲਾ-ਪਾਠ ਦਾ ਭੋਗ ਸ੍ਰੀ ਭੈਣੀ ਸਾਹਿਬ ਪਾਉਣਾ ਹੈ। ਸੋ ਉਹਨਾਂ ਦੀ ਕ੍ਰਿਪਾ ਨਾਲ ੨੦-੧੨-੨੦੦੮ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੰਤ ਸੁੰਦਰ ਸਿੰਘ ਜੀ ਦੇ ਨਮਿੱਤ ਮੇਲਾ ਹੋਇਆ ਜਿਸ ਵਿਚ ਹਜ਼ੂਰੀ ਸੇਵਕ ਸੰਤ ਰਛਪਾਲ ਸਿੰਘ ਜੀ, ਸੰਤ ਹਰਪਾਲ ਸਿੰਘ ਜੀ, ਸੰਤ ਸੁਖਦੇਵ ਸਿੰਘ ਜੀ, ਸੂਬਾ ਹਰਭਜਨ ਸਿੰਘ ਜੀ ਲੁਧਿਆਣਾ ਵਾਲੇ, ਸੂਬਾ ਜਗੀਰ ਸਿੰਘ ਜੀ, ਸੂਬਾ ਬਲਵਿੰਦਰ ਸਿੰਘ ਜੀ, ਸੰਤ ਕਸ਼ਮੀਰ ਸਿੰਘ ਜੀ, ਸੂਬਾ ਪਰਮਜੀਤ ਸਿੰਘ ਜੀ ਚੰਡੀਗੜ੍ਹ ਅਤੇ ਹੋਰ ਪਤਵੰਤੇ ਸੱਜਣ ਅਤੇ ਸਤਿਕਾਰਯੋਗ ਸਾਧ-ਸੰਗਤ ਨੇ ਕ੍ਰਿਪਾ ਕਰ ਕੇ ਦਰਸ਼ਨ ਦਿੱਤੇ। ਪੂਜਯ ਸ੍ਰੀ ਮਾਤਾ ਚੰਦ ਕੌਰ ਜੀ ਵੀ ਬਿਰਾਜਮਾਨ ਸਨ।

ਪਾਠਾਂ ਦੇ ਭੋਗ ਸਮੇਂ ਸਲੋਕ, ਮਾਸਟਰ ਦਰਸ਼ਨ ਸਿੰਘ ਜੀ ਨੇ ਆਪਣੇ ਪਾਠੀਆਂ ਸਹਿਤ ਪੜ੍ਹੇ, ਸੰਤ ਮਹਿੰਦਰ ਸਿੰਘ ਜੀ ਪੂਰਬਾ ਨੇ ਅਰਦਾਸ ਕੀਤੀ ਅਤੇ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਜੀ ਘੁੱਲਾ ਨੇ ਆਪਣੇ ਸਾਥੀ ਰਾਗੀਆਂ ਸਹਿਤ ਕੀਰਤਨ ਕੀਤਾ। ਸੱਚੇ ਪਾਤਸ਼ਾਹ ਜੀ ਨੇ ਆਪਣੇ ਸੇਵਕ ਤੇ ਅਪਾਰ ਕ੍ਰਿਪਾ ਕੀਤੀ। ਉਹਨਾਂ ਦਾ ਕੋਟਾਨ-ਕੋਟ ਧੰਨਵਾਦ ਹੈ।

ਪਿੰਡ ਗਦਾਈਪੁਰ ਵਿਚ ੨੧ ਦਸੰਬਰ ੨੦੦੮ ਨੂੰ ਵੀ ਸੰਤ ਸੁੰਦਰ ਸਿੰਘ ਨਮਿਤ ਪਾਠਾਂ ਉਹਨਾਂ ਦੇ ਸਪੁੱਤਰ ਸੰਤ ਤਰਲੋਕ ਸਿੰਘ ਅਤੇ ਪਰਿਵਾਰ ਵਲੋਂ ਪਾਠਾਂ ਦੇ ਭੋਗ ਪਾਏ ਗਏ। ਇਸ ਸਮੇਂ ਜਥੇਦਾਰ ਬਾਬਾ ਛਿੰਦਾ ਸਿੰਘ ਜੀ ਨੇ ਬਹੁਤ ਵੈਰਾਗਮਈ ਹੱਲੇ ਦਾ ਦੀਵਾਨ ਸਜਾਇਆ। ਸ. ਜਗਦੀਸ਼ ਸਿੰਘ ਵਰਿਆਮ, ਜਥੇਦਾਰ ਹਜ਼ਾਰਾ ਸਿੰਘ ਜੀ, ਸੂਬਾ ਜੁਗਿੰਦਰ ਸਿੰਘ, ਪ੍ਰਧਾਨ ਸੁਰਜੀਤ ਸਿੰਘ ਹੋਰਾਂ ਸ਼ਰਧਾਂਜਲੀਆਂ ਦਿੱਤੀਆਂ। ਸੰਤਾਂ ਦੇ ਸਪੁੱਤਰਾਂ ਸੰਤ ਤਰਲੋਕ ਸਿੰਘ, ਸੰਤ ਚੰਨਣ ਸਿੰਘ ਹੋਰਾਂ ਆਈਆਂ ਬੇਅੰਤ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਲੰਗਰ ਗੁਰੂ ਕਾ ਅਤੁੱਟ ਵਰਤਿਆ।



Namdhari Elibrary NamdhariElibrary@gmail.com

Oster®

REGD. TRADE MARK No. 491851

***SHIRTS***

CARDIGANS • PULLOVERS

TITLIS
(U.K.)

LUXURY SHAWLS • BLANKETS

BED SHEETS • BED LINEN

**TEL : + 91 161 2494123, 2496056, 2493689, 5087501-02-03.**
**FAX:+ 91 161 2494131, 2500732**
**E-MAIL:jawsons@sify.com osterldh@satyam.net.in**
**Web site.www.osterindia.com**




Namdhari Elibrary NamdhariElibrary@gmail.com

# ਪ੍ਰਤੀਕਿਰਿਆ

ਇਸ ਮਹੀਨੇ (ਦਸੰਬਰ-੨੦੦੮) ਦਾ 'ਵਰਿਆਮ' ਅੰਕ ਮਿਲਿਆ। "ਬੰਗਾਲੀਆਂ ਦਾ ਸਰਾਭਾ-ਖੁਦੀ ਰਾਮ ਬੋਸ" ਜਰਨੈਲ ਸਿੰਘ ਬੱਧਣ ਦਾ ਲਿਖਿਆ ਪੜ੍ਹਿਆ। ਦੇਸ਼ ਦੀ ਆਜ਼ਾਦੀ ਲਈ ਬਹੁਤ ਹੀ ਛੋਟੀ ਜਿਹੀ ਉਮਰ ਦੇ ਬਾਲਕ ੧੮ ਸਾਲ ਅਠ ਮਹੀਨੇ ਦੀ ਉਮਰ ਵਿਚ ਫਾਂਸੀ ਦਾ ਫੰਧਾ ਚੁੰਮਿਆ। ਇਹ ਆਰਟੀਕਲ ਪੜ੍ਹਿਆ ਠੋਸ ਭਰਪੂਰ ਜਾਣਕਾਰੀ ਮਿਲੀ। ਸਿਮਰਨ ਕੌਰ ਰਾਮਪੁਰਾ ਫੂਲ ਦਾ ਲਿਖਿਆ ਨਿਬੰਧ "ਸਤਿਗੁਰੂ ਰਾਮ ਸਿੰਘ ਜੀ ਦੇ ਇਸਤਰੀ ਜਾਤੀ ਤੇ ਕੀਤੇ ਉਪਕਾਰ" ਬਹੁਤ ਖੋਜ ਭਰਪੂਰ ਸੀ। ਸੁਵਰਨ ਸਿੰਘ ਵਿਰਕ ਦਾ ਕੂਕਾ ਲਹਿਰ ਦੇ ਅਮਰ-ਨਾਇਕ ਮਸਤਾਨੀ ਬਿਰਤੀ ਵਾਲਾ ਸੂਬਾ ਮਲੂਕ ਸਿੰਘ "ਫੂਲੇਵਾਲ" ਦੇ ਲੇਖ ਵਿਚ ਨਾਮਧਾਰੀ ਇਤਿਹਾਸ ਦੀ ਜਾਣਕਾਰੀ ਅਤੇ ਸੂਬਾ ਜੀ ਦੇ ਜੀਵਨ ਬ੍ਰਿਤਾਂਤ ਨੂੰ ਸੁਚੱਜੇ ਢੰਗ ਨਾਲ ਵਰਨਣ ਕੀਤਾ ਗਿਆ ਹੈ।

'ਵਰਿਆਮ' ਮੈਗਜ਼ੀਨ ਵਿਚ ਵਿਦਵਤਾ ਭਰਪੂਰ ਤੇ ਠੋਸ ਸਚਾਈ ਵਾਲੇ ਆਰਟੀਕਲ ਹੁੰਦੇ ਹਨ। ਤੁਹਾਡੀ ਇਸ ਸੂਝ ਬੂਝ, ਦਲੇਰੀ ਅਤੇ ਸ਼ਕਤੀ-ਏ ਕਲਮ ਬਾਰੇ ਸ਼ਬਦ ਨਹੀਂ ਕਿ ਧੰਨਵਾਦ ਕਰ ਸਕਾਂ। ਆਪ ਜੀ ਦੇ ਲਿਖੇ ਮੁਖਬੰਦ ਪਾਠਕਾਂ ਦਾ ਦਿਲ ਟੁੰਬ ਦਿੰਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਤੁਹਾਡੀ ਕਲਮ ਨੂੰ ਹੋਰ ਸ਼ਕਤੀ ਬਖਸ਼ਣ ਤੇ ਆਪ ਇਸੇ ਤਰ੍ਹਾਂ ਪੰਜਾਬੀ ਸਹਿਤ ਦੀ ਸੇਵਾ ਕਰਦੇ ਰਹੋ। ਪੰਥ ਰਤਨ ਮਾ. ਨਿਹਾਲ ਸਿੰਘ 'ਵਰਿਆਮ' ਵਿਚ ਛਾਪਣ ਦਾ ਤੇ 'ਵਰਿਆਮ' ਅੰਕ ਭੇਜਣ ਦਾ ਬਹੁਤ-ਬਹੁਤ ਧੰਨਵਾਦ। ਮੈਂ ਆਪ ਜੀ ਨੂੰ ੨੦੦ ਰੁਪਏ ਮਨੀਆਰਡਰ ਰਾਹੀਂ ਭੇਜ ਦਿੱਤੇ ਹਨ। ਜੋ ਕਿ 'ਵਰਿਆਮ' ਮੈਗਜ਼ੀਨ ਦਾ ਸਾਲਾਨਾ ਚੰਦਾ ਹੈ। ਜਨਵਰੀ ੨੦੦੯ ਤੋਂ 'ਵਰਿਆਮ' ਮੈਗਜ਼ੀਨ ਭੇਜਣ ਦੀ ਕ੍ਰਿਪਾਲਤਾ ਕਰਨੀ।

*—ਸੁਲੱਖਣ ਸਿੰਘ ਭਿੰਡਰ*
*ਮਕਾਨ ਨੰਬਰ-੧੩੮, ਜੋਧੂ ਕਾਲੋਨੀ,*
*ਗਲੀ ਨੰਬਰ -੬, ਮੁਕਤਸਰ*

ਉਂਜ ਤਾਂ 'ਵਰਿਆਮ' ਹਰ ਮਹੀਨੇ ਚੜ੍ਹਦੀ ਕਲਾ ਵਿਚ ਮਿਲਦਾ ਹੈ ਪਰ ਇਸ ਵਾਰ ਸ਼ਹੀਦ ਖੁਦੀ ਰਾਮ ਬੋਸ ਦੇ ਟਾਈਟਲ ਤੇ ਲੇਖ ਨਾਲ ਅਤੇ ਪ੍ਰੋ. ਪ੍ਰੀਤਮ ਸਿੰਘ ਦੇ ਚਿਤਰ ਤੇ ਲੇਖ ਵਾਲਾ ਮਿਲਿਆ। ਦੋਵੇਂ ਲੇਖ ਅਤੇ ਟਾਈਟਲ ਪਿਛਲਾ ਚਿਤਰ ਦੇਖ ਕੇ ਜੀ ਨਿਹਾਲ ਹੋ ਗਿਆ।

ਪਿਛਲੇ ਟਾਈਟਲ ਦੇ ਦੋਹੀਂ ਪਾਸੀਂ ਤਸਵੀਰਾਂ ਪੂਰੀਆਂ ਖਬਰਾਂ ਦਿੱਸੀਆਂ ਆਸ ਹੈ 'ਵਰਿਆਮ' ਸਦਾ ਚੜ੍ਹਦੀ ਕਲਾ ਵਿਚ ਰਹੇਗਾ।

"ਮੈਨੂੰ ਨਾਮਧਾਰੀ ਕਿਉਂ ਚੰਗੇ ਲੱਗਦੇ ਹਨ" ਲੇਖ ਵਰ੍ਹਾ ਕੁ ਪਹਿਲਾਂ ਵਰਿਆਮ ਵਿਚ ਛਪਿਆ ਸੀ। ਉਦੋਂ ਕੁਝ ਪਾਠਕਾਂ ਦੀਆਂ ਚਿੱਠੀਆਂ ਵੀ ਪ੍ਰਸ਼ੰਸਾ ਵਜੋਂ ਆਈਆਂ।

*—ਕਿਰਪਾਲ ਸਿੰਘ ਆਜ਼ਾਦ*

ਦਸੰਬਰ ਅੰਕ ਵਿਚ ਸ਼ਹੀਦ ਖੁਦੀ ਰਾਮ ਬੋਸ ਦੀ ਸ਼ਹਾਦਤ ਦੀ ਕਥਾ ਨਿਸੰਦੇਹ ਅਤਿਪ੍ਰੇਰਨਾ ਦਾਇਕ ਸੀ। ਨਿੱਕੀ ਉਮਰੇ ਵੱਡੀਆਂ ਮੱਲਾਂ ਮਾਰਨ ਵਾਲੇ ਸ਼ਹੀਦ ਖੁਦੀ ਰਾਮ ਬੋਸ ਦੇ ਬਾਰੇ ਵਿਚ ਜਰਨੈਲ ਸਿੰਘ ਬੱਧਣ ਜੀ ਦਾ ਲੇਖ ਬਹੁਤ ਵਧੀਆ ਲੱਗਾ। ਉਸ ਤੋਂ ਵੀ ਵਧੀਆ ਲੱਗਾ ਵਰਿਆਮ ਦਾ ਮੁਖ ਸਫ਼ਾ ਸ਼ਹੀਦ ਖੁਦੀ ਰਾਮ ਦੀ ਫੋਟੋ ਵਾਲਾ। ਬੰਗਾਲੀਆਂ ਦੇ ਸਰਾਭੇ ਨੂੰ ਪੰਜਾਬੀਆਂ ਦੀ ਬੇਮਿਸਾਲ ਸ਼ਰਧਾਂਜਲੀ।

ਸ. ਸੁਵਰਨ ਸਿੰਘ ਵਿਰਕ ਜੀ ਦੀ ਲੜੀ ਕੂਕਾ ਲਹਿਰ ਦੇ ਅਮਰ ਨਾਇਕ ਵਿਚ ਮਸਤਾਨੀ ਬਿਰਤੀ ਵਾਲਾ ਸੂਬਾ ਮਲੂਕ ਸਿੰਘ ਫੂਲੇਵਾਲ ਵਿਚ ਵਿਰਕ ਜੀ ਦਾ ਦਰਦ ਕਿ ਕੂਕਾ ਲਹਿਰ ਨੂੰ ਕੇਂਦਰ ਸਰਕਾਰਾਂ ਅਜ਼ਾਦੀ ਸੰਗਰਾਮ ਮੰਨਣ ਲਈ ਰਾਜ਼ੀ ਨਹੀਂ ਹਨ। ਕਾਰਣ ਹੈ ਕਿ ਮਹਾਤਮਾ ਗਾਂਧੀ ਵਲੋਂ ਸ਼ੁਰੂ ਕੀਤੀ ਨਾਮਿਲਵਰਤਨ ਲਹਿਰ ਕੂਕਾ ਲਹਿਰ ਦੀ ਦੇਣ ਸੀ। ਅਗਰ ਕੂਕਾ ਲਹਿਰ ਨੂੰ ਆਜ਼ਾਦੀ ਦੀ ਲਹਿਰ ਮੰਨ ਲਿਆ ਜਾਂਦਾ ਤਾਂ ਗਾਂਧੀ ਜੀ ਦਾ ਕੀ ਹੁੰਦਾ? ਜਦਕਿ ਇਸ ਦੇ ਉਲਟ ਨਿਰੋਲ ਧਾਰਮਿਕ ਲਹਿਰ ਅਕਾਲੀ-ਲਹਿਰ ਦੇ ਗੁਰੂਦਵਾਰਾ ਮੁਕਤ ਕਰਵਾਉਣ ਵਾਲੀ ਲਹਿਰ ਨੂੰ ਆਜ਼ਾਦੀ ਦੀ ਲਹਿਰ ਮੰਨ ਲਿਆ- ਖੁਦ ਗਾਂਧੀ ਜੀ ਨੇ। ਇਸ ਹਮਾਮ ਵਿਚ ਸਭ ਨੰਗੇ ਹਨ। ਗਾਂਧੀ ਜੀ ਵੀ ਦੁੱਧ ਦੇ ਧੋਤੇ ਨਹੀਂ ਸਨ।

*—ਡਾ. ਤਰਨ ਸਿੰਘ ਪ੍ਰਧਾਨ*
*ਸ਼ਹੀਦੇ ਆਜ਼ਮ ਭਗਤ ਸਿੰਘ ਫਾਊਂਡੇਸ਼ਨ (ਰਜਿ.) ਜੰਮੂ*

ਧੰਨਵਾਦ! ਅਤੇ ਵਧਾਈਆਂ!! ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਅੰਕ ਬਹੁਤ ਹੀ ਆਕਰਸ਼ਿਤ ਅਤੇ ਪ੍ਰਭਾਵਸ਼ਾਲੀ ਸੀ। ਇਸ ਲਈ ਆਪ ਜੀ ਦੀ ਮਿਹਨਤ ਦੀ ਦਾਦ ਦੇਣਾ ਸਾਡਾ (ਪਾਠਕਾਂ) ਦਾ ਫਰਜ ਬਣਦਾ ਹੈ ਖਾਸ ਤੌਰ ਤੇ ਇਤਿਹਾਸਕ ਤਸਵੀਰਾਂ ਅਤੇ ਕਥਨਾਂ ਲੇਖਾਂ ਦਾ ਇਹ ਸੰਗ੍ਰਿਹ ਇਕ ਦਸਤਾਵੇਜ਼ ਹੋ ਨਿਬੜਿਆ ਹੈ।

ਇਸ ਤੋਂ ਅਗਲਾ ਅੰਕ ਦਸੰਬਰ ੨੦੦੮ ਦਾ ਅੰਕ ਵੀ ਦਸਤਾਵੇਜ਼ੀ ਅੰਕ ਹੈ। ਖੁਦੀ ਰਾਮ ਬੋਸ ਬਾਰੇ ਲੇਖ ਬਹੁਤ ਹੀ ਰੋਚਿਕ ਤੇ ਖੋਜ ਭਰਪੂਰ ਹੈ। ਸੰਤ ਚੂਹੜ ਸਿੰਘ ਥੱਜੋਂ ਦੀ ਆਪ-ਬੀਤੀ ਬਹੁਤ ਹੀ ਰੌਚਿਕ ਅਤੇ ਜਾਣਕਾਰੀ ਭਰਪੂਰ ਹੈ ਕਿਤੇ-



Namdhari Elibrary NamdhariElibrary@gmail.com

ਕਿਤੇ ਆਪ ਜੀ ਦੇ ਚੇਤੇ ਦੀ ਪਟਾਰੀ ਵਿਚੋਂ ਨਾਮ ਵਿਸਰੇ ਹੋਏ ਹਨ ਜੀ ਜਿਵੇਂ ਕਿ, ਪੰਨਾ ੨੯ ਆਖਰੀ ਸਤਰਾਂ – "...ਇਕ ਨੌਜਵਾਨ ਨਾਲ ਸ੍ਰੀ ਸਤਿਗੁਰੂ ਜੀ ਹਾਸਾ ਮਜ਼ਾਕ ਕਰਨ ਲੱਗਿਆਂ"..... ਇਹ ਨੌਜਵਾਨ ਹੋਰ ਕੋਈ ਨਹੀਂ ਸੀ ਇਹ ਨੌਜਵਾਨ ਆਪ (ਸੰਤ ਜਗਦੀਸ਼ ਸਿੰਘ ਵਰਿਆਮ) ਜੀ ਸੋ ਅਤੇ ਜਦੋਂ ਕੜਾਹ ਪ੍ਰਸਾਦਿ ਵਰਤਾਇਆ ਤਦ ਵੀ ਸਾਨੂੰ (ਦਾਸ ਆਪ ਜੀ ਦੇ ਸਾਥ ਸੀ) ਦੋਹਰੇ ਗੱਫੇ ਦਿੱਤੇ ਅਤੇ ਪਹਿਲਵਾਨ ਕਰਤਾਰ ਸਿੰਘ ਨੂੰ (ਸੋਟਾ) ਖੂੰਡਾ ਦੇ ਕੇ ਸਾਡੇ ਪਿਛੇ ਖੜਾ ਕਰ ਦਿੱਤਾ ਸੀ ਉਸ ਨੂੰ ਸਖਤ ਹੁਕਮ ਸੀ ਕਿ ਇਹ ਖਾਧਿਆਂ ਬਿਨਾਂ ਨਾ ਉਠਣ ਅਗੇ ਚੱਲ ਕੇ ਪੰਨਾ ੩੦ ਉਪਰ ਜਿਥੇ "ਇਕ ਸਿਖ ਜੋ ਕਾਫੀ ਲੰਬਾ ਸੀ" ਉਹ ਸੰਤ ਗੁਰਭਜਨ ਸਿੰਘ ਜੀ ਸਨ। ਦਾਸ ਉਸ ਸਮੇਂ ਵੀ ਸਾਥ ਸੀ ਇਹ ਵਾਕਿਆ ਵੀ ਅੱਖੀਂ ਡਿੱਠਾ ਹੋਇਆ ਹੈ। ਉਸ ਘਟਨਾ ਤੋਂ ਪਹਿਲਾਂ ਸ੍ਰੀ ਭੈਣੀ ਸਾਹਿਬ ਤੋਂ ਚਲਣ ਲਗਿਆਂ ਦਾ ਇਕ ਵਾਕਿਆ ਹੈ ਸਾਨੂੰ ਸਾਰਿਆਂ ਸੇਵਕਾਂ ਨੂੰ ਹੁਕਮ ਹੋਇਆ ਕਿ ੨੦ ਮਿੰਟਾਂ ਵਿਚ ਗੱਡੀਆਂ ਵਿਚ ਬੈਠੇ ਚਾਹੀਦੇ ਹੋ ਪ੍ਰੰਤੂ ਸੰਤ ਸਵਰਨ ਸਿੰਘ ਜੀ ਸਨੇਹੀ ਜੀ ਪੂਰੇ ੧ ਘੰਟਾ ੨੦ ਮਿੰਟ ਲੇਟ ਆਏ। ਸੰਤ ਗੁਰਭਜਨ ਸਿੰਘ ਜੀ ਨੇ ਸਤਿਗੁਰਾਂ ਜੀ ਪਾਸ ਇਤਰਾਜ਼ ਕੀਤਾ 'ਜੇ ਅਸੀਂ ਲੇਟ ਹੋ ਜਾਂਦੇ ਤਦ ਆਪ ਜੀ ਨੇ ਸਾਨੂੰ ਛੱਡ ਕੇ ਚਲੇ ਜਾਣਾ ਸੀ।' ਸਚੇ ਪਾਤਸ਼ਾਹ ਜੀ ਨੇ ਪਵਿੱਤਰ ਮੁਖਾਰਵਿੰਦ ਤੋਂ ਬਚਨ ਕੀਤਾ "ਇਸ ਦਾ ਨਾਮ ਸਨੇਹੀ ਹੈ, ਮੇਰਾ ਵੀ ਸਨ-ਏਹੀ ਹੈ।" ਸਾਰੇ ਗੱਡੀਆਂ ਵਿਚ ਬੈਠ ਗਏ।

ਬਾਕੀ ਸੁਵਰਨ ਸਿੰਘ ਵਿਰਕ ਜੀ ਦਾ ਲੇਖ ਬਹੁਤ ਹੀ ਇਤਿਹਾਸਕ ਖੋਜ ਭਰਪੂਰ ਜਾਣਕਾਰੀ ਦਿੰਦਾ ਹੋਇਆ ਆਪਣੇ ਲੇਖ ਦੇ ਨਾਇਕ ਨਾਲ ਪੂਰੀ ਇਨਸਾਫੀ ਕਰਦਾ ਬਹੁਤ ਉੱਚ ਪੱਧਰ ਦੀ ਲਿਖਤ ਹੈ। ਜਿਥੇ ਵਿਰਕ ਜੀ ਨੇ ਡਾ. ਫੌਜਾ ਸਿੰਘ ਬਾਜਵਾ ਜੀ ਦੀ ਪੜਚੋਲਵੀਂ ਦਲੀਲ ਦਾ ਜ਼ਿਕਰ ਕੀਤਾ ਹੈ ਉਹਨਾਂ ਨੂੰ ਕੂਕੇ ਸਿੰਘਾਂ ਦੇ ਅੰਦੋਲਨ ਨੂੰ ਰਾਸ਼ਟਰੀ ਪੱਧਰ ਆਜ਼ਾਦੀ ਦੀ ਲਹਿਰ ਦਾ ਦਰਜਾ ਦੇਣ ਲਈ ਆਖਰ ਤੱਕ ਕਈ ਤਰ੍ਹਾਂ ਦੇ ਕਸ਼ਟ ਤੇ ਤਸੀਹੇ ਸਹਿਣੇ ਪਏ ਅੰਤ ਡਾਕਟਰ ਸਾਹਿਬ ਸਦਮੇ ਅਤੇ ਧਮਕੀਆਂ ਦੇ ਸਹਿਮ ਨਾਲ ਹੀ ਸੁਰਗਵਾਸ ਹੋ ਗਏ। ਡਾ. ਫੌਜਾ ਸਿੰਘ ਦਾ ਹੀ ਨਹੀਂ, ਦਾਸ ਦਾ ਵੀ ਵਿਚਾਰ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਮਨੁੱਖਤਾ ਦੀ ਆਜ਼ਾਦੀ ਦਾ ਦਿੱਤਾ ਸੰਦੇਸ਼ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰਬੰਸ ਵਾਰ ਸਾਰੀ ਮਨੁੱਖਤਾ ਦੀ ਆਜ਼ਾਦੀ-ਧਾਰਮਿਕ ਹੀ ਨਹੀਂ ਸਗੋਂ ਰਾਜਨੀਤਿਕ ਅਤੇ ਸਮਾਜਿਕ ਸਮੁੱਚੀ ਆਜ਼ਾਦੀ ਲਈ ਜੂਝਣ ਦੀ ਜੋ ਗੁੜ੍ਹਤੀ ਦਿੱਤੀ ਸੀ ਉਸ ਨੂੰ ਖਾਲਸੇ ਨੇ ਜਦੋਂ ਰਾਜ ਭਾਗ (ਖਾਲਸਾ ਰਾਜ) ਦੇ ਨਸ਼ੇ ਵਿਚ 'ਕੁਰਾਹ ਆਣ ਮਲਿਆ' ਉਸ ਸਮੇਂ ਹਿੰਦੋਸਤਾਨ ਦੇ ਉਸ ਖਿੱਤੇ ਵਿਚੋਂ ਜਿਥੇ ਮਹਾਂਭਾਰਤ (ਸੱਚ-ਝੂਠ, ਜ਼ੁਲਮ-ਨਿਆਂ) ਦੀ ਲੜਾਈ ਹੋਈ ਸੀ ਉਥੋਂ ਉਸ ਸਲਤਨਤ ਵਿਰੁੱਧ ਆਵਾਜ਼ ਬੁਲੰਦ ਕੀਤੀ ਜਿਸ ਦੀ ਛਤਰ ਛਾਇਆ ਹੇਠ ਸੂਰਜ ਨਹੀਂ ਸੀ ਛਿੱਪਦਾ। ਉਹਨਾਂ ਦੀਆਂ ਸਿਖਿਆਵਾਂ (ਨੀਤੀਆਂ) ਤੇ ਚਲ ਕੇ ਮਹਾਤਮਾ ਗਾਂਧੀ ਅਤੇ ਅੱਜ ਦੇ ਯੁੱਗ ਵਿਚ ਨੈਲਸਨ ਮੰਡੇਲਾ ਨੇ ਆਜ਼ਾਦੀ ਹਾਸਲ ਕੀਤੀ ਹੈ। ਅੰਗਰੇਜ਼ੀ ਇਤਿਹਾਸ ਵਿਚ Freedom ਆਜ਼ਾਦੀ ਸ਼ਬਦ ਪਹਿਲੀ ਵਾਰ Emnuel Kant ਨੇ ੧੮੮੦ A.D. ਵਿਚ (ਲਿਖਿਆ) ਲਿਆਂਦਾ ਉਸ ਤੋਂ ਪਹਿਲਾਂ Liberty ਸ਼ਬਦ ਵਰਤਿਆ ਜਾਂਦਾ ਸੀ ਪ੍ਰੰਤੂ ਅਗੋਂ ਸ੍ਰੀ ਗੁਰੂ ਰਾਮ ਸਿੰਘ ਜੀ ਨੇ ਉਸ ਅੰਗਰੇਜ਼ੀ ਸਾਮਰਾਜ ਨੂੰ ਜੋ ਚੈਲਿੰਜ ਹੀ ਨਹੀਂ ਕੀਤਾ ਸਗੋਂ ਸਤਿਗੁਰਾਂ ਦੇ ਸਿੰਘਾਂ ਨੇ ਆਖਿਆ, "ਬਿਲਿਆ ਮੂੰਹ ਸਿੱਧਾ ਕਰ..... ਅਸੀਂ ਉਦੋਂ ਤੱਕ ਜਨਮ ਧਾਰ ਧਾਰ ਕੇ ਆਉਂਦੇ ਰਹਾਂਗੇ ਜਦੋਂ ਤਕ ਤੇਰੀ ਗੁਲਾਮੀ ਵਾਲਾ ਰਾਜ ਖਤਮ ਨਹੀਂ ਕਰ ਦਿੰਦੇ।" ਇਸ ਵਿਸ਼ੇ ਤੇ ਬਹੁਤ ਸਬੂਤ ਦਿੱਤੇ ਜਾ ਸਕਦੇ ਹਨ ਪ੍ਰੰਤੂ ਜਗ੍ਹਾ ਦੀ ਘਾਟ ਕਰਕੇ ਦਾਸ ਮੁਆਫੀ ਚਾਹੁੰਦਾ ਹੈ। ਭੁਲ ਚੁੱਕ ਦੀ ਖਿਮਾ ਜੀ।

*—ਸੁਰਜੀਤ ਸਿੰਘ ਜੀਤ*
*੩੯-ਮਾਰਗੇਰੀ ਪਾਰਕ ਰੋਡ,*
*ਫੋਰੈਸਟ ਗੇਟ, ਲੰਡਨ*

ਕੂਕਾ ਲਹਿਰ ਦੇ ਸ਼ਹੀਦਾਂ ਨੂੰ ਅਤੇ ਜੱਲ੍ਹਿਆਂਵਾਲੇ ਬਾਗ ਵਿਚ ਸ਼ਹੀਦ ਹੋਏ ਦੇਸ਼ਵਾਸੀਆਂ ਨੂੰ ਕੌਮੀ ਸ਼ਹੀਦਾਂ ਵਿਚ ਸ਼ੁਮਾਰ ਕਰਨ ਦੀ ਖ਼ਬਰ ਸੁਣ ਕੇ ਤਸੱਲੀ ਹੋਈ। ਇਹ ਕਾਰਜ ਬਹੁਤ ਚਿਰ ਪਹਿਲਾਂ ਹੋ ਜਾਣਾ ਚਾਹੀਦਾ ਸੀ। ਪਰ ਅਫਸੋਸ ਇਹ ਹੈ ਕਿ ਏਥੇ ਹਰ ਕੰਮ ਵਿਚ ਸਿਆਸਤ ਦਖਲ ਦਿੰਦੀ ਹੈ। ਕਈ ਵਾਰੀ ਸੋਨੇ ਤੇ ਮੁਲੰਮੇ ਵਿਚ ਫਰਕ ਮਾਲੂਮ ਕਰਨਾ ਵੀ ਮੁਸ਼ਕਿਲ ਜਾਪਣ ਲੱਗਦਾ ਹੈ। ਹੌਲੀ ਹੌਲੀ ਸੱਚ ਸਾਮ੍ਹਣੇ ਆ ਹੀ ਜਾਂਦਾ ਹੈ। ਸੋ ਇਸ ਮੌਕੇ ਏਹੀ ਕਹਿ ਸਕਦੇ ਹਾਂ ਕਿ ਦੇਰ ਆਏ, ਦਰੁੱਸਤ ਆਏ!

*—ਨਵਰਾਹੀ ਘੁਗਿਆਣਵੀ*
*ਪ੍ਰਧਾਨ ਪੰਜਾਬੀ ਸਾਹਿਤ ਸਭਾ, ਫਰੀਦਕੋਟ*

ਪਰਚਾ ਬਰਾਬਰ ਮਿਲ ਰਿਹਾ ਹੈ। ਕਈ ਵਾਰ ਤਾਂ ਪਰਚਾ ਦੇਖ ਕੇ ਪਤਾ ਲੱਗਦਾ ਹੈ ਕਿ ਮਹੀਨਾ ਬਦਲ ਗਿਆ ਹੈ। ਯਾਨੀ ਅੱਜ ਪਹਿਲੀ ਤਰੀਕ ਹੈ। ਏਨਾ ਰੈਗੂਲਰ ਹੋਣਾ ਤੁਹਾਡੀ ਲਗਨ, ਦਰਿੜਤਾ ਅਤੇ ਸੁਹਿਰਦਤਾ ਨੂੰ ਦਰਸਾਉਂਦਾ ਹੈ ਕਿ ਤੁਸੀਂ ਸਮੇਂ ਦੀ ਕਿੰਨੀ ਕਦਰ ਕਰਦੇ ਹੋ। ਪੰਜਾਬੀ ਲਈ ਵੀ ਤੁਸੀਂ ਕਿੰਨੀ ਲਗਨ ਅਤੇ ਉਤਸ਼ਾਹ ਨਾਲ ਕੰਮ ਕਰ ਰਹੇ ਹੋ। ਵਾਹਿਗੁਰੂ ਤੁਹਾਨੂੰ ਹੋਰ ਉਚੀਆਂ ਉਡਾਰੀਆਂ ਲਾਉਣ ਦੀ ਸਮਰਥਾ ਬਖਸ਼ੇ।

*ਇੰਦਰਜੀਤ ਹਸਨਪੁਰੀ*

ਵਰਿਆਮ ਦਾ ਜਨਵਰੀ ੨੦੦੯ ਅੰਕ ਪਹਿਲੇ ਪੰਨੇ ਤੇ



Namdhari Elibrary NamdhariElibrary@gmail.com

ਛਪੀ ਰੰਗਦਾਰ ਤਸਵੀਰ ਨਾਮਧਾਰੀ ਸ਼ਹੀਦੀ ਸਮਾਰਕ ਮਲੇਰਕੋਟਲਾ ਵੇਖ ਕੇ ਮੈਂ ਪੱਟੀ ਨੇ ਸ. ਜਗਦੀਸ਼ ਸਿੰਘ ਵਰਿਆਮ ਮੁੱਖ ਸੰਪਾਦਕ ਨਾਲ ੧੦ ਜਨਵਰੀ ਦੁਪਿਹਰੇ ਦੋ ਕੁ ਵਜੇ ਦਫਤਰ ਪ੍ਰਸੰਸਾ ਕੀਤੀ ਕਿ ਇਹ ਅੰਕ ਮਿਆਰੀ ਤੇ ਵਧੇਰੇ ਯਾਦਗਾਰੀ ਹੈ ਕਿਉਂਕਿ ਇਸ ਵਿਚ ਤੁਸੀਂ ਸੰਸਦ ਭਵਨ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਅਜ਼ਾਦੀ ਸੰਗਰਾਮੀ ਦੀ ਤਸਵੀਰ ਵਾਲੀ ਫੋਟੋ ਛਾਪੀ ਹੈ ਜਿਸ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਵੀ ਵੀਲ ਚੇਅਰ ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਨਜ਼ਰ ਆ ਰਹੇ ਸਨ। ਸੰਸਦ ਭਵਨ 'ਚ ਸਤਿਗੁਰੂ ਸ. ਪ੍ਰਕਾਸ਼ ਸਿੰਘ ਬਾਦਲ ਦੇ ਚਿੱਠੀ ਸੰਘਰਸ਼ ਨੂੰ ਅਜੀਤ ਨੇ ਬਾਖੂਬ ਛਾਪਿਆ ਜਿਸਦਾ ਕਿ ਹਵਾਲਾ ਵਰਿਆਮ ਦੇ ਪਵੇਂ ਪੰਨੇ ਤੇ ਹੈ। ੭ਵੇਂ ਪੰਨੇ ਤੇ ਡਾ. ਬਰਜਿੰਦਰ ਸਿੰਘ ਹਮਦਰਦ ਦੀ ਸੰਪਾਦਕੀ ਵਿਚ ਅਜ਼ਾਦੀ ਲਈ ਕਾਂਗਰਸ ਸੰਘਰਸ਼, ਕੂਕਾ ਲਹਿਰ, ਗਦਰ ਲਹਿਰ ਤੇ ਸ਼ਹੀਦ ਭਗਤ ਸਿੰਘ ਦਾ ਇਤਿਹਾਸਕ ਜ਼ਿਕਰ ਅਰਥ ਤੇ ਖੋਜ ਭਰਪੂਰ ਹੈ। ਡਾ. ਹਮਦਰਦ ਸਾਹਿਬ ਮੇਰੇ ਵੀ ਪੱਤਰਕਾਰੀ ਦੇ ਗੁਰੂ ਹਨ। ਉਹਨਾਂ ਮਲੇਰਕੋਟਲੇ "ਕੂਕਿਆਂ ਦੀ ਸ਼ਹੀਦੀ ਦਾ ਵੀ ਵਰਨਣ ਕੀਤਾ।" ਚੋਣਵੇਂ ਸ਼ੇਅਰਾਂ ਵਿਚ ਮੈਨੂੰ ਮੁਰਸ਼ਦ ਬੁਟਰਵੀ ਦਾ ਵਿਅੰਗ ਟੁੰਬ ਗਿਆ ਹੈ ਕਿ "ਰੱਜੇ ਲੋਕਾਂ ਰੱਜ ਕੇ ਭੁੱਖ ਖਿਲਾਰੀ ਹੈ, ਭੁੱਖੇ ਲੋਕਾਂ ਰਜ ਕੇ ਸਿਦਕ ਵਿਖਾਇਆ ਹੈ। ਪ੍ਰਿ. ਕਾਲੜਾ ਦੀ ਗ਼ਜ਼ਲ ਧਿਆਨ ਖਿਚਦੀ ਹੈ ਕਿ ਕਿਸ ਮਾਂ ਨੇ ਈਸਾ ਵਰਗਾ ਪੁੱਤ ਜੰਮਣਾ ਹੈ। ਸਰਬਜੀਤ ਦਰਦੀ ਦੀ ਦਰਦ ਭਰੀ ਆਹਟ 'ਅੱਜ ਤੱਕ ਨਾ ਜੋ ਬਹੁੜੇ, ਉਹਨਾਂ ਉਸ ਵੇਲੇ ਦੀ ਆਉਣਾ ਜਦ ਅਰਥੀ ਨੂੰ ਮੋਢਾ ਦਿੱਤਾ ਰਲ ਕੇ ਚਾਰ ਭਰਾਵਾਂ ਨੇ' ਜਰਨੈਲ ਬੱਧਣ ਨਜ਼ਮ ਜਿਨ੍ਹਾਂ ਗੀਤਾਂ ਨੂੰ ਸੁਣਦਿਆਂ ਸ਼ਰਮ ਆਵੇ ਧੀਆਂ ਤੋਂ ਨੂੰ ਉਹ ਸੁਣਾਂਦੀ ਜਾਂਦਾ ਅਜੋਕੇ ਲਚਰ ਲੇਖਕਾਂ ਤੇ ਗਾਇਕਾਂ ਨੂੰ ਇਹ ਸਤਰਾਂ ਝੰਜੋੜ ਦੀਆਂ ਹਨ। ਤੂਰ ਦੀ ਹਕੀਕਤ ਹੈ ਕਿ ਨਾ ਇਨਕਲਾਬ ਕੋਈ ਗੋਬਿੰਦ ਗੁਰੂ ਤੋਂ ਵੱਡਾ। ਵਰਿਆਮ ਵਿਚ ਗ਼ਜ਼ਲ ਗੋ ਸੁਖਵੰਤ ਪੱਟੀ ਦੀ ਸਪੁੱਤਰੀ ਮਨਪ੍ਰੀਤ ਕੌਰ ਦੀ ਸ਼ਾਦੀ ਵਾਲੀ ਤਸਵੀਰ ਵੇਖ ਕੇ ਮੈਨੂੰ ਮਾਝੇ ਦੀ ਧੁੰਨੀ ਪੱਟੀ ਚੇਤੇ ਆ ਗਈ ਜਿਥੋਂ ਮੈਂ ਸ਼ਾਇਰੀ ੧੯੭੯ ਵਿਚ ਆਰੰਭੀ ਸੀ ਤੇ ਅਜੇ ਜਾਰੀ ਹੈ, ਪੱਟੀ ਦੀ ਪਵਿੱਤਰ ਧਰਤੀ ਨੂੰ ਮੇਰੀ ਕਵਿਤਾ ਹੈ-"ਪੱਟੀ ਦੀ ਪਵਿੱਤਰ ਧਰਤੀ ਨੂੰ ਇਨਕਲਾਬੀ। ਕਲਮ ਦਾ ਸਲਾਮ ਹੈ। ਪੱਟੀ ਨਾਲ ਹੀ ਜੁੜਿਆ ਮੇਰਾ ਅਮਰ ਨਾਮ ਹੈ। ਨਿਰਮਲ ਅਰਪਨ ਮੇਰੀ ਸ਼ਾਇਰੀ ਦਾ ਮੁਕਾਮ ਹੈ, ਪੱਟੀ ਦੇ ਲੋਕਾਂ ਬਖਸ਼ਿਆ ਜੂਝਨਾ ਸੰਗਰਾਮ ਹੈ, ਪੱਟੀ ਬਾਬੇ ਨਾਨਕ ਫੇਰੀ ਦਾ ਵਿਖਿਆਨ ਹੈ।" ਐਚ ਐਮ ਵੀ ਜਲੰਧਰ ਵਿਚ ਸ. ਜਗਦੀਸ਼ ਸਿੰਘ ਵਰਿਆਮ ਦੀ ਕੂਕਾ ਸਮਾਰੋਹ ਨੂੰ ਸੰਬੋਧਨ ਤਸਵੀਰ ਪ੍ਰਭਾਵਸ਼ਾਲੀ ਹੈ।

*—ਕੁਲਦੀਪ ਸਿੰਘ ਪੱਟੀ (ਦੀਪ ਅਲੋਪ)*

*੬੪੪ ਮੋਰੀ ਮਹੱਲਾ ਬਹਾਦਰਪੁਰ (ਹੁਸ਼ਿਆਰਪੁਰ)*

ਤੁਸੀਂ ਸਾਡੇ ਬਜ਼ੁਰਗ ਵੀ ਹੋ ਤੇ ਦੋਸਤ ਵੀ। ਤੁਸੀਂ ਵੱਡਿਆਂ ਨਾਲ ਵੱਡੇ ਤੇ ਬੱਚਿਆਂ ਨਾਲ ਬਚੇ ਵੀ ਹੋ। ਤੁਸੀਂ ਇਕ ਅੱਛੇ ਲੇਖਕ ਹੀ ਨਹੀਂ, ਅੱਛੇ ਇਨਸਾਨ ਵੀ ਹੋ। ਤੁਸੀਂ ਅਛਾਈ ਦੀ ਇਕ ਜੀਂਦੀ ਜਾਗਦੀ ਮਿਸਾਲ ਹੋ। ਤੁਹਾਡੇ ਕਈ ਲੇਖ ਵੀ ਪੜ੍ਹੇ ਨੇ ਤੁਹਾਡੀ ਖਾਸ ਕਿਤਾਬ 'ਖਿਲਰੇ ਪੱਤਰੇ', ਤੁਹਾਡੀ ਜੀਵਨੀ ਪੜ੍ਹ ਕੇ ਇੰਜ ਲੱਗਾ ਕਿ ਮੈਂ ਸੱਚਮੁੱਚ ਹੀ ਆਪਣੇ ਬਚਪਣ ਵਿਚ ਚਲਾ ਗਿਆ ਹਾਂ। ਮੈਂ ਪਾਕਿਸਤਾਨ ਨਹੀਂ ਦੇਖਿਆ ਪਰ ਤੁਸਾਂ ਮੈਨੂੰ ਦਿਖਾ ਦਿੱਤਾ। ਤੁਹਾਨੂੰ ਅਸੀਂ ਬਚਪਣ ਤੋਂ ਜਾਣਦੇ ਹਾਂ ਪਰ ਤੁਹਾਨੂੰ ਜਾਨਣ ਦਾ ਮੌਕਾ ਹੁਣ ਮਿਲਿਆ। ਤੁਸੀਂ ਆਪਣੇ ਆਪ ਵਿਚ ਇਕ ਅਜਿਹਾ ਗ੍ਰੰਥ ਹੋ ਜਿਹੜਾ ਕਦੀ ਖਤਮ ਨਹੀਂ ਹੋ ਸਕਦਾ। ਤੁਸੀਂ ਹਾਲੇ ਵੀ ਜਵਾਨ ਹੋ, ਸਰੀਰ ਦੀ ਛੱਡੋ ਦਿਲ ਤੇ ਦਿਮਾਗ ਤੋਂ। ਖੈਰ ਇਹ ਤਾਂ ਸੀ ਤੁਹਾਡੀ ਗੱਲ। ਹੁਣ ਅਸੀਂ ਉਸ ਮੁੱਦੇ ਤੇ ਆਉਂਦਾ ਹਾਂ ਜਿਸ ਕਰਕੇ ਮੈਨੂੰ ਇਹ ਖ਼ਤ ਲਿਖਣਾ ਪਿਆ। ਮੇਰੀ ਲਿਖਾਈ ਤੇ ਨਾ ਜਾਓ। ਮੈਂ ਪੰਜਾਬੀ ਬੜੀ ਦੇਰ ਬਾਦ ਲਿਖ ਰਿਹਾ ਹਾਂ। ਮੈਂ ਤੁਹਾਡੇ ਨਾਲ ਨਰਾਜ਼ ਵੀ ਹਾਂ ਤੇ ਨਹੀਂ ਵੀ। ਮੈਂ ਵਰਿਆਮ ਦਾ ਸਤਿਗੁਰੂ ਜਗਜੀਤ ਸਿੰਘ ਅੰਕ ਵੇਖਿਆ ਅਤੇ ਪੜ੍ਹਿਆ। ਮੈਨੂੰ ਬੜਾ ਹੀ ਚੰਗਾ ਲੱਗਾ। ਇਸ ਦੀ ਜਿਲਦ ਇਸ ਦਾ ਪੇਪਰ, ਇਸਦੀਆਂ ਤਸਵੀਰਾਂ, ਲੇਖ ਤੇ ਐਡਵਰਟਾਈਜ਼ਮੈਂਟ, ਖਾਸ ਕਰਕੇ ਮੈਟੀਰੀਅਲ, ਉਸ ਦੀ ਪ੍ਰਿੰਟਿੰਗ ਪਰ ਉਸ ਵਿਚ ਮੈਨੂੰ ਹਿੱਸਾ ਪਾਣ ਦਾ ਮੌਕਾ ਨਹੀਂ ਦਿੱਤਾ ਤੁਸੀਂ।...ਤੁਸੀਂ ਜਿਸ ਤਰ੍ਹਾਂ, ਮੈਨੂੰ ਦੱਸਿਆ ਸੀ ਕਿ "ਅਸੀਂ ਪਹਿਲੇ ਹੀ ਇਸ ਬਾਰੇ ਵਰਿਆਮ ਵਿਚ ਛਾਪ ਚੁੱਕੇ ਹਾਂ" ਮੈਂ ਨਹੀਂ ਦੇਖਿਆ। ਮੇਰੀ ਹੀ ਗਲਤੀ ਹੋ ਸਕਦੀ ਹੈ ਪਰ ਤੁਸੀਂ ਮੈਨੂੰ ਜਾਣਦੇ ਹੋ। ਸਾਡੀ ਫੋਨ ਤੇ ਵੀ ਗੱਲ ਹੁੰਦੀ ਹੈ, ਮੈਨੂੰ ਦੱਸਣਾ ਚਾਹੀਦਾ ਸੀ। ਮੈਂ ਤੁਹਾਡੇ ਨਾਲ ਇਸ ਕਰਕੇ ਨਾਰਾਜ਼ਗੀ ਜ਼ਾਹਰ ਕੀਤੀ ਹੈ ਮੈਨੂੰ ਤੁਹਾਡੇ ਤੇ ਹੱਕ ਹੈ। ਬੱਚਾ ਸਮਝ ਕੇ ਮਾਫ ਕਰਨਾ। ਬਾਕੀ ਹੁਣ ਖ਼ਤ ਸਮਾਪਤ ਕਰਦਾ ਹਾਂ। ਕੋਈ ਲਿਖਣ ਬੋਲਣ ਵਿਚ ਗਲਤੀ ਹੋਵੇ ਤਾਂ ਮਾਫ ਕਰਨਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੁਹਾਡੀ ਲੰਮੀ ਉਮਰ ਕਰਨ, ਤੰਦਰੁਸਤੀ ਬਖਸ਼ਣ। ਇਸ ਤਰ੍ਹਾਂ ਹੀ ਲਿਖਦੇ ਰਹੋ ਤੁਸੀਂ ਅਤੇ ਅਸੀਂ ਪੜ੍ਹਦੇ ਰਹੀਏ। ਮੇਰਾ ਇਕ ਸੀਰੀਅਲ ਨਵਾਂ ਸਟਾਰ ਪਲੱਸ ਸ਼ੁਕਰਵਾਰ ਤੇ ਸ਼ਨੀਵਾਰ ਰਾਤੀਂ ੧੦ ਵਜੇ ਆਂਦਾ ਹੈ। (ਅਰੇ ਦੀਵਾਨੋਂ ਮੁਝੇ ਪਹਿਚਾਨੋਂ) ਹੋਰ ਵੀ ਕਈ ਨਵੇਂ ਵੀ ਆ ਰਹੇ ਨੇ। ਬਾਕੀ ਤੁਸੀਂ ਅਰਦਾਸ ਕਰੋ ਕਿ ਮੇਰੇ ਤੇ ਵੀ ਮਿਹਰ ਭਰਿਆ ਹੱਥ ਰੱਖਣ। ਇਕ ਸ਼ੇਅਰ ਨਾਲ ਸਮਾਪਤੀ ਕਰਦਾ ਹਾਂ।

ਰਾਸ਼ਿਦ ਤੁਮ ਭੀ ਸੀਖ ਲੋ
ਦੁਨੀਆ ਮੇਂ ਜੀਨੇ ਕਾ ਚਲਨ
ਸਭ ਸੇ ਮਿਲਣਾ ਹਸ ਕਰ
ਸਭ ਸੇ ਮੁਸਕਰਾ ਕੇ ਦੇਖਣਾ

*—ਸੁਰਿੰਦਰ ਸਿੰਘ*

*ਗੋਲਡਨ ਮਿਊਜ਼ਿਕ ਗਰੁੱਪ-ਮੁੰਬਈ।*



Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

# Superior Quality

## SINGLE BARREL

## &

## DOUBLE BARREL

B.L.–12 Bore

# GUNS

# MODERN GUN WORKS

OPP. : INDUSTRIAL ESATE,

JAMMU CANTT.





Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ

ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

Namdhari Sales

10240/54, Library Road, Azad Market, Delhi-110006

Mobile Phone : *S. Charanjit Singh 9810556398*
*S. Satvinder Singh 9811095210*





Namdhari Elibrary NamdhariElibrary@gmail.com



ਸੰਤ ਸੁੰਦਰ ਸਿੰਘ ਜੀ ਗਦਾਈਪੁਰ ਜਲੰਧਰ (ਚਲਾਣਾ ੮-੧੨-੨੦੦੮) ਨਮਿਤ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ੨੦ ਦਸੰਬਰ ੨੦੦੮ ਨੂੰ ਸ੍ਰੀ ਭੈਣੀ ਸਾਹਿਬ ਵਿਚ ਪਿਆ। ਦਸਤਾਰਬੰਦੀ ਉਪਰੰਤ ਸੰਤਾਂ ਦੇ ਸਪੁੱਤਰ ਸੰਤ ਚੰਨਣ ਸਿੰਘ ਰਿਟਾਇਰਡ ਡੀ. ਐਸ. ਪੀ. ਪਾਠ ਪਰਬੰਧਕ ਸਤਿਗੁਰੂ ਜੀ ਦੇ ਹਜ਼ੂਰ ਬੈਠੇ ਹਨ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਵਰੋਸਾਏ ਪ੍ਰਸਿਧ ਤਬਲਾ ਵਾਦਕ, ਸੁਖਵਿੰਦਰ ਸਿੰਘ ਨਾਮਧਾਰੀ (ਪਿੰਕੀ) ਨੇ ਹਰਬਲਭ ਸੰਗੀਤ ਮੇਲੇ ਜਲੰਧਰ ਦੀ ਆਖਰੀ ਸ਼ਾਮ ੨੯ ਦਸੰਬਰ ੨੦੦੮ ਨੂੰ ਆਪਣੇ ਯਾਦਗਾਰੀ ਤਬਲਾ ਵਾਦਨ ਨਾਲ ਸੰਗੀਤ ਸੰਮੇਲਨ ਨੂੰ ਸਿਖਰਾਂ ਤੇ ਪਹੁੰਚਾਇਆ । ਉਪਰੰਤ ਹਰਬਲਭ ਸੰਗੀਤ ਮਹਾਂ ਸਭਾ ਵੱਲੋਂ ਸਨਮਾਨ ਭੇਟ ਕਰਦੇ ਹੋਏ ਸ. ਜਗਦੀਸ਼ ਸਿੰਘ ਸੰਪਾਦਕ ਵਰਿਆਮ



ਇਸ ਅਵਸਰ ਦੀ ਹੋਰ ਤਸਵੀਰ ਵਿਚ ਖੜੇ ਹਨ ਖੱਬਿ ਤੋਂ. ਸ. ਧਰਮਬੀਰ ਸਿੰਘ ਯੂ.ਕੇ. ਬਲਵੰਤ ਸਿੰਘ ਭੈਣੀ ਸਾਹਿਬ, ਜਤਿੰਦਰਪਾਲ ਸਿੰਘ ਚਿੰਕਾ, ਜਗਦੀਸ਼ ਸਿੰਘ ਵਰਿਆਮ, ਸੁਖਦੇਵ ਸਿੰਘ, ਸੁਖਵਿੰਦਰ ਸਿੰਘ ਨਾਮਧਾਰੀ, ਸ.ਸ. ਅਜੀਮਲ ਡਾਇਰੈਕਟਰ ਹਰਬਲਭ ਸੰਗੀਤ ਮਹਾਂ ਸਭਾ, ਪ੍ਰੋ. ਅਮਰ ਸਿੰਘ ਬਰਮਿੰਘਮ ਅਤੇ ਸੁਖਦੇਵ ਸਿੰਘ ਨਾਮਧਾਰੀ ਸ੍ਰੀ ਭੈਣੀ ਸਾਹਿਬ (ਹਾਰਮੋਨੀਅਮ ਤੇ ਨਗਮਾ ਦੇਣ ਵਾਲੇ)

Namdhari Elibrary NamdhariElibrary@gmail.com

Registered No. PB 0016 2009-2011 Monthly Wariam Ladowali Road, Jalandhar - 144 001
Regd. RNI No. 26453/75 February 2009




ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
Namdhari Elibrary 81-2222543, NamdhariElibrary@gmail.com